# ਕੈਨੇਡੀਅਨ ਪੰਜਾਬੀ ਪੋਸਟ

Award winning newspaper | Canadian Punjabi Post

Vol 19 *Issue 06 Monday, January 13, 2020 Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial / Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE Quick & For Top $$$$
GO WITH PRO SELLING GTA FOR 5 YEARS
Hardeep Sivia BROKER 647-970-7374 www.HardeepSivia.com


# ਸਾਰੇ ਕੈਨੇਡੀਅਨ ਸੋਕਗ੍ਰਸਤ ਪਰਿਵਾਰਾਂ ਨਾਲ ਖੜ੍ਹੇ ਹਨ : ਟਰੂਡੋ

ਓਟਵਾ, 12 ਜਨਵਰੀ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਟਰੂਡੋ ਦਾ ਕਹਿਣਾ ਹੈ ਕਿ ਪਿਛਲੇ ਹਫਤੇ ਇਰਾਨ ਵਿੱਚ ਹਾਦਸੇ ਦਾ ਸ਼ਿਕਾਰ ਹੋਏ ਯੂਕਰੇਨੀਆਈ ਜਹਾਜ਼ ਵਿੱਚ ਮਾਰੇ ਗਏ 57 ਕੈਨੇਡੀਅਨਾਂ ਦੇ ਪਰਿਵਾਰਾਂ ਤੋਂ ਉਨ੍ਹਾਂ ਬਾਰੇ ਗੱਲਾਂ ਸੁਣਨ ਤੋਂ ਬਾਅਦ ਦਿਲ ਵਲੂੰਧਰਿਆ ਜਾਂਦਾ ਹੈ। ਐਤਵਾਰ ਨੂੰ ਐਡਮੰਟਨ ਵਿੱਚ ਇੱਕ ਮੈਮੋਰੀਅਲ ਉੱਤੇ ਗੱਲ ਕਰਦਿਆਂ ਟਰੂਡੋ ਨੇ ਆਖਿਆ ਕਿ ਉਨ੍ਹਾਂ ਨੂੰ ਪਤਾ ਲੱਗਿਆ ਹੈ ਕਿ ਇਸ ਹਾਦਸੇ ਵਿੱਚ ਮਾਰੇ ਗਏ ਬਹੁਤੇ ਕੈਨੇਡੀਅਨ ਆਪਣੇ ਪਰਿਵਾਰਾਂ ਲਈ ਕੁੱਝ ਨਵਾਂ ਕਰਨ ਦੀ ਭਾਲ ਵਿੱਚ ਕੈਨੇਡਾ ਆਏ ਸਨ ਪਰ ਹੁਣ ਉਨ੍ਹਾਂ ਦੇ ਪਰਿਵਾਰਾਂ ਕੋਲ ਦੁਖ ਤੇ ਝੋਰੇ ਤੋਂ ਬਿਨਾਂ ਹੋਰ ਕੁੱਝ ਵੀ ਨਹੀਂ ਰਿਹਾ। ਜ਼ਿਕਰਯੋਗ ਹੈ ਕਿ ਬੀਤੇ ਬੁੱਧਵਾਰ ਨੂੰ

## ਪ੍ਰਧਾਨ ਮੰਤਰੀ ਨੇ ਆਖਿਆ ਸਾਨੂੰ ਜਵਾਬ ਚਾਹੀਦਾ ਹੈ



ਤਹਿਰਾਨ ਤੋਂ ਉਡਾਨ ਭਰਨ ਤੋਂ ਕੁੱਝ ਪਲ ਬਾਅਦ ਹੀ ਇਹ ਜਹਾਜ਼ ਇਰਾਨੀ ਮਿਜ਼ਾਈਲ ਦਾ ਨਿਸ਼ਾਨਾ ਬਣ ਗਿਆ ਸੀ। ਇਸ ਜਹਾਜ਼ ਵਿੱਚ ਸਵਾਰ ਸਾਰੇ 176 ਲੋਕ ਮਾਰੇ ਗਏ ਸਨ। ਇਨ੍ਹਾਂ ਵਿੱਚੋਂ 138 ਕੈਨੇਡਾ ਆ ਰਹੇ ਸਨ।

ਦੋ ਤਿੰਨ ਦਿਨ ਆਨਾਕਾਨੀ ਕਰਨ ਤੋਂ ਬਾਅਦ ਆਖਿਰਕਾਰ ਇਰਾਨ ਨੇ ਇਹ ਮੰਨ ਹੀ ਲਿਆ ਕਿ ਜਹਾਜ਼ ਨੂੰ ਉਨ੍ਹਾਂ ਵੱਲੋਂ ਗਲਤੀ ਨਾਲ ਨਿਸ਼ਾਨਾ ਬਣਾਇਆ ਗਿਆ ਹੈ। ਇਰਾਨ ਨੇ ਆਖਿਆ ਕਿ ਇਹ ਸੱਭ ਅਮਰੀਕਾ ਨਾਲ ਵਧੇ ਤਣਾਅ ਤੋਂ ਬਾਅਦ ਹੋਇਆ। ਹਾਲਾਂਕਿ ਇਸ ਹਾਦਸੇ ਨੇ ਇਰਾਨੀ-ਕੈਨੇਡੀਅਨ ਕਮਿਊਨਿਟੀ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਹੁੰਚਾਇਆ ਹੈ ਪਰ ਟਰੂਡੋ ਇਸ ਨੂੰ ਕੈਨੇਡੀਅਨ ਤ੍ਰਾਸਦੀ ਹੀ ਮੰਨਦੇ ਹਨ।

ਟਰੂਡੋ ਨੇ ਦੁਖੀ ਪਰਿਵਾਰਾਂ ਨੂੰ ਹੌਸਲਾ ਦਿੰਦਿਆਂ ਆਖਿਆ ਕਿ ਇਸ ਦਰਦ ਉੱਤੇ ਕੋਈ ਵੀ ਮਲ੍ਹਮ ਨਹੀਂ ਲਾਈ ਜਾ ਸਕਦੀ,

...ਬਾਕੀ ਪੰਨਾ 6 'ਤੇ

## ਗੁਰਦੁਆਰਾ ਮੰਜੀ ਸਾਹਿਬ, ਮਾਣਕ ਦੇਕੇ, ਜ਼ਿਲ੍ਹਾ ਕਸੂਰ



ਕੈਨੇਡੀਅਨ ਪੰਜਾਬੀ ਪੋਸਟ ਵੱਲੋਂ ਪਾਕਿਸਤਾਨੀ ਸਕਾਲਰ ਅਤੇ ਖੋਜੀ ਮੁਹੰਮਦ ਇਕਬਾਲ ਕੈਸਰ ਦੀ ਪੁਸਤਕ 'ਪਾਕਿਸਤਾਨ ਵਿਚ ਸਿੱਖਾਂ ਦੇ ਇਤਿਹਾਸਕ ਪਵਿੱਤਰ ਅਸਥਾਨ' ਲੜੀਵਾਰ ਛਾਪੀ ਜਾ ਰਹੀ ਹੈ। ਲੜੀ ਨੂੰ ਜੋੜਨ ਲਈ ਪਿਛਲੇ ਅੰਕ ਦੇਖੇ ਜਾ ਸਕਦੇ ਹਨ। ਪਾਠਕ ਇਸ ਲੜੀ ਨੂੰ ਸਾਡੀ ਵੈੱਬਸਾਈਟ punjabipost.ca 'ਤੇ ਦੇਸ਼ ਤੇ ਦੁਨੀਆਂ ਵਾਲੇ ਕੌਲਮ 'ਚ ਪੜ੍ਹ ਸਕਦੇ ਹਨ। ਅੱਜ ਜੋ ਤਸਵੀਰ ਛਾਪੀ ਗਈ ਹੈ ਇਹ ਗੁਰਦੁਆਰਾ ਮੰਜੀ ਸਾਹਿਬ, ਮਾਣਕ ਦੇਕੇ, ਜ਼ਿਲ੍ਹਾ ਕਸੂਰ ਦੀ ਹੈ।

..... ਪੂਰੀ ਜਾਣਕਾਰੀ ਪੰਨਾ 8 'ਤੇ ਪੜ੍ਹੋ।

# ਸਪੀਕਰ ਵੱਲੋਂ ਭਾਰਤੀਆਂ ਨੂੰ ਨਿਵੇਸ਼ ਦਾ ਸੱਦਾ

### ਭਾਰਤੀ ਕਾਂਸਲੇਟ ਜਨਰਲ ਵੱਲੋਂ ਰਾਤਰੀ ਭੋਜ ਦਾ ਆਯੋਜਿਨ

ਟਰਾਂਟੋ (ਕੰਵਲਜੀਤ ਸਿੰਘ ਕੰਵਲ) ਬੀਤੀ ਸ਼ਾਮ ਇੱਥੋਂ ਦੇ ਹੋਟਲ ਹੌਲੀਡੇਅ ਇੰਨ ਵਿੱਚ ਟਰਾਂਟੋ ਸਥਿਤ ਭਾਰਤੀ ਕਾਂਸਲੇਟ ਜਨਰਲ ਵੱਲੋਂ ਭਾਰਤੀ ਲੋਕ ਸਭਾ ਦੇ ਸਪੀਕਰ ਸ੍ਰੀ ਓਮ ਬਿਰਲਾ ਅਤੇ ਉਹਨਾਂ ਦੇ ਨਾਲ ਕੈਨੇਡਾ ਆਏ ਇਕ ਉੱਚ ਪੱਧਰੀ ਵਫਦ ਦੇ ਸਵਾਗਤ ਚ ਇਕ ਸ਼ਾਨਦਾਰ ਰਾਤਰੀ ਭੋਜ ਦਾ ਆਯੋਜਿਤ ਕੀਤਾ ਗਿਆ ਜਿਸ ਵਿੱਚ ਭਾਰਤੀ ਭਾਈਚਾਰੇ ਦੇ ਲੋਕਾਂ ਨੇ ਵੱਡੀ ਗਿਣਤੀ ਚ ਹਿੱਸਾ ਲਿਆ।



ਅਪੂਰਵਾ ਸ੍ਰੀਵਾਸਤਵਾ ਭਾਰਤੀ ਕਾਂਸਲੇਟ ਜਨਰਲ ਸਪੀਕਰ ਜੀ ਦਾ ਸਵਾਗਤ ਕਰਦੇ ਹੋਏ। (ਫੋਟੋ: ਕੰਵਲਜੀਤ ਕੰਵਲ)

...ਬਾਕੀ ਪੰਨਾ 3 'ਤੇ

# ਓਂਟਾਰੀਓ ਖਾਲਸਾ ਦਰਬਾਰ ਅਤੇ ਗੁਰੂ ਨਾਨਕ ਮਿਸ਼ਨ ਨੇ ਕੌਂਸਲ 'ਚੋਂ ਆਪਣਾ ਨਾਂ ਕਢਵਾਇਆ

### -ਸਿੱਖਸ ਐਂਡ ਗੁਰਦੁਆਰਾ ਕੌਂਸਲ ਦਾ ਖੁਲਾਸਾ
### -2020 ਦੇ ਨਗਰ ਕੀਰਤਨ ਦੀਆਂ ਤਿਆਰੀਆਂ ਆਰੰਭ

ਬਰੈਂਪਟਨ, 12 ਜਨਵਰੀ (ਪੋਸਟ ਬਿਊਰੋ)- ਕੱਲ੍ਹ ਓਂਟਾਰੀਓ ਸਿੱਖਸ ਐਂਡ ਗੁਰ-ਦੁਆਰਾ ਕੌਂਸਲ ਵਲੋਂ ਟੋਰਾਂਟੋ ਦੇ ਪੰਜਾਬੀ ਮੀਡੀਆ ਨਾਲ ਕੀਤੀ ਪ੍ਰੈਸ ਕਾਨਫਰੰਸ 'ਚ ਕਈ ਵੱਡੇ ਖੁਲਾਸੇ ਕੀਤੇ ਗਏ ਹਨ। ਇਸ ਵਿਚ ਪ੍ਰਧਾਨ ਕੁਲਤਾਰ ਸਿੰਘ, ਸੈਕਟਰੀ ਮਨਜੀਤ ਸਿੰਘ ਪਰਮਾਰ ਅਤੇ ਕੌਂਸਲ ਦੇ ਹੋਰ ਮੈਂਬਰਾਂ ਵਲੋਂ ਹਿੱਸਾ ਲਿਆ ਗਿਆ। ਮਨਜੀਤ ਸਿੰਘ ਪਰਮਾਰ ਨੇ ਆਪਣੀ ਕੌਂਸਲ ਦੀ ਬਣਤਰ ਬਾਰੇ ਦੱਸਦਿਆਂ ਕਿਹਾ ਕਿ ਸਾਡੇ 60 ਫੀਸਦੀ ਸੰਗਤ ਦੇ ਮੈਂਬਰ ਹੁੰਦੇ ਹਨ ਤੇ 40 ਫੀਸਦੀ ਮੈਂਬਰਸ਼ਿਪ ਗੁਰਦੁਆਰਾ ਸਾਹਿਬ ਦੀ ਹੁੰਦੀ ਹੈ।

...ਬਾਕੀ ਪੰਨਾ 6 'ਤੇ


Best Insurance Rates -Auto -Home -Business Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

NOW HIRING !!! ALLKIND INSURANCE
•Life Insurance •Critical illness Ins •Travel & Visitor Ins •RESP & TFSA & RRSP
•Super Visa Insurance •Mortgage Insurance •Disability insurance •Funeral Insurance
SIMRAN SAINI 416.994.7272 www.allkindinsurance.com

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352) Manwinder Mangat Broker
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

JOSHI LAW OFFICE Barrister, Solicitor & Notary Public
info@joshilawoffice.com | joshilawoffice.com
Immigration, Real Estate / Commercial Law, Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

ਰੈਨੋਵੇਸ਼ਨ, ਡਿਜ਼ਾਇਨ ਜਾਂ ਕੰਸਟ੍ਰੱਕਸ਼ਨ ਲਈ ANGLECON CONSTRUCTION
Fully Insured | Team of licensed trades | Quality work & on-time insured
RESIDENTIAL: ਕਸਟਮ ਮੇਡ ਘਰ, ਘਰਾਂ ਦੀ ਪੂਰੀ ਤਸਲੀਬਖ਼ਸ਼ ਰੈਨੋਵੇਸ਼ਨ, ਲੀਗਲ ਬੇਸਮੈਂਟ
COMMERCIAL: New store design & build, Lease hold Improvements, Medical, offices, retail, restaurants & salon
FAST TRACK PERMIT & CONSTRUCTION 437.219.5009 info@anglecon.ca
BRAMPTON • MISSISSAUGA • ETOBICOKE • OAKVILLE ਬਰੈਂਪਟਨ • ਮਿਸੀਸਾਗਾ • ਇਟੋਬੀਕੋ • ਓਕਵਿਲ

Home Address Signs $40 OFF ONLY THIS WEEK 289.981.8187

GOEL TRAVEL Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜ਼ਰੂਰ ਕਰੋ ਗੋਇਲ ਟਰੈਵਲ
905.796.0000 900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ? ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਹੁਣੇ ਹੀ ਕਾਲ ਕਰੋ 75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

HELPING YOUR PLAN TODAY......FOR TOMORROW
Supervisa / Visitor Insurance, Life /Mortgage/Funeral Insurance, Disability Insurance, Critical Illness Insurance, RESP /RRSP
JATINDERBIR S BAJWA Insurance Broker Dir: 647-928-4990 www.ufsinsurance.com
# 25-831 Bovaird Dr. W. Brampton, ON, L6X0T9

Law Office of Aman Sharma
Real Estate - Commercial Lease, Business Purchase & Sale, Notarizations & Affidavits, Wills & Power Of Attorney
Fax: 905-913-2344 Tel: 905-913-2355 Aman Sharma Open Saturday
4515 Ebenezer Rd, Suite 211, Brampton, Ontario L6P2K7
Providing excellent quality legal services to our clients

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre, AvonFinancial Inc.
Harpreet Singh Goraya Principal Broker
831 Bovaird Dr. West, Unit 25, Brampton, ON L6X 0T9 Fax: 905-216-0392

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets, Completly Finished Legal Basement, Painting & Flooring
ਵਾਜਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.465.0648
info@atozpestcontroltoronto.com | www.atozpestcontroltoronto.com

Super Visa Insurance, Visitor Visa Insurance, Travel Insurance, Student Insurance, New Immigrant 90 Days Med. Insurance
Punjab Insurance Inc www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001 NC Dhawan Certified Instructor

KELLEY LAW OFFICE
Immigration, Family Law, Corporate, Real Estate, Business Closing, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E. #15, Mississauga, ON L5T 0B3 905-362-0755 Shinder Kelley

Royal Pest Control
Residential Commercial Industrial
Specialist in Bedbugs Service
All Pest Control: Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call: PARESH PATEL 416 938 4598

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

PEST PROBLEM ? Residential & Commercial
All Pest Control MICE, COCKROACH, BEDBUG & ALL COMMON BUGS
Protect yourself & your family from the Pests
100% Customer Satisfaction AFFORDABLE & RELIABLE
KSG Pest Control Inc. 647.990.3205 www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


Data everywhere.
No surprise charges anywhere.
NEW
NATION-WIDE. NO ZONES.
TALK, TEXT & DATA PLANS
$35/MO.
chatr
AUTHORIZED DEALER
379 Main St. North, Brampton, ON
905-451-0379
2456 Lake shore Blvd W., Etobicoke, ON
Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

AMAN TRAVEL
SPECIAL FARES TO DELHI & AMRITSAR | LAST MINUTE DEALS AVAILABLE
ਅਮਨ ਟਰੈਵਲ
Gaurav Gupta
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
TICO # 50022741
or Visit us at:
218 Kingknoll Dr., Brampton, ON L6Y 4X4

## ਅੱਜ ਨਾਮਾ >>

ਦਿੱਲੀ ਚੋਣਾਂ ਲਈ ਹਾਲੇ ਆ ਰਿੜ੍ਹੀ ਗੱਡੀ,
ਹਾਰ-ਜਿੱਤ ਦੀ ਬਹਿਸ ਪਈ ਚੱਲ ਬੇਲੀ।
ਕੁਝ ਤਾਂ ਮੋਦੀ-ਚਾਲੀਸਾ ਨੇ ਪੜ੍ਹਨ ਵਾਲੇ,
ਗਲੀ-ਗਲੀ ਖੜਕਾਉਂਦੇ ਈ ਟੱਲ ਬੇਲੀ।
ਕੇਜਰੀਵਾਲ ਦੀ ਤਰਫ ਵੀ ਘੱਟ ਨਹੀਓਂ,
ਪੱਕੇ ਭਗਤ ਕਈ ਉਹਦੇ ਵੀ ਵੱਲ ਬੇਲੀ।
ਪੱਕਾ ਬੱਝ ਗਿਆ ਜੀਹਦੇ ਵੀ ਨਾਲ ਕੋਈ,
ਕਰਦਾ ਓਸੇ ਦੀ ਰਹਿੰਦਾ ਈ ਗੱਲ ਬੇਲੀ।
ਪੁਰਾਣੀ ਸਾਰਿਆਂ ਤੋਂ ਜਿਹੜੀ ਪਾਰਟੀ ਆ,
ਉਸ ਦੀ ਗੱਡੀ ਨਾ ਰਹੀ ਹੈ ਖਿਸਕ ਬੇਲੀ।
ਟਿਕਟ ਮੰਗਣ ਵੀ ਬਹੁਤੇ ਨਾ ਜਾਣ ਆਗੂ,
ਡਰਦੇ ਲੀਡਰ ਆ ਲੈਣ ਤੋਂ ਰਿਸਕ ਬੇਲੀ।

ਤੀਸ ਮਾਰ ਖਾਂ

# ਸਪੀਕਰ ਵੱਲੋਂ ਭਾਰਤੀਆਂ ਨੂੰ ਨਿਵੇਸ਼ ਦਾ ਸੱਦਾ





(ਤਸਵੀਰਾਂ: ਕੰਵਲਜੀਤ ਕੰਵਲ)




ਆਯੋਜਿਤ ਪ੍ਰੋਗਰਾਮ ਦੌਰਾਨ ਪੰਜਾਬੀ ਪੋਸਟ ਦੇ ਸੰਪਾਦਕ ਜਗਦੀਸ਼ ਗਰੇਵਾਲ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਨਾਲ।

...ਪੰਨਾ 1 ਦਾ ਬਾਕੀ

ਸਮਾਗਮ ਦੀ ਸ਼ੁਰੂਆਤ ਵੰਦੇ ਮਾਤਰਮ ਗੀਤ ਨਾਲ ਸ਼ੁਰੂ ਹੋਈ ਅਤੇ ਟਰਾਂਟੋ ਸਥਿੱਤ ਭਾਰਤੀ ਕਾਂਸਲੇਟ ਜਨਰਲ ਸ਼੍ਰੀਮਤੀ ਅਪੂਰਵਾ ਸ਼੍ਰੀਵਾਸਤਵ ਵੱਲੋਂ ਭਾਰਤੀ ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਦੀ ਹਾਜਰੀਨ ਨਾਲ ਪਹਿਚਾਣ ਕਰਵਾਈ। ਇਸ ਮੌਕੇ ਜੁੜੇ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਓਮ ਬਿਰਲਾ ਨੇ ਕੈਨੇਡਾ ਵੱਸਦੇ ਭਾਰਤੀਆਂ ਨੂੰ ਸੱਦਾ ਦਿੱਤਾ ਕਿ ਉਹ ਭਾਰਤ ਵਿੱਚ ਨਿਵੇਸ਼ ਕਰਨ ਕਿਉਂਕਿ ਭਾਰਤ ਇਸ ਸਮੇਂ ਦੁਨੀਆਂ ਦੀ ਇਕ ਵੱਡੀ ਤਾਕਤ ਬਣ ਕੇ ਉੱਭਰ ਰਿਹਾ ਹੈ ਅਤੇ ਇਹ ਸਮਾਂ ਹੈ ਦੁਨੀਆਂ ਦੀ ਇਸ ਸੱਭ ਤੋਂ ਵੱਡੀ ਜਮ੍ਹੂਹਰੀਅਤ ਦੀ ਰਹਿਨੁਮਾਈ ਹੇਠਲੀ ਇਕਾਨਾਮੀ ਨੂੰ ਮਜਬੂਤ ਕਰਨ ਵਿੱਚ ਆਪਣਾ ਯੋਗਦਾਨ ਪਾਈਏ। ਉਹਨਾਂ ਕਿਹਾ ਕਿ ਮੌਜੂਦਾ ਸਰਕਾਰ ਵੱਲੋਂ ਟੈਕਸ ਸਮੇਤ ਹਰ ਖੇਤਰ ਚ ਵੱਡੀਆਂ ਤਬਦੀਲੀਆਂ ਲਿਆਂਦੀਆਂ ਹਨ ਜੋ ਮੌਜੂਦਾ ਸਿਸਟਮ ਨੂੰ ਸੌਖਾਲਾ ਕਰਨ ਵਿੱਚ ਆਪਣਾ ਯੋਗਦਾਨ ਪਾ ਰਹੀਆਂ ਹਨ। ਉਹਨਾਂ ਖੁਸ਼ੀ ਪਰਗਟ ਕੀਤੀ ਕਿ ਆਪਣੇ ਮੁਲਕ ਤੋਂ ਬਾਹਰ ਲੱਖਾਂ ਭਾਰਤੀਆਂ ਨੇ ਕੈਨੇਡਾ ਦੀ ਧਰਤੀ ਤੇ ਹਰ ਖੇਤਰ ਚ ਕਾਮਯਾਬੀ ਦੇ ਝੰਡੇ ਬੁਲੰਦ ਕੀਤੇ ਹਨ। ਉਹਨਾਂ ਆਸ ਪਰਗਟ ਕੀਤੀ ਕਿ ਕੈਨੇਡਾ ਅਤੇ ਇੰਡੀਆ ਦੁਨੀਆਂ ਦੀਆਂ ਦੋ ਵੱਡੀਆਂ ਜਮਹੂਰੀ ਤਾਕਤਾਂ ਅਤੇ ਦੋਹਾਂ ਮੁਲਕਾਂ ਚ ਮਲਟੀਕਲਚਰ ਲੋਕਾਂ ਦਾ ਹੋਣਾ ਕਈ ਗੱਲਾਂ ਚ ਸਾਝੀਵਾਲਤਾ ਹੈ । ਦੋਹਾਂ ਮੁਲਕਾਂ ਦੇ ਸੁਖਾਂਵੇਂ ਆਪਸੀ ਸਬੰਧਾਂ ਨੂੰ ਵੱਡੇ ਬਦਲਾਅ ਲਈ ਨਿਵੇਸ਼ ਹੀ ਇਕ ਅਜਿਹਾ ਵਸੀਲਾ ਹੈ। ਭਾਰਤ ਤੋਂ ਲੱਖਾਂ ਦੀ ਗਿਣਤੀ ਚ ਨੌਜੁਆਂਨਾਂ ਦਾ ਉੱਚ ਸਿੱਖਿਆ ਪਰਾਪਤ ਕਰਨ ਲਈ ਕੈਨੇਡਾ ਪੁਜੱਣਾ ਇਕ ਚੰਗੀ ਗੱਲ ਹੈ। ਇਹ ਬੱਚੇ ਉੱਚ ਸਿੱਖਿਆ ਪਰਾਪਤ ਕਰ ਕੇ ਆਪਣੇ ਦੇਸ਼ ਦੀ ਤਰੱਕੀ ਲਈ ਵਿਸ਼ੇਸ਼ ਯੋਗਦਾਨ ਪਾ ਸਕਦੇ ਹਨ। ਉਹਨਾਂ ਨੇ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਨ ਅਤੇ ਮਹਾਤਮਾਂ ਗਾਂਧੀ ਜੀ ਦੀ 150ਵੀਂ ਜੈਂਤੀ ਤੇ ਭਾਰਤ ਸਰਕਾਰ ਵੱਲੋਂ ਉਹਨਾਂ ਦੇ ਸੰਦੇਸ਼ ਨੂੰ ਦੁਨੀਆਂ ਭਰ ਵਿੱਚ ਪਰਚਾਰਨ ਦੇ ਵੱਖ ਵੱਖ ਪਰੋਗਰਾਂਮਾਂ ਦਾ ਜਿਕਰ ਵੀ ਕੀਤਾ। ਇਸ ਮੌਕੇ ਇਸ ਵਫਦ ਨਾਲ ਪੁੱਜੇ ਅੰਮ੍ਰਿਤਸਰ ਤੋਂ ਮੈਂਬਰ ਪਾਰਲੀਮੈਂਟ ਸ੍ਰ: ਗੁਰਜੀਤ ਸਿੰਘ ਔਜਲਾ ਨੇ ਕੈਨੇਡਾ ਸਰਕਾਰ ਅਤੇ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਉਹ ਪੰਜਾਬੀਆਂ ਦੀ ਚਿਰਾਂ ਤੋਂ ਲਟਕਦੀ ਆ ਰਹੀ ਮੰਗ ਟਰਾਂਟੋ ਅੰਮ੍ਰਿਤਸਰ ਸਿੱਧੀ ਉਡਾਨ ਨੂੰ ਤੁਰੰਤ ਚਾਲੂ ਕਰਨ ਦੇ ਪਰਬੰਧ ਕੀਤੇ ਜਾਣ ਤਾਕਿ ਵਿਦੇਸ਼ਾਂ ਤੋਂ ਜਾਣ ਵਾਲਾ ਸਿੱਖ ਭਾਈਚਾਰਾ ਦਿੱਲੀ ਏਅਰਪੋਰਟ ਤੇ ਖਰਾਬ ਨਾਂ ਹੋਵੇ ਅਤੇ ਉਹ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਦੀਦਾਰੇ ਕਰ ਸਕੇ, ਚੇਤੇ ਰਹੇ ਬੀਤੇ ਦਿਨੀਂ ਇਹ ਮੰਗ

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

# ਗਲਤੀ ਨਾਲ ਜਾਰੀ ਹੋਇਆ ਓਨਟਾਰੀਓ ਦੇ ਨਿਊਕਲੀਅਰ ਪਲਾਂਟ ਬਾਰੇ ਐਲਰਟ!



ਟੋਰਾਂਟੋ, 12 ਜਨਵਰੀ (ਪੋਸਟ ਬਿਊਰੋ) : ਐਤਵਾਰ ਸਵੇਰੇ ਉਸ ਸਮੇਂ ਕਸੂਤੀ ਸਥਿਤੀ ਪੈਦਾ ਹੋ ਗਈ ਜਦੋਂ ਟੋਰਾਂਟੋ ਏਰੀਆ ਵਿਚਲੇ ਨਿਊਕਲੀਅਰ ਪਾਵਰ ਪਲਾਂਟ ਵਿੱਚ ਕਿਸੇ ਅਨਸੁਖਾਵੀਂ ਘਟਨਾ ਸਬੰਧੀ ਐਮਰਜੰਸੀ ਐਲਰਟ ਓਨਟਾਰੀਓ ਭਰ ਦੇ ਲੋਕਾਂ ਤੱਕ ਪਹੁੰਚ ਗਿਆ। ਇਸ ਘਟਨਾ ਤੋਂ ਬਾਅਦ ਪ੍ਰੋਵਿੰਸ ਦੇ ਸਾਲੀਸਿਟਰ ਜਨਰਲ ਵੱਲੋਂ ਸਾਰਿਆਂ ਤੋਂ ਮੁਆਫੀ ਮੰਗੀ ਗਈ।

ਓਨਟਾਰੀਓ ਵਾਸੀਆਂ ਦੇ ਫੋਨਜ਼ ਉੱਤੇ ਐਤਵਾਰ ਸਵੇਰੇ 7:30 ਵਜੇ ਤੋਂ ਵੀ ਪਹਿਲਾਂ ਅਚਾਨਕ ਐਮਰਜੰਸੀ ਨੋਟੀਫਿਕੇਸ਼ਨ ਆਉਣ ਲੱਗ ਪਏ ਜਿਨ੍ਹਾਂ ਤੋਂ ਇੰਜ ਲੱਗ ਰਿਹਾ ਸੀ ਕਿ ਪਿਕਰਿੰਗ ਨਿਊਕਲੀਅਰ ਜੈਨਰੇਟਿੰਗ ਸਟੇਸ਼ਨ ਉੱਤੇ ਕੋਈ ਹਾਦਸਾ ਵਾਪਰਿਆ ਹੈ। ਹਾਲਾਂਕਿ ਇਹ ਸੁਨੇਹੇ ਸਾਰੇ ਪ੍ਰੋਵਿੰਸ ਵਿੱਚ ਭੇਜੇ ਗਏ ਸਨ ਪਰ ਆਖਿਆ ਗਿਆ ਕਿ ਅਸਲ ਵਿੱਚ ਇਹ ਨਿਊਕਲੀਅਰ ਪਲਾਂਟ ਦੇ ਦਸ ਕਿਲੋਮੀਟਰ ਦੇ ਦਾਇਰੇ ਵਿੱਚ ਰਹਿਣ ਵਾਲਿਆਂ ਲਈ ਹੀ ਸਨ। ਨੋਟੀਫਿਕੇਸ਼ਨ ਵਿੱਚ ਆਖਿਆ ਗਿਆ ਕਿ ਪਿਕਰਿੰਗ ਨਿਊਕਲੀਅਰ ਜੈਨਰੇਟਿੰਗ ਸਟੇਸ਼ਨ ਵਿੱਚ ਕੋਈ ਹਾਦਸਾ ਹੋਇਆ ਹੈ। ਸਟੇਸ਼ਨ ਤੋਂ ਕਿਸੇ ਵੀ ਤਰ੍ਹਾਂ ਦਾ ਰਿਸਾਅ ਨਹੀਂ ਹੋ ਰਿਹਾ ਤੇ ਐਮਰਜੰਸੀ ਅਮਲਾ ਮਾਮਲੇ ਉੱਤੇ ਨਿਗ੍ਹਾ ਰੱਖ ਰਿਹਾ ਹੈ।

ਇਹ ਵੀ ਆਖਿਆ ਗਿਆ ਕਿ ਪਿਕਰਿੰਗ ਨਿਊਕਲੀਅਰ ਜੈਨਰੇਟਿੰਗ ਸਟੇਸ਼ਨ ਦੇ ਨੇੜੇ ਰਹਿਣ ਵਾਲਿਆਂ ਨੂੰ ਕਿਸੇ ਵੀ ਤਰ੍ਹਾਂ ਦੀ ਅਹਿਤਿਆਤ ਵਰਤਣ ਦੀ ਲੋੜ ਨਹੀਂ ਹੈ। ਪਾਵਰ ਪਲਾਂਟ ਨੂੰ ਚਲਾਉਣ ਵਾਲੇ ਓਨਟਾਰੀਓ ਪਾਵਰ ਜੈਨਰੇਸ਼ਨ, ਨੇ ਟਵਿੱਟਰ ਉੱਤੇ ਸਵੇਰੇ 8:06 ਵਜੇ ਦੱਸਿਆ ਕਿ ਇਹ ਐਲਰਟ ਗਲਤੀ ਨਾਲ ਭੇਜਿਆ ਗਿਆ ਸੀ ਤੇ ਕਿਸੇ ਤਰ੍ਹਾਂ ਦੀ ਕੋਈ ਐਮਰਜੰਸੀ ਨਹੀਂ ਹੋਈ। ਇੱਕ ਘੰਟੇ ਬਾਅਦ ਇਹੋ ਜਿਹਾ ਹੀ ਸੁਨੇਹਾ ਫੋਨ ਉੱਤੇ ਵੀ ਦਿੱਤਾ ਗਿਆ।

ਓਨਟਾਰੀਓ ਦੀ ਸਾਲੀਸਿਟਰ ਜਨਰਲ ਸਿਲਵੀਆ ਜੋਨਜ਼ ਨੇ ਐਤਵਾਰ ਸਵੇਰੇ ਆਖਿਆ ਕਿ ਓਨਟਾਰੀਓ ਪਾਵਰ ਜੈਨਰੇਸ਼ਨ ਦਾ ਇਸ ਐਮਰਜੰਸੀ ਐਲਰਟ ਭੇਜੇ ਜਾਣ ਨਾਲ ਕੋਈ ਲੈਣਾ ਦੇਣਾ ਨਹੀਂ ਹੈ। ਉਨ੍ਹਾਂ ਆਖਿਆ ਕਿ ਜੋ ਕੁੱਝ ਵੀ ਵਾਪਰਿਆ ਉਹ ਰੁਟੀਨ ਵਿੱਚ ਕੀਤੀ ਜਾਣ ਵਾਲੀ ਟਰੇਨਿੰਗ ਐਕਸਰਸਾਈਜ਼ ਸੀ। ਇਸ ਨੂੰ ਪ੍ਰੋਵਿੰਸ਼ੀਅਲ ਐਮਰਜੰਸੀ ਆਪਰੇਸ਼ਨਜ਼ ਸੈਂਟਰ ਵੱਲੋਂ ਕਿਸੇ ਤਰ੍ਹਾਂ ਗਲਤੀ ਨਾਲ ਤੇ ਗੈਰਇਰਾਦਤਨ ਲੋਕਾਂ ਨੂੰ ਭੇਜ ਦਿੱਤਾ ਗਿਆ। ਉਨ੍ਹਾਂ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਓਨਟਾਰੀਓ ਸਰਕਾਰ ਲੋਕਾਂ ਨੂੰ ਗਲਤੀ ਨਾਲ ਚਿੰਤਾ ਵਿੱਚ ਪਾਉਣ ਵਰਗੇ ਇਸ ਸੁਨੇਹੇ ਨੂੰ ਭੇਜਣ ਲਈ ਮੁਆਫੀ ਮੰਗਦੀ ਹੈ ਤੇ ਇਸ ਮਾਮਲੇ ਦੀ ਜਾਂਚ ਵੀ ਕਰਵਾਈ ਜਾ ਰਹੀ ਹੈ ਕਿ ਆਖਿਰਕਾਰ ਇਹ ਭੁੱਲ ਹੋਈ ਕਿਵੇਂ? ਉਨ੍ਹਾਂ ਆਖਿਆ ਕਿ ਭਵਿੱਖ ਵਿੱਚ ਵੀ ਇਹ ਖਿਆਲ ਰੱਖਿਆ ਜਾਵੇਗਾ ਕਿ ਅਜਿਹਾ ਕਦੇ ਨਾ ਵਾਪਰੇ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

# ਰਸਮੀ ਤੌਰ ਉੱਤੇ ਅੱਜ ਤੋਂ ਸ਼ੁਰੂ ਹੋਵੇਗੀ ਕੰਜ਼ਰਵੇਟਿਵ ਲੀਡਰਸ਼ਿਪ ਦੌੜ



ਓਟਵਾ, 12 ਜਨਵਰੀ (ਪੋਸਟ ਬਿਊਰੋ) : ਫੈਡਰਲ ਕੰਜ਼ਰਵੇਟਿਵਾਂ ਦੀ ਲੀਡਰਸ਼ਿਪ ਦੌੜ ਰਸਮੀ ਤੌਰ ਉੱਤੇ ਸੋਮਵਾਰ ਨੂੰ ਸ਼ੁਰੂ ਹੋ ਜਾਵੇਗੀ। ਪਾਰਟੀ ਵੱਲੋਂ ਸ਼ਨਿੱਚਰਵਾਰ ਨੂੰ ਇਸ ਮੁਕਾਬਲੇ ਦੇ ਸਬੰਧ ਵਿੱਚ ਨਿਯਮ ਜਾਰੀ ਕੀਤੇ ਗਏ। ਹੁਣ ਉਮੀਦਵਾਰਾਂ ਕੋਲ 300,000 ਡਾਲਰ ਇਕੱਠੇ ਕਰਨ ਤੇ 3000 ਦਸਤਖ਼ਤ ਜਮ੍ਹਾਂ ਕਰਨ ਲਈ ਦੋ ਮਹੀਨੇ ਦਾ ਹੀ ਸਮਾਂ ਹੈ ਤਾਂ ਹੀ ਚੋਣਪੱਤਰ ਉੱਤੇ ਉਨ੍ਹਾਂ ਦਾ ਨਾਂ ਆ ਸਕਦਾ ਹੈ। ਸ਼ਨਿੱਚਰਵਾਰ ਨੂੰ ਜਾਰੀ ਕੀਤੇ ਬਿਆਨ ਵਿੱਚ ਲੀਡਰਸ਼ਿਪ ਆਰਗੇਨਾਈਜ਼ਿੰਗ ਕਮੇਟੀ ਦੀ ਕੋ-ਚੇਅਰ ਤੇ ਸਾਬਕਾ ਕੰਜ਼ਰਵੇਟਿਵ ਐਮਪੀ ਲੀਜ਼ਾ ਰਾਇਤ ਨੇ ਆਖਿਆ ਕਿ ਇਹ ਮੁਕਾਬਲਾ ਕਾਫੀ ਜ਼ਬਰਦਸਤ ਰਹਿਣ ਵਾਲਾ ਹੈ। ਹੁਣ ਕੈਨੇਡੀਅਨ ਇਹ ਵੇਖ ਸਕਣਗੇ ਕਿ ਅਗਲੀ ਸਰਕਾਰ ਬਣਾਉਣ ਦੇ ਦਾਅਵੇਦਾਰ ਕੰਜ਼ਰਵੇਟਿਵ ਸਖ਼ਤ ਮਿਹਨਤ ਕਰਨ ਲਈ ਕਿਸ ਹੱਦ ਤਕ ਤਿਆਰੀ ਕਰ ਰਹੇ ਹਨ।

ਇਸ ਚੋਣ ਲਈ ਵਿੱਤੀ ਅਤੇ ਦਸਤਖ਼ਤ ਜੁਟਾਉਣ ਦੀ ਸ਼ਰਤ ਨੂੰ ਕਈ ਪੜਾਵਾਂ ਵਿੱਚ ਵੰਡਿਆ ਗਿਆ ਹੈ। 27 ਫਰਵਰੀ ਤੱਕ ਉਮੀਦਵਾਰਾਂ ਨੂੰ 25,000 ਡਾਲਰ ਅਦਾ ਕਰਨੇ ਹੋਣਗੇ ਤੇ ਸੱਤ ਵੱਖ ਵੱਖ ਪ੍ਰੋਵਿੰਸਾਂ ਜਾਂ ਟੈਰੇਟਰੀਜ਼ ਤੋਂ 30 ਵੱਖੋ ਵੱਖ ਹਲਕਿਆਂ ਦੇ 1000 ਮੈਂਬਰਾਂ ਦੇ ਦਸਤਖ਼ਤ ਇਕੱਠੇ ਕਰਨੇ ਹੋਣਗੇ। ਇਸ ਤੋਂ ਬਾਅਦ ਉਨ੍ਹਾਂ ਕੋਲ ਅਗਲੀ ਵਿੱਤੀ ਰਕਮ ਜਮ੍ਹਾਂ ਕਰਵਾਉਣ ਤੇ ਹੋਰ ਸ਼ਰਤਾਂ ਪੂਰੀਆਂ ਕਰਨ ਲਈ 25 ਮਾਰਚ ਤੱਕ ਦਾ ਸਮਾਂ ਹੋਵੇਗਾ। ਇਸ ਫੀਸ ਨੂੰ ਦੋ ਹਿੱਸਿਆਂ ਵਿੱਚ ਲਿਆ ਜਾਂਦਾ ਹੈ ਤੇ ਇਸ ਵਿੱਚੋਂ 200,000 ਡਾਲਰ ਰਿਫੰਡ ਨਾ ਕਰਨ ਯੋਗ ਹੋਣਗੇ ਤੇ 100,00 ਡਾਲਰ ਉਮੀਦਵਾਰ ਨੂੰ ਉਸ ਸੂਰਤ ਵਿਚ ਵਾਪਿਸ ਮਿਲ ਸਕਦੇ ਹਨ ਜੇ ਉਹ ਸਾਰੇ ਨਿਯਮ ਪੂਰੇ ਕਰੇ।

ਇਹ ਲੀਡਰਸ਼ਿਪ ਦੌੜ ਗੈਰ ਰਸਮੀ ਤੌਰ ਉੱਤੇ ਦਸੰਬਰ ਵਿੱਚ ਹੀ ਉਦੋਂ ਸ਼ੁਰੂ ਹੋ ਗਈ ਸੀ ਜਦੋਂ ਮੌਜੂਦਾ ਆਗੂ ਐਂਡਰਿਊ ਸ਼ੀਅਰ ਨੇ ਇਹ ਆਖਿਆ ਸੀ ਕਿ ਜਿਵੇਂ ਹੀ ਉਨ੍ਹਾਂ ਦਾ ਬਦਲ ਮਿਲ ਜਾਵੇਗਾ ਉਹ ਅਹੁਦਾ ਛੱਡ ਦੇਣਗੇ। ਕੰਜ਼ਰਵੇਟਿਵ ਆਪਣਾ ਅਗਲਾ ਆਗੂ 27 ਜੂਨ ਨੂੰ ਟੋਰਾਂਟੋ ਵਿੱਚ ਹੋਣ ਵਾਲੇ ਇਜਲਾਸ ਵਿੱਚ ਚੁਣਨਗੇ। ਇਸ ਚੋਣ ਵਿੱਚ ਵੋਟ ਕਰਨ ਲਈ ਮੈਂਬਰਾਂ ਨੂੰ 17 ਅਪਰੈਲ ਤੱਕ ਦਸਤਖ਼ਤ ਕਰਨੇ ਹੋਣਗੇ।

ukttc UK TRUCK TRAINING CENTRE
PCC #179958
Registered as a Private Careers College
We help in Written Test & in Finding Jobs
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
NEW LOCATION !!!
225 Sheldon Dr
Unit 18, Cambridge
Call Jitpal Singh Deol
647-204-1936
Kuldip Singh Grewal
647.894.8590
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979
OPEN 7 DAYS
uktruck1@gmail.com
Gurjot Singh Grewal
437.224.8500

ShergGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

We Provide services:
• Corporation Registration
• Corporation Tax Returns
• Personal Tax Retrurns
• Accounting • Book - Keeping
• H.S.T • WSIB • T4 • E-File
• Assistance in Audit with CRA
CPA CHARTERED PROFESSIONAL ACCOUNTANTS
Kamaljeet Singh Saini CPA, CGA
Chartered Professional Accountants
Off: 905-799-6292
Email: kamalgirn@gmail.com
7956 Torbram Rd, Unit #209, Brampton, ON L6T 5A2 Fax: 905-291-0741

# ਈਰਾਨ ਵਿੱਚ ਬ੍ਰਿਟਿਸ਼ ਰਾਜਦੂਤ ਗ੍ਰਿਫ਼ਤਾਰ ਕਰ ਕੇ ਛੱਡਿਆ ਗਿਆ

* ਲੋਕਾਂ ਨੂੰ ਸਰਕਾਰ ਵਿਰੁੱਧ ਉਕਸਾਉਣ ਦਾ ਦੋਸ਼
* ਅਮਰੀਕਾ ਨੇ ਕਿਹਾ: ਰਾਜਦੂਤ ਦੀ ਗ੍ਰਿਫ਼ਤਾਰੀ ਲਈ ਈਰਾਨ ਮਾਫ਼ੀ ਮੰਗੇ

ਲੰਡਨ, 12 ਜਨਵਰੀ, (ਪੋਸਟ ਬਿਊਰੋ)- ਈਰਾਨ ਵਿਚ ਯੂਕਰੇਨ ਦਾ ਜਹਾਜ਼ ਡੇਗੇ ਜਾਣ ਦੀ ਘਟਨਾ ਕਾਰਨ ਸਰਕਾਰ ਦੇ ਖ਼ਿਲਾਫ਼ ਚੱਲਦੇ ਰੋਸ ਪ੍ਰਦਰਸ਼ਨਾਂ ਦੌਰਾਨ ਓਥੇ ਬ੍ਰਿਟੇਨ ਦੇ ਰਾਜਦੂਤ ਰੌਬ ਮਾਕੇਅਰ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਇਕ ਘੰਟੇ ਦੀ ਪੁੱਛਗਿੱਛ ਕਰਨ ਦੇ ਬਾਅਦ ਉਨ੍ਹਾਂ ਨੂੰ ਰਿਹਾਅ ਕੀਤਾ ਗਿਆ।

ਇਸ ਸੰਬੰਧ ਵਿੱਚ ਬ੍ਰਿਟੇਨ ਦੇ ਵਿਦੇਸ਼ ਮੰਤਰੀ ਡੋਮੀਨਿਕ ਰਾਬ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਬਿਨਾਂ ਕਿਸੇ ਠੋਸ ਆਧਾਰ ਤੋਂ ਕੀਤੀ ਗਈ ਤੇ ਇਸ ਨਾਲ ਕੌਮਾਂਤਰੀ ਕਾਨੂੰਨ ਦੀ ਉਲੰਘਣਾ ਹੋਈ ਹੈ। 'ਡੇਲੀ ਮੇਲ' ਦੀ ਰਿਪੋਰਟ ਦੇ ਅਨੁਸਾਰ ਯੂਕਰੇਨ ਦੇ ਹਵਾਈ ਜਹਾਜ਼ ਨੂੰ ਈਰਾਨੀ ਫੋਰਸਾਂ ਵੱਲੋਂ ਗ਼ਲਤੀ ਨਾਲ ਡੇਗੇ ਜਾਣ ਦੀ ਘਟਨਾ ਦੇ ਵਿਰੁੱਧ ਈਰਾਨ ਵਿੱਚ ਲੋਕਾਂ ਵੱਲੋਂ ਸਰਕਾਰ ਦੇ ਖ਼ਿਲਾਫ਼ ਰੋਸ ਪ੍ਰਦਰਸ਼ਨ ਚੱਲ ਰਹੇ ਸਨ ਅਤੇ ਬ੍ਰਿਟੇਨ ਦੇ ਰਾਜਦੂਤ ਉੱਤੇ ਇਹ ਦੋਸ਼ ਲਾਇਆ ਗਿਆ ਹੈ ਕਿ ਉਸ ਨੇ ਲੋਕਾਂ ਨੂੰ ਪ੍ਰਦਰਸ਼ਨ ਕਰਨ ਲਈ ਉਕਸਾਇਆ ਹੈ।

ਵਰਨਣ ਯੋਗ ਹੈ ਕਿ ਈਰਾਨ ਦੇ ਰਾਸ਼ਟਰਪਤੀ ਹਸਨ ਰੂਹਾਨੀ ਨੇ ਬਿਆਨ ਜਾਰੀ ਕਰ ਕੇ ਮੰਨਿਆ ਸੀ ਕਿ ਈਰਾਨੀ ਫ਼ੌਜ ਦੀ ਇਕ ਮਿਜ਼ਾਈਲ ਗ਼ਲਤੀ ਨਾਲ ਯੂਕਰੇਨ ਦੇ ਜਹਾਜ਼ ਨੂੰ ਲੱਗਣ ਕਾਰਨ ਉਹ ਤਬਾਹ ਹੋ ਗਿਆ ਤੇ 176 ਮੁਸਾਫ਼ਰਾਂ ਦੀ ਮੌਤ ਹੋ ਗਈ ਸੀ। ਰੂਹਾਨੀ ਨੇ ਕਿਹਾ ਸੀ ਕਿ ਇਹ ਕਦੇ ਮੁਆਫ ਨਾ ਕਰਨ ਯੋਗ ਗ਼ਲਤੀ ਹੈ। ਬ੍ਰਿਟੇਨ ਦੇ ਪ੍ਰਧਾਨ ਮੰਤਰੀ ਬੋਰਿਸ ਜੌਨਸਨ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਇਸ ਜਹਾਜ਼ ਹਾਦਸੇ ਵਿਚ ਮਾਰੇ ਗਏ ਬ੍ਰਿਟੇਨ ਦੇ ਚਾਰ ਨਾਗਰਿਕਾਂ ਦੇ ਵਾਰਸਾਂ ਦੀ ਪੂਰੀ ਮਦਦ ਦੇਵੇਗੀ। ਉਨ੍ਹਾ ਕਿਹਾ ਕਿ ਉਹ ਕੈਨੇਡਾ, ਯੂਕਰੇਨ ਅਤੇ ਹੋਰਨਾਂ ਕੌਮਾਂਤਰੀ ਭਾਈਵਾਲਾਂ ਨਾਲ ਮਿਲ ਕੇ ਇਸ ਹਾਦਸੇ ਦੀ ਨਿਰਪੱਖ ਤੇ ਵਿਸਥਾਰਤ ਜਾਂਚ ਕਰਵਾਉਣ ਦੀ ਮੰਗ ਕਰਨਗੇ।

ਦੂਸਰੇ ਪਾਸੇ ਅਮਰੀਕਾ ਨੇ ਈਰਾਨ ਸਰਕਾਰ ਤੋਂ ਮੰਗ ਕੀਤੀ ਕਿ ਉਹ ਦੇਸ਼ ਵਿਚ ਚੱਲਦੇ ਪ੍ਰਦਰਸ਼ਨਾਂ ਦੌਰਾਨ ਬ੍ਰਿਟੇਨ ਦੇ ਰਾਜਦੂਤ ਨੂੰ ਗ੍ਰਿਫ਼ਤਾਰ ਕਰਨ ਦੀ ਮਾਫ਼ੀ ਮੰਗੇ। ਅਮਰੀਕਾ ਨੇ ਕਿਹਾ ਕਿ ਇਹ ਵਿਆਨਾ ਕਨਵੈਨਸ਼ਨ ਦਾ ਉਲੰਘਣ ਹੈ। ਵਿਦੇਸ਼ ਵਿਭਾਗ ਦੇ ਬੁਲਾਰੇ ਮੌਰਗਨ ਓਰਟਾਗਸ ਨੇ ਕਿਹਾ ਕਿ ਈਰਾਨ ਦਾ ਕੌਮਾਂਤਰੀ ਕਾਨੂੰਨ ਤੋੜਨ ਦਾ ਪੁਰਾਣਾ ਇਤਹਾਸ ਹੈ। ਉਨ੍ਹਾਂ ਕਿਹਾ ਕਿ ਡਿਪਲੋਮੈਟਾਂ ਨੂੰ ਮਿਲੇ ਅਧਿਕਾਰਾਂ ਦਾ ਸਤਿਕਾਰ ਕਰਦੇ ਹੋਏ ਈਰਾਨ ਬ੍ਰਿਟੇਨ ਤੋਂ ਮਾਫ਼ੀ ਮੰਗੇ।

# ਜਹਾਜ਼ ਹਾਦਸੇ ਦਾ ਪ੍ਰਤੀਕਰਮ: ਈਰਾਨ ਦੇ ਲੋਕ ਆਪਣੇ ਵੱਡੇ ਆਗੂ ਖ਼ੁਮੇਨੀ ਖਿਲਾਫ ਸੜਕਾਂ ਉੱਤੇ ਨਿਕਲ ਆਏ



ਤਹਿਰਾਨ, 12 ਜਨਵਰੀ, (ਪੋਸਟ ਬਿਊਰੋ)- ਯੂਕਰੇਨ ਦਾ ਜਹਾਜ਼ ਈਰਾਨ ਦੀ ਫੌਜ ਵੱਲੋਂ ਡੇਗੇ ਜਾਣ ਦੀ ਜ਼ਿੰਮੇਦਾਰੀ ਲੈਣ ਤੋਂ ਬਾਅਦ ਇਸ ਦੇਸ਼ ਦੇ ਹਜ਼ਾਰਾਂ ਲੋਕ ਵੀ ਈਰਾਨ ਦੇ ਸਿਖਰਲੇ ਨੇਤਾ ਅਯਾਤੁਲਾਹ ਅਲੀ ਖ਼ੁਮੇਨੀ ਖਿਲਾਫ ਸੜਕਾਂ ਉੱਤੇ ਉਤਰ ਆਏ ਹਨ। ਪ੍ਰਦਰਸ਼ਨ ਕਰਦੇ ਹੋਏ ਇਹ ਲੋਕ ਈਰਾਨ ਦੇ ਚੋਟੀ ਦੇ ਨੇਤਾ ਤੋਂ ਅਗਵਾਈ ਛੱਡਣ ਲਈ ਮੰਗ ਕਰ ਰਹੇ ਹਨ। ਦੂਸਰੇ ਪਾਸੇ ਈਰਾਨ ਵਿਚਲੇ ਪ੍ਰਦਰਸ਼ਨਾਂ ਬਾਰੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਉਹ ਹਾਲਾਤ ਉੱਤੇ ਨਜ਼ਰ ਰੱਖ ਰਹੇ ਹਨ ਤੇ ਕੋਸ਼ਿਸ਼ ਕਰਨਗੇ ਕਿ ਦੂਸਰਾ ਕਤਲੇਆਮ ਨਹੀਂ ਹੋਣਾ ਚਾਹੀਦਾ।

ਵਰਨਣ ਯੋਗ ਹੈ ਕਿ ਈਰਾਨ ਨੇ ਮੰਨ ਲਿਆ ਹੈ ਕਿ ਉਸ ਦੀ ਫੌਜ ਨੇ ਗਲਤੀ ਨਾਲ ਯੂਕਰੇਨ ਦੇ ਯਾਤਰੀ ਜਹਾਜ਼ ਨੂੰ ਨਿਸ਼ਾਨਾ ਬਣਾਇਆ ਸੀ, ਜਿਸ ਵਿਚ ਸਵਾਰ 176 ਲੋਕਾਂ ਦੀ ਮੌਤ ਹੋਈ ਸੀ। ਇਸ ਪਿੱਛੋਂ ਈਰਾਨ ਉੱਤੇ ਅੰਤਰਰਾਸ਼ਟਰੀ ਦਬਾਅ ਦੇ ਨਾਲ ਆਪਣੇ ਦੇਸ਼ ਦੇ ਲੋਕਾਂ ਦਾ ਵੀ ਦਬਾਅ ਹੈ। ਜਹਾਜ਼ ਦੇ ਸਵਾਰ ਜ਼ਿਆਦਾ ਲੋਕ ਈਰਾਨੀ ਸਨ, ਜਿਸ ਕਾਰਨ ਲੋਕ ਸੜਕਾਂ ਉੱਤੇ ਆਣ ਕੇ ਸਿਖਰਲੇ ਨੇਤਾ ਦੇ ਖਿਲਾਫ ਪ੍ਰਦਰਸ਼ਨ ਕਰ ਰਹੇ ਹਨ।

ਅੱਜ ਈਰਾਨ ਦੀ ਰਾਜਧਾਨੀ ਤਹਿਰਾਨ ਵਿਚ ਅਮਰੀਕੀ ਦੂਤਘਰ ਦੇ ਬਾਹਰ ਹਜ਼ਾਰਾਂ ਲੋਕ ਪ੍ਰਦਰਸ਼ਨ ਕਰਨ ਲੱਗੇ ਹੋਏ ਹਨ। ਇਸ ਮੌਕੇ ਅਮੀਰ ਕਾਬਿਰ ਯੂਨੀਵਰਸਿਟੀ ਮੂਹਰੇ ਵੀ ਵਿਦਿਆਰਥੀਆਂ ਨੇ ਪ੍ਰਦਰਸ਼ਨ ਕੀਤਾ। ਲੋਕ ਹੱਥਾਂ ਵਿਚ ਪੋਸਟਰ ਲੈ ਕੇ ਆਪਣੇ ਸਿਖਰਲੇ ਨੇਤਾ ਖਿਲਾਫ ਨਾਅਰੇਬਾਜ਼ੀ ਕਰਦੇ ਹੋਏ ਉਨ੍ਹਾਂ ਦੇ ਅਸਤੀਫੇ ਦੀ ਮੰਗ ਕਰਦੇ ਰਹੇ ਤੇ ਇਸ ਦੌਰਾਨ 'ਖ਼ੁਮੇਨੀ ਦੇਸ਼ ਛੱਡੋ' ਦੇ ਨਾਅਰੇ ਵੀ ਲਾਏ ਗਏ। ਇਸ ਤੋਂ ਪਹਿਲਾਂ ਮੇਜਰ ਜਨਰਲ ਸੁਲੇਮਾਨੀ ਦੀ ਮੌਤ ਤੋਂ ਬਾਅਦ ਲੱਖਾਂ ਲੋਕ ਈਰਾਨ ਦੀਆਂ ਸੜਕਾਂ ਉੱਤੇ ਉਤਰੇ ਸਨ ਤੇ ਅਮਰੀਕਾ ਦਾ ਵਿਰੋਧ ਕੀਤਾ ਸੀ। ਤਬਾਹ ਕੀਤੇ ਗਏ ਇਸ ਜਹਾਜ਼ ਹਾਦਸੇ ਵਿਚ ਈਰਾਨ ਦੇ 82, ਕੈਨੇਡਾ ਦੇ 63, ਯੂਕਰੇਨ ਦੇ 11, ਸਵੀਡਨ ਦੇ 10, ਅਫਗਾਨਿਸਤਾਨ ਦੇ ਚਾਰ ਮੁਸਾਫਰਾਂ ਦੇ ਨਾਲ ਜਰਮਨੀ ਤੇ ਬ੍ਰਿਟੇਨ ਦੇ ਤਿੰਨ-ਤਿੰਨ ਨਾਗਰਿਕ ਮਾਰੇ ਗਏ ਸਨ।

# ਕਸ਼ਮੀਰ ਘਾਟੀ ਵਿੱਚ ਵੱਡੇ ਅੱਤਵਾਦੀ ਟਿਕਾਣੇ ਦਾ ਪਰਦਾ ਫਾਸ਼

* ਅੱਤਵਾਦੀਆਂ ਨੇ ਫ਼ਲ, ਸਬਜ਼ੀਆਂ, ਦਰੀਆਂ ਇਕੱਠੇ ਕਰ ਰੱਖੇ ਸਨ



ਸ੍ਰੀਨਗਰ, 12 ਜਨਵਰੀ, (ਪੋਸਟ ਬਿਊਰੋ)- ਕਸ਼ਮੀਰ ਜ਼ੋਨ ਦੀ ਪੁਲਿਸ ਨੇ ਅੱਜ ਐਤਵਾਰ ਨੂੰ ਇਕ ਅੱਤਵਾਦੀ ਅੱਡੇ ਦਾ ਪਰਦਾ ਫਾਸ਼ ਕੀਤਾ ਹੈ, ਜਿਸ ਵਿੱਚ ਪਿਆ ਸਾਮਾਨ ਹੈਰਾਨ ਕਰਨ ਵਾਲਾ ਹੈ। ਏਥੇ ਸ਼ੋਪੀਆਂ ਦੀ ਪੁਲਿਸ ਨੇ ਹੋਰ ਸੁਰੱਖਿਆ ਫੋਰਸਾਂ ਨਾਲ ਮਿਲ ਕੇ ਇਸ ਗੁਪਤ ਅੰਡਰ ਗਰਾਊਂਡ ਅੱਤਵਾਦੀ ਅੱਡੇ ਨੂੰ ਅਰਪੋਰਾ ਵਿਖੇ ਲੱਭਿਆ ਹੈ, ਜਿੱਥੇ ਅੱਤਵਾਦੀਆਂ ਨੇ ਬਾਰੂਦ ਤੇ ਹੋਰ ਧਮਾਕਾਖੇਜ਼ ਸਮੱਗਰੀ ਵੀ ਇਕੱਠੀ ਕਰ ਰੱਖੀ ਸੀ। ਇਸ ਦੇ ਨਾਲ ਉਨ੍ਹਾਂ ਨੇ ਜ਼ਿੰਦਾ ਰਹਿਣ ਲਈ ਜ਼ਰੂਰੀ ਵਸਤਾਂ ਵੀ ਅੰਦਰ ਸਟੋਰ ਕਰ ਰੱਖੀਆਂ ਸਨ।

ਅਪਰੇਸ਼ਨ ਦੇ ਬਾਅਦ ਸਾਹਮਣੇ ਆਈਆਂ ਤਸਵੀਰਾਂ ਵਿੱਚ ਦਿੱਸਦਾ ਹੈ ਕਿ ਏਥੇ ਖਾਣ-ਪੀਣ ਦੇ ਸਾਮਾਨ ਤੋਂ ਬਿਨਾਂ ਪਾਣੀ ਸਟੋਰ ਕਰਨ ਦਾ ਡਰੰਮ, ਵਿਛਾਉਣ ਲਈ ਦਰੀਆਂ, ਰਾਤ ਨੂੰ ਚਾਨਣ ਲਈ ਬਲਬ, ਕੱਪੜੇ ਰੱਖਣ ਲਈ ਅਲਮਾਰੀ, ਕੁੱਕਰ, ਭਾਂਡੇ, ਫ਼ਲ-ਫਰੂਟ, ਸਬਜ਼ੀਆਂ, ਪੀਪੇ, ਚਾਦਰਾਂ ਅਤੇ ਹੋਰ ਚੀਜ਼ਾਂ ਸ਼ਾਮਲ ਸਨ। ਇਹ ਅੱਡਾ ਜ਼ਮੀਨ ਦੇ ਅੰਦਰ ਸੀ, ਜਿਸ ਵਿੱਚ ਦਾਖ਼ਲੇ ਲਈ ਇਕ ਲੋਹੇ ਦਾ ਤੰਗ ਜਿਹਾ ਰਸਤਾ ਰੱਖਿਆ ਗਿਆ ਸੀ।

ਇਸ ਦੌਰਾਨ ਅੱਜ ਕਸ਼ਮੀਰ ਵਿਚ ਸੁਰੱਖਿਆ ਬਲਾਂ ਨੇ ਪੁਲਵਾਮਾ ਦੇ ਤ੍ਰਾਲ ਇਲਾਕੇ ਵਿੱਚ ਹਿਜ਼ਬੁਲ ਮੁਜਾਹਦੀਨ ਦੇ ਤਿੰਨ ਖ਼ਤਰਨਾਕ ਅੱਤਵਾਦੀਆਂ ਨੂੰ ਮਾਰ ਦਿੱਤਾ ਹੈ। ਮੁਕਾਬਲੇ ਵਾਲੀ ਥਾਂ ਤੋਂ ਕਾਫੀ ਸਾਰਾ ਗੋਲ਼ਾ ਬਾਰੂਦ ਬਰਾਮਦ ਮਿ-ਲਆ ਹੈ। ਪਤਾ ਲੱਗਾ ਹੈ ਕਿ ਐਤਵਾਰ ਸਵੇਰੇ ਸੁਰੱਖਿਆ ਬਲਾਂ ਨੂੰ ਤ੍ਰਾਲ ਦੇ ਗੁਲਸ਼ਨਪੋਰਾ ਖੇਤਰ ਵਿਚ ਅੱਤਵਾਦੀਆਂ ਦੇ ਹੋਣ ਦੀ ਜਾਣਕਾਰੀ ਮਿਲੀ ਤਾਂ ਪੁਲਿਸ, ਫ਼ੌਜ ਅਤੇ ਸੀ ਆਰ ਪੀ ਐੱਫ ਦੇ ਸਾਂਝੇ ਦਸਤੇ ਨੇ ਪਿੰਡ ਨੂੰ ਘੇਰ ਕੇ ਤਲਾਸ਼ੀ ਮੁਹਿੰਮ ਆਰੰਭ ਕਰ ਦਿੱਤੀ। ਇਸ ਦੌਰਾਨ ਇਕ ਘਰ ਵਿਚ ਲੁਕੇ ਅੱਤਵਾਦੀਆਂ ਨੇ ਸੁਰੱਖਿਆ ਬਲਾਂ ਉੱਤੇ ਗੋਲ਼ੀਆਂ ਚਲਾ ਦਿੱਤੀਆਂ। ਕਈ ਘੰਟੇ ਤਕ ਚੱਲੇ ਮੁਕਾਬਲੇ ਪਿੱਛੋਂ ਦੁਪਹਿਰ ਪਿੱਛੋਂ ਗੋਲ਼ੀਬਾਰੀ ਬੰਦ ਹੋਈ ਤਾਂ ਓਥੇ ਅੱਤਵਾਦੀਆਂ ਦੀਆਂ ਲਾਸ਼ਾਂ ਪਈਆਂ ਸਨ, ਜਿਨ੍ਹਾਂ ਦੀ ਪਛਾਣ ਓਸੇ ਪਿੰਡ ਦੇ ਉਮਰ ਫਿਆਜ਼ ਲੋਨ ਉਰਫ਼ ਹਾਮਿਦ ਖ਼ਾਨ, ਮੋਗਹਾਮਾ ਦੇ ਆਦਿਲ ਬਸ਼ੀਰ ਮੀਰ ਉਰਫ਼ ਅਬੂ ਦੁਜਾਨਾ ਤੇ ਫੈਜ਼ਾਨ ਹਮੀਦ ਦੇ ਰੂਪ ਵਿਚ ਹੋਈ। ਮੁਕਾਬਲੇ ਦੌਰਾਨ ਕਾਫ਼ੀ ਗਿਣਤੀ ਵਿਚ ਲੋਕਾਂ ਤੱਤਾਂ ਨੇ ਨਾਅਰੇਬਾਜ਼ੀ ਕਰਦਿਆਂ ਪੱਥਰਬਾਜ਼ੀ ਕੀਤੀ, ਪਰ ਇਨ੍ਹਾਂ ਨੂੰ ਸੁਰੱਖਿਆ ਬਲਾਂ ਨੇ ਭਜਾ ਦਿੱਤਾ।

# ਭਾਰਤੀ ਹਵਾਈ ਅੱਡਿਆਂ ਉੱਤੇ ਇਰਾਕ ਜਾਣ ਵਾਲੇ ਤੀਰਥ ਯਾਤਰੀ ਵੀ ਰੋਕ ਦਿੱਤੇ ਗਏ



ਮੁੰਬਈ, 12 ਜਨਵਰੀ, (ਪੋਸਟ ਬਿਊਰੋ)- ਅਮਰੀਕਾ ਤੇ ਈਰਾਨ ਵਿਚਾਲੇ ਚੱਲਦੇ ਤਣਾਅ ਦਾ ਅਸਰ ਭਾਰਤ ਤੋਂ ਇਰਾਕ ਜਾਣ ਵਾਲੇ ਤੀਰਥ ਯਾਤਰੀਆਂ ਉੱਤੇ ਵੀ ਪਿਆ ਹੈ। ਸੁਰੱਖਿਆ ਕਾਰਨਾਂ ਕਰ ਕੇ ਮੁੰਬਈ ਦੇ ਕੌਮਾਂਤਰੀ ਹਵਾਈ ਅੱਡੇ ਉੱਤੇ 110 ਤੀਰਥ ਯਾਤਰੀਆਂ ਨੂੰ ਇਰਾਕ ਜਾਣ ਵਾਲੇ ਹਵਾਈ ਜਹਾਜ਼ ਵਿੱਚ ਚੜ੍ਹਨ ਤੋਂ ਰੋਕ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਇਹ ਤੀਰਥ ਯਾਤਰੀ ਅਸਲ ਵਿੱਚ ਦਾਊਦੀ ਬੋਹਰਾ ਭਾਈਚਾਰੇ ਨਾਲ ਸਬੰਧਤ ਹਨ ਅਤੇ ਇਹ ਸਭ ਇਰਾਕ ਦੇ ਪਵਿੱਤਰ ਧਾਰਮਿਕ ਸਥਾਨ ਉੱਤੇ ਜਾ ਰਹੇ ਸਨ। ਇਨ੍ਹਾਂ ਨੇ ਇਰਾਕੀ ਏਅਰਵੇਜ਼ ਦੀ ਉਡਾਣ ਵਿੱਚ ਨਜਫ਼ ਜਾਣਾ ਸੀ, ਪਰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਉਨ੍ਹਾਂ ਨੂੰ ਹਵਾਈ ਅੱਡੇ ਉੱਤੇ ਰੋਕ ਦਿੱਤਾ। ਪਤਾ ਲੱਗਾ ਹੈ ਕਿ ਉਨ੍ਹਾਂ ਵਿੱਚੋਂ ਕਈ ਲੋਕਾਂ ਨੂੰ ਇਮੀਗ੍ਰੇਸ਼ਨ ਤੋਂ ਕਲੀਅਰੈਂਸ ਵੀ ਮਿਲ ਗਈ ਸੀ। ਜਿਨ੍ਹਾਂ ਮੁਸਾਫਰਾਂ ਨੂੰ ਇਮੀਗ੍ਰੇਸ਼ਨ ਵਿਭਾਗ ਦੀ ਹਰੀ ਝੰਡੀ ਮਿਲ ਗਈ ਸੀ, ਉਨ੍ਹਾਂ ਨੂੰ ਵੀ ਬੋਰਡਿੰਗ ਗੇਟ ਤੋਂ ਮੋੜ ਲਿਆਂਦਾ ਗਿਆ ਅਤੇ ਹਵਾਈ ਅੱਡਾ ਅਧਿਕਾਰੀਆਂ ਨੇ ਇਸ ਉਡਾਣ ਵਾਲੀ ਹਵਾਈ ਕੰਪਨੀ ਨੂੰ ਅੱਧੀ ਰਾਤ ਮਗਰੋਂ ਬੋਰਡਿੰਗ ਪਾਸ ਜਾਰੀ ਕਰਨ ਤੋਂ ਰੋਕ ਦਿੱਤਾ। ਉਨ੍ਹਾਂ ਨੂੰ ਹਦਾਇਤਾਂ ਮਿਲੀਆਂ ਸਨ ਕਿ ਇਰਾਕ ਦੀ ਯਾਤਰਾ ਕਰਨੀ ਭਾਰਤੀਆਂ ਲਈ ਸੁਰੱਖਿਅਤ ਨਹੀਂ ਹੈ।

ਬੀਤੀ 8 ਜਨਵਰੀ ਨੂੰ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਇਕ ਸਰਕੂਲਰ ਜਾਰੀ ਕਰ ਕੇ ਕਿਹਾ ਸੀ ਕਿ ਇਰਾਕ ਜਾਣ ਵਾਲੇ ਭਾਰਤੀ ਯਾਤਰੀਆਂ ਲਈ ਇਮੀਗ੍ਰੇਸ਼ਨ ਪ੍ਰਵਾਨਗੀ ਸਸਪੈਂਡ ਕੀਤੀ ਗਈ ਹੈ। ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ (ਡੀ ਜੀ ਸੀ ਏ) ਨੇ ਮੱਧ-ਪੂਰਬੀ ਦੇਸ਼ਾਂ ਵਿੱਚ ਵਧਦੇ ਤਣਾਅ ਕਾਰਨ ਸਾਰੀਆਂ ਭਾਰਤੀ ਏਅਰਲਾਈਨਜ਼ ਨੂੰ ਇਰਾਕ, ਈਰਾਨ ਅਤੇ ਫ਼ਾਰਸ ਦੀ ਖਾੜੀ ਅਤੇ ਓਮਾਨ ਦੀ ਖਾੜੀ ਤੋਂ ਬਚਣ ਦੀ ਸਲਾਹ ਦਿੱਤੀ ਸੀ। ਗ੍ਰਹਿ ਮੰਤਰਾਲੇ ਦੀ ਹਦਾਇਤ ਮੁਤਾਬਕ ਇਨ੍ਹਾਂ ਮੁਸਾਫਰਾਂ ਨੂੰ ਹਵਾਈ ਜਹਾਜ਼ ਵਿੱਚ ਸਵਾਰ ਹੋਣ ਤੋਂ ਰੋਕਿਆ ਗਿਆ ਹੈ।

# ਮਾਡਲ ਟੈਮੀ ਹੈਮਬਰੋ ਦਾ ਦਾਅਵਾ: ਪੂਰੀ ਫੁੱਟਬਾਲ ਟੀਮ ਭੇਜਦੀ ਹੈ ਸ਼ਰਾਰਤੀ ਮੈਸੇਜ

ਸਿਡਨੀ, 12 ਜਨਵਰੀ (ਪੋਸਟ ਬਿਊਰੋ)- ਆਸਟਰੇਲੀਆ ਦੀ ਇੰਸਟਾਗ੍ਰਾਮ ਮਾਡਲ ਟੈਮੀ ਹੇਮਬਰੋ ਦਾ ਕਹਿਣਾ ਹੈ ਕਿ ਇੱਕ ਸਪੋਰਟਸ ਟੀਮ ਦੇ ਸਾਰੇ ਮੈਂਬਰ ਉਸ ਨੂੰ ਸ਼ਰਾਰਤ ਭਰੇ ਮੈਸੇਜ ਭੇਜ ਰਹੇ ਹਨ।

ਟੈਮੀ ਨੇ ਆਪਣੇ ਪੋਡਕਾਸਟ 'ਤੇ ਭੈਣ ਐਮਿਲੀ ਅਤੇ ਐਮੀ ਨਾਲ ਗੱਲਬਾਤ ਦੌਰਾਨ ਕਿਹਾ: ਮੈਂ ਪ੍ਰਮਾਤਮਾ ਦੀ ਸਹੁੰ ਖਾਂਦੀ ਹਾਂ, ਇਸ ਦੁਨੀਆ ਦਾ ਹਰ ਖਿਡਾਰੀ ਮੇਰੇ ਡੀ ਐੱਮ (ਡਾਇਰੈਕਟ ਮੈਸੇਜ) ਵਿੱਚ ਅਸਫਲ ਹੈ। ਅਕਸਰ ਕੈਨੇਡਾ ਦੇ ਸਿੰਗਰ ਜਹਕੋਯ ਪਾਮਰ ਨਾਲ ਦੇਖੀ ਜਾਣ ਵਾਲੀ ਟੈਮੀ ਨੇ ਕਿਹਾ ਕਿ ਫੋਟੋ ਸ਼ੇਅਰਿੰਗ ਐਪ 'ਤੇ ਉਸ ਨੂੰ ਉਸ ਦਿਨ ਹੈਰਾਨੀ ਹੋਈ, ਜਦੋਂ ਇੱਕ ਟੀਮ ਦੇ ਸਾਰੇ ਮੈਂਬਰ ਉਸ ਨੂੰ ਸ਼ਰਾਰਤ ਭਰੇ ਮੈਸੇਜ ਭੇਜਣ ਲੱਗੇ। ਇਹ ਮੇਰੇ ਲਈ ਬੁਰਾ ਸੀ ਕਿਉਂਕਿ ਮੈਂ ਕਿਸੇ ਨੂੰ ਵੀ ਰਿਪਲਾਈ ਨਹੀਂ ਕੀਤਾ।

25 ਸਾਲ ਦੀ ਉਮਰ ਵਿੱਚ ਦੋ ਬੱਚਿਆਂ ਦੀ ਮਾਂ ਬਣ ਚੁੱਕੀ ਟੈਮੀ ਨੇ ਕਿਹਾ ਕਿ ਜੇ ਟੀਮ ਵਿੱਚ ਕੋਈ ਪਲੇਅਰ ਮੈਨੂੰ ਦੇਖਣ ਵਿੱਚ ਚੰਗਾ ਲੱਗੇ ਤਾਂ ਮੈਂ ਜ਼ਰੂਰ ਉਸ ਨਾਲ ਡੇਟ 'ਤੇ ਜਾਂਦੀ ਹਾਂ, ਪਰ ਅਜਿਹਾ ਹੋ ਨਹੀਂ ਸਕਿਆ। ਵਰਨਣ ਯੋਗ ਹੈ ਕਿ ਟੈਮੀ ਬੀਤੇ ਦਿਨੀਂ ਉਦੋਂ ਚਰਚਾ ਵਿੱਚ ਆਈ ਸੀ, ਜਦੋਂ ਦੂਜੀ ਬੇਟੀ ਸੇਸਕੀਆ ਨੂੰ ਜਨਮ ਦੇਣ ਪਿੱਛੋਂ ਉਸ ਨੇ ਤੇਜ਼ੀ ਨਾਲ ਭਾਰ ਘੱਟ ਕੀਤਾ ਸੀ। ਟੈਮੀ ਦੀ ਆਪਣੀ ਐਕਸਰਸਾਈਜ਼ ਐਪ ਹੈ, ਜਿਸ ਵਿੱਚ ਉਹ ਆਪਣੇ ਫੈਨਜ਼ ਨੂੰ ਫਿਟਨੈਸ ਦੇ ਟਿੱਪਸ ਦਿੰਦੀ ਹੈ। ਉਹ ਇਸ ਤੋਂ ਪਹਿਲਾਂ ਰੀਸ ਹਾਕਿੰਗਸ ਨਾਲ ਰਿਲੇਸ਼ਨ ਵਿੱਚ ਸੀ। ਦੋਵਾਂ ਦਾ ਰਿਲੇਸ਼ਨਸ਼ਿਪ ਜੂਨ 2018 ਵਿੱਚ ਟੁੱਟ ਗਿਆ ਸੀ। ਇਸ ਤੋਂ ਬਾਅਦ ਇੰਸਟਾਗ੍ਰਾਮ ਮਾਡਲ ਪਾਮਰ ਨਾਲ ਦੇਖੀ ਜਾਣ ਲੱਗੀ। ਬੀਤੇ ਦਿਨੀਂ ਟੈਮੀ ਸੁਪਰ ਮਾਡਲ ਕੈਲੀ ਜੇਨਰ ਦੀ 21ਵੀਂ ਬਰਥ ਡੇ ਪਾਰਟੀ ਦੌਰਾਨ ਵੱਧ ਸ਼ਰਾਬ ਪੀਣ ਅਤੇ ਡਿੱਗਣ ਕਾਰਨ ਸੁਰਖੀਆਂ ਵਿੱਚ ਆਈ ਸੀ। ਟੈਮੀ ਨੇ ਉਸ ਹਾਦਸੇ ਨੂੰ ਯਾਦ ਕਰਦਿਆਂ ਕਿਹਾ ਕਿ ਇਹ ਮੇਰੀ ਜ਼ਿੰਦਗੀ ਦਾ ਸਭ ਤੋਂ ਖਰਾਬ ਦਿਨ ਸੀ।

## ਬ੍ਰਿਟੇਨ ਦੀ ਮਹਾਰਾਣੀ ਦੀ ਪੋਤੀ ਜ਼ਾਰਾ ਟਿੰਦਾਲ 'ਤੇ ਛੇ ਮਹੀਨੇ ਗੱਡੀ ਚਲਾਉਣ ਦੀ ਪਾਬੰਦੀ

ਲੰਡਨ, 12 ਜਨਵਰੀ (ਪੋਸਟ ਬਿਊਰੋ)- ਬੀਤੇ ਵਰ੍ਹੇ ਮਹਾਰਾਣੀ ਐਲਿਜ਼ਾਬੈਥ ਦੇ ਪਤੀ ਵੱਲੋਂ ਕੀਤੇ ਕਾਰ ਹਾਦਸੇ ਮਗਰੋਂ ਮਹਾਰਾਣੀ ਦੀ ਪੋਤੀ ਜ਼ਾਰਾ ਟਿੰਦਾਲ ਨੂੰ ਉਸ ਦੇ ਘਰ ਨੇੜੇ 90 ਮੀਲ ਪ੍ਰਤੀ ਘੰਟਾ ਰਫ਼ਤਾਰ ਨਾਲ ਗੱਡੀ ਚਲਾਉਂਦਿਆਂ ਫੜੇ ਜਾਣ ਤੋਂ ਬਾਅਦ ਛੇ ਮਹੀਨੇ ਲਈ ਵਾਹਨ ਚਲਾਉਣ 'ਤੇ ਪਾਬੰਦੀ ਲਾ ਦਿੱਤੀ ਗਈ ਹੈ।

ਪਤਾ ਲੱਗਾ ਹੈ ਕਿ ਜ਼ਾਰਾ ਦੇ ਲਾਇਸੰਸ 'ਤੇ ਪਹਿਲਾਂ ਹੀ ਨੌਂ ਪੁਆਇੰਟ ਲੱਗੇ ਹੋਏ ਸਨ, ਜਦ ਕਿ ਗਲੌਸਟਰਸ਼ਾਇਰ ਦੀ ਏ-417 ਸੜਕ 'ਤੇ 70 ਮੀਲ ਪ੍ਰਤੀ ਘੰਟਾ ਰਫ਼ਤਾਰ ਦੀ ਥਾਂ 90 ਮੀਲ ਪ੍ਰਤੀ ਘੰਟਾ ਤੇਜ਼ ਰਫ਼ਤਾਰ ਗੱਡੀ ਚਲਾਉਣ ਦੇ ਦੋਸ਼ ਹੇਠ ਚਾਰ ਹੋਰ ਪੁਆਇੰਟ ਲੱਗ ਗਏ। ਅਕਸਰ 12 ਪੁਆਇੰਟ ਲੱਗਣ ਤੋਂ ਬਾਅਦ ਯੂ ਕੇ ਵਿੱਚ ਕਿਸੇ 'ਤੇ ਵੀ ਵਾਹਨ ਚਲਾਉਣ 'ਤੇ ਪਾਬੰਦੀ ਲੱਗ ਜਾਂਦੀ ਹੈ। 38 ਸਾਲਾ ਗਲੌਸਟਰ ਐਂਡ ਇੰਗਲੈਂਡ ਦੇ ਸਾਬਕਾ ਰਗਬੀ ਖਿਡਾਰੀ ਮਾਈਕ ਟਿੰਦਾਲ ਦੀ ਪਤਨੀ ਜ਼ਾਰਾ ਆਸਟ੍ਰੇਲੀਆ ਗਈ ਹੋਣ ਕਰਕੇ ਚੈਲਟਨਹੈਮ ਮੈਜਿਸਟਰੇਟ ਅਦਾਲਤ 'ਚ ਫ਼ੈਸਲਾ ਸੁਣਾਉਣ ਮੌਕੇ ਹਾਜ਼ਰ ਨਹੀਂ ਸੀ। ਅਦਾਲਤ ਨੇ ਜ਼ਾਰਾ ਨੂੰ 666 ਪੌਂਡ ਖ਼ਰਚਾ ਅਤੇ 151 ਪੌਂਡ ਸਰਚਾਰਜ ਭਰਨ ਦੇ ਹੁਕਮ ਕੀਤੇ ਹਨ।








Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated.
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

**Toronto $2,150** — For Lease
**Bathurst & Lake Shore:** Great Prime Downtown Location! 1 Bedroom + 1 Bath Suite Very Spacious Layout Laminate Floor, Open Concept Kitchen, Stainless Steel Appliances, Granite Counter, Ensuite Laundry, Amenities Included, Gym, Media Room, Roof Top Terrance.

**Toronto $179,000**
**6464 Yonge St 128:** Well Establish Franchise Opportunity Of Bar Burrito, Located In A Very Busy & Well Known Mall At Center Point Mall In The Food Court, High Traffic Shopping Centre, Great Daily Exposure, Long Term Lease Sale Are $ 45,000 Per Month, Very Low Rent

**Vaughan $219,000** — Photo Not Available
**120 Whitmore Rd 15:** Well Established Dry Cleaner Depot, Turn Key Operation, Prime Location In Vaughan, 16 Years In Business, State Of The Art Equipment, Great Clientele, Sales Are $4,500 Per Week As Per Seller, Very Low Rent 3,200.

**Mississauga $199,900**
**5315 Tomken Rd 5:** Great Investment Opportunity! Well Established Electronics Store In Mississauga W/ Approx. 2100 Sq Ft, Very Low Rent Of $2,100 & Sales Of $80,000-$90,000. Will Not Last Long!

**Mississauga $299,000**
**136 Queen St S 2:** Well Established Franchise Pizzeria Business For Sale In Downtown Streetsville. Many Years In Business Weekly Sales Are $13500-14000/Wk. Very Busy Location, Located Beside A Huge And Busy Plaza, Across From Tim Hortons, LCBO & Other Stores

**Brampton $249,000** — Photo Not Available
**373 Steeles Ave W 1 :** Fantastic Opportunity To Be A Part Of A Well Established & Fast Growing Franchise, Mumma's Burritos Located In High Demand & Traffic Flow Area, Across From Sheridan College, Great Flow Traffic , Unbelievable Sales Of $28,000/Month As Per Seller, Very Low Rent Of $4,612.

**Shelburne $399,999**
**328 Centre St:** This Beautiful Renovated Home Comes With 3+2 Bedrooms And 2 1/2 Bathrooms. The Large Kitchen Has Lots Of Storage With Built In Pantry And A Dinning Area For Entertaining Friends And Family. The Large Open-Concept Living Space Provides An Unobstructed View Of The

**Waterloo $399,000** — Photo Not Available
**Hickory & Hemlock:** Golden Investment Or Live-In Opportunity. Minutes Walking To Waterloo & Laurier Universities. Steps To Public Transport & Minutes To Go Station. 2 Br/2 Wr Fully Furnished. Plus One Parking Space, 2 Years Free Maintenance Fee & Management Fee. Fully Furnished

**Mississauga $399,900** — Photo Not Available
**7120 Pacific Circ B:** Well Established Business For Sale, Truck Trailer Repair Shop, Many Years In Business, Well Known & Reputable Service, Long List Of Great Clientele & Repeated Customers, Approx 6,000 Sqft, Hold Upto 6 Trucks At A Time, Sales Are $900,000/Year As Per Seller.

**Burlington $2,650,000**
**Northshore Blvd To Eagle :**Exceptional 2-Storey In One Of Burlington's Most Sought-After Communities South Aldershot! Walking Distance To Burlington Golf Club And Lake Original Bungalow Completely Demolished (Except For Solarium) And Rebuilt, With New Upper Level Breath Taking View Of The Lake New Plumbing

**Mississauga $1,699,000**
**Qew And Hurontario :**Beautiful Lot In Mineola Ready For Construction Today. All Permits Complete And Fully Paid. All Approvals Stamped By Region Of Peel And The City Of Mississauga. Plans For A Just Under 6000 Sq Ft Home , Build The Perfect Home To Your Taste In A Cosy Cul-De-Sac. Located In One Of Mississauga Sought Off Areas.

**Oshawa $659,000** — Photo Not Available
**150 Windfields Farm Dr 86:**Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Toronto $899,900**
**29 Phillip Ave:**
For any information call Paramjeet Deol at 905-405-8484.

**Brampton $983,000**
**87 Earlsbridge Blvd:** This Home Feats Traditional European Style & Tasteful Decor. The Open Concept Main Flr Has Hrwd Flrs, Wainscoting, Designer Light Fixtures. Family-Sized Kitchen Is Fitted With Centre Island, Ss Appliances & Marble

**Mississauga $1,100,000**
**Mavis/Derry:**Gorgeous, Premium Lot, All Brick Detached 3+1 Bdrm In Olde Meadowvale Village. All Hdwd Throughout Main Floor, Custom Kitchen B/S Granite, Display Cabinets, S/S App, Brkfst Area, W/O To Deck & Fenced Yrd, Fam Rm W F/Place, Hdwd In Liv/Din, Hdwd Stairs.

**Brampton $1,900,000** — Photo Not Available
**115 Orenda Rd:** Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller.

*Canadian punjabi post assumes no responsibility for the accuracy of any information shown. Copyright Ppost 2019

# ਬਾਦਲ ਵਿਰੋਧੀ ਦਲਾਂ ਦੇ ਆਗੂ 18 ਜਨਵਰੀ ਨੂੰ ਦਿੱਲੀ ਵਿੱਚ ਪੰਥਕ ਇਕੱਠ ਕਰਨਗੇ

ਜਲੰਧਰ, 12 ਜਨਵਰੀ (ਪੋਸਟ ਬਿਊਰੋ)- ਦਿੱਲੀ ਦੀ 'ਜਾਗੋ ਪਾਰਟੀ' ਦੇ ਪ੍ਰਧਾਨ ਅਤੇ ਦਿੱਲੀ ਦੇ ਸਿੱਖ ਆਗੂ ਮਨਜੀਤ ਸਿੰਘ ਜੀ ਕੇ ਦੀ ਪਹਿਲ ਉੱਤੇ ਦਿੱਲੀ ਦੇ ਟਕਸਾਲੀ ਅਕਾਲੀਆਂ ਦੇ ਪਰਵਾਰਾਂ ਨੇ ਸਭਨਾਂ ਬਾਦਲ ਵਿਰੋਧੀ ਪੰਥਕ ਧਿਰਾਂ ਅਤੇ ਅਕਾਲੀ ਆਗੂਆਂ ਦਾ ਇਕੱਠ 18 ਜਨਵਰੀ ਨੂੰ ਦਿੱਲੀ ਵਿਖੇ ਬੁਲਾਇਆ ਹੈ। ਇਸ ਪੰਥਕ ਇਕੱਠ ਵਿੱਚ ਦਿੱਲੀ ਦੇ ਸਿੱਖ ਆਗੂ ਮਨਜੀਤ ਸਿੰਘ ਜੀ ਕੇ ਅਤੇ ਪਰਮਜੀਤ ਸਿੰਘ ਸਰਨਾ ਤੋਂ ਬਿਨਾ ਸੀਨੀਅਰ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ, ਅਕਾਲੀ ਦਲ ਟਕਸਾਲੀ, ਅਕਾਲੀ ਦਲ (1920) ਦੇ ਆਗੂਆਂ ਅਤੇ ਬਲਵੰਤ ਸਿੰਘ ਰਾਮੂਵਾਲੀਆ ਵਰਗੇ ਆਗੂਆਂ ਤੋਂ ਇਲਾਵਾ ਕਈ ਰਾਜਾਂ ਦੇ ਸਿੱਖ ਪ੍ਰਤੀਨਿਧਾਂ ਦੇ ਸ਼ਾਮਲ ਹੋਣ ਦੀ ਆਸ ਹੈ।

ਮਨਜੀਤ ਸਿੰਘ ਜੀ ਕੇ ਨੇ ਦੱਸਿਆ ਕਿ ਇਹ ਪੰਥਕ ਇਕੱਠ ਪਾਰਲੀਮੈਂਟ ਹਾਲ ਨੇੜੇ ਮਾਵਲੰਕਰ ਹਾਲ ਵਿਖੇ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਲੁਧਿਆਣੇ ਵਾਲੇ ਬੈਂਸ ਭਰਾਵਾਂ ਨੂੰ ਆਉਣ ਦਾ ਸੱਦਾ ਦਿੱਤਾ ਜਾਵੇਗਾ। ਪੰਜਾਬ ਤੋਂ ਬਾਹਰ ਸਿੱਖਾਂ ਦਾ ਦੂਜਾ ਗੜ੍ਹ ਦਿੱਲੀ ਹੈ ਤੇ ਦਿੱਲੀ ਵਿੱਚ ਅਕਾਲੀ ਦਲ (ਬ) ਨੂੰ ਚੁਣੌਤੀ ਦੇਣ ਲਈ ਇਹ ਕਦਮ ਚੁੱਕਿਆ ਜਾ ਰਿਹਾ ਹੈ। ਇਨ੍ਹਾਂ ਦਲਾਂ ਤੇ ਸ਼ਖ਼ਸੀਅਤਾਂ ਵੱਲੋਂ ਪੰਜਾਬ ਵਿੱਚ ਵੀ ਅਕਾਲੀ ਲੀਡਰਸ਼ਿਪ ਨੂੰ ਚੁਣੌਤੀ ਦੇਣ ਦੇ ਯਤਨ ਚੱਲ ਰਹੇ ਹਨ। ਦਿੱਲੀ ਵਿਧਾਨ ਸਭਾ ਚੋਣਾਂ ਅਗਲੇ ਮਹੀਨੇ ਹੋਣ ਵਾਲੀਆਂ ਹਨ ਤੇ ਇੱਕ ਸਾਲ ਬਾਅਦ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਹੋਣਗੀਆਂ। ਇਨ੍ਹਾਂ ਦਲਾਂ ਤੇ ਸ਼ਖ਼ਸੀਅਤਾਂ ਦਾ ਨਿਸ਼ਾਨਾ ਹੈ ਕਿ ਇਕੱਠੇ ਹੋ ਕੇ ਅਕਾਲੀ ਦਲ (ਬਾਦਲ) ਤੋਂ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਖੋਹੀ ਜਾਵੇ ਤੇ ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੋਂ ਬਾਦਲ ਅਕਾਲੀ ਦਲ ਦਾ ਕਬਜ਼ਾ ਤੋੜਨ ਲਈ ਪੰਜਾਬ ਵੱਲ ਜਾਇਆ ਜਾਵੇ। ਪਤਾ ਲੱਗਾ ਹੈ ਕਿ ਬਾਦਲ ਦਲ ਵਿਰੁੱਧ ਬੱਝਦੇ ਇਸ ਇਕੱਠ ਵਿੱਚ ਸ਼ਾਮਲ ਹੋ ਰਹੇ ਕਈ ਆਗੂ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਕੇਜਰੀਵਾਲ ਦੇ ਮੁੜ ਸੱਤਾ ਵਿੱਚ ਆਉਣ ਦੀਆਂ ਸੰਭਾਵਨਾਵਾਂ ਨੂੰ ਦੇਖ ਕੇ ਦਿੱਲੀ ਦੇ ਸਿੱਖਾਂ ਨੂੰ ਆਮ ਆਦਮੀ ਪਾਰਟੀ ਦੀ ਹਮਾਇਤ ਦਾ ਸੱਦਾ ਦੇਣ ਬਾਰੇ ਸੋਚ ਰਹੇ ਹਨ। ਇਨ੍ਹਾਂ ਆਗੂਆਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਨਾਲ ਦਿੱਲੀ 'ਚ ਬਣੀ ਸਦਭਾਵਨਾ ਫਿਰ ਪੰਜਾਬ 'ਚ ਦੋਵਾਂ ਧਿਰਾਂ ਦੀ ਨੇੜਤਾ ਦਾ ਰਸਤਾ ਖੋਲ੍ਹ ਸਕਦੀ ਹੈ, ਪਰ ਬਹੁਤ ਸਾਰੇ ਆਗੂ ਅਜੇ ਅਜਿਹਾ ਕਾਹਲਾ ਕਦਮ ਚੁੱਕਣ ਦੇ ਹੱਕ ਵਿੱਚ ਨਹੀਂ।

ਅਸਲ ਵਿੱਚ ਇਹ ਆਗੂ ਆਮ ਆਦਮੀ ਪਾਰਟੀ ਦੀ ਹਮਾਇਤ ਦਾ ਨਾਹਰਾ ਦੇ ਕੇ ਇੱਕ ਦਮ ਭਾਜਪਾ ਨੂੰ ਨਾਰਾਜ਼ ਕਰਨ ਦੇ ਹੱਕ ਵਿੱਚ ਨਹੀਂ। ਕੁਝ ਆਗੂਆਂ ਨੂੰ ਇਸ ਪਾਰਟੀ ਦੀ ਹਮਾਇਤ ਖਾਹਮਖਾਹ ਪੰਜਾਬ 'ਚ ਕਾਂਗਰਸ ਸਰਕਾਰ ਨਾਲ ਪੇਚਾ ਪਾਉਣ ਵਾਲੀ ਗੱਲ ਲਗਦੀ ਹੈ। ਦਿੱਲੀ ਗੁਰ-ਦੁਆਰਾ ਕਮੇਟੀ ਦੀਆਂ ਪਿਛਲੀਆਂ ਚੋਣਾਂ ਸਮੇਂ ਪੰਜਾਬ ਵਿੱਚ ਅਕਾਲੀ ਲੀਡਰਸ਼ਿਪ ਬੁਰੀ ਤਰ੍ਹਾਂ ਫਸੀ ਹੋਈ ਸੀ ਤਾਂ ਦਿੱਲੀ ਦੇ ਸਿੱਖਾਂ ਨੇ ਮਨਜੀਤ ਸਿੰਘ ਜੀ ਕੇ ਦੀ ਅਗਵਾਈ ਵਿੱਚ ਅਕਾਲੀ ਦਲ ਨੂੰ ਵੱਡੀ ਜਿੱਤ ਦਿਵਾਈ ਸੀ। ਦਿੱਲੀ ਵਿਧਾਨ ਸਭਾ ਚੋਣ ਵਿੱਚ ਅਕਾਲੀ ਦਲ ਭਾਜਪਾ ਨਾਲ ਮਿਲ ਕੇ ਚੋਣ ਲੜ ਰਿਹਾ ਹੈ ਤੇ ਆਸ ਹੈ ਕਿ ਪਹਿਲਾਂ ਵਾਂਗ ਅਕਾਲੀ ਦਲ ਦੇ ਚਾਰ ਉਮੀਦਵਾਰ ਹੋਣਗੇ, ਪਰ ਇਸ ਵਾਰ ਉਨ੍ਹਾਂ ਵੱਲੋਂ ਅਕਾਲੀ ਦਲ ਦੇ ਚੋਣ ਨਿਸ਼ਾਨ ਉਪਰ ਚੋਣ ਲੜਨ ਬਾਰੇ ਜ਼ੋਰ ਦਿੱਤਾ ਜਾ ਰਿਹਾ ਹੈ। ਦੂਜੇ ਪਾਸੇ ਪਤਾ ਲੱਗਾ ਹੈ ਕਿ ਬਾਦਲ ਵਿਰੋਧੀ ਧੜਿਆ ਖ਼ਾਸ ਕਰ ਸੁਖਦੇਵ ਸਿੰਘ ਢੀਂਡਸਾ ਤੇ ਸਾਥੀਆਂ ਉਪਰ ਇਸ ਗੱਲ ਦਾ ਭਾਰੀ ਦਬਾਅ ਹੈ ਕਿ ਦਿੱਲੀ ਚੋਣਾਂ ਵਿੱਚ ਭਾਜਪਾ ਵਿਰੋਧੀ ਸਟੈਂਡ ਨਾ ਲੈਣ। ਆਸ ਵੀ ਹੈ ਕਿ ਅਕਾਲੀ ਦਲ ਨੂੰ ਬੁਨਿਆਦੀ ਅਸੂਲਾਂ ਉਤੇ ਖੜ੍ਹੇ ਕਰਨ ਦੀਆਂ ਗੱਲਾਂ ਕਰਦਿਆਂ ਅਕਾਲੀ ਲੀਡਰਸ਼ਿਪ ਦੀ ਸਖ਼ਤ ਆਲੋਚਨਾ ਕੀਤੀ ਜਾਵੇਗੀ, ਪਰ ਮੋਦੀ ਸਰਕਾਰ ਵੱਲ ਹਾਲੇ ਨਰਮ ਰੁੱਖ ਅਪਣਾਇਆ ਜਾਵੇਗਾ।

# ਟ੍ਰਿਬਿਊਨਲ ਵੱਲੋਂ ਸਿੱਖਸ ਫਾਰ ਜਸਟਿਸ 'ਤੇ ਪਾਬੰਦੀ ਕਾਇਮ

ਨਵੀਂ ਦਿੱਲੀ, 12 ਜਨਵਰੀ (ਪੋਸਟ ਬਿਊਰੋ)- ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਤਹਿਤ ਬਣਾਏ ਟ੍ਰਿਬਿਊਨਲ ਨੇ ਕੇਂਦਰ ਸਰਕਾਰ ਵੱਲੋਂ ਅਮਰੀਕੀ ਜਥੇਬੰਦੀ 'ਸਿੱਖਸ ਫਾਰ ਜਸਟਿਸ' (ਐਸ ਐਫ ਜੇ) ਉੱਤੇ ਲਾਈ ਪਾਬੰਦੀ ਨੂੰ ਕਾਇਮ ਰੱਖ ਕੇ ਕਿਹਾ ਹੈ ਕਿ ਇਸ ਜਥੇਬੰਦੀ ਦੀਆਂ ਸਰਗਰਮੀਆਂ 'ਵਿਘਨ-ਪਾਊ' ਹਨ ਤੇ ਇਸ ਨੇ ਭਾਰਤ ਦੀ ਪ੍ਰਭੂਸੱਤਾ, ਏਕਤਾ ਤੇ ਖੇਤਰੀ ਇਕਸੁਰਤਾ ਲਈ ਖ਼ਤਰਾ ਪੈਦਾ ਕੀਤਾ ਹੈ।

ਦਿੱਲੀ ਹਾਈ ਕੋਰਟ ਦੇ ਚੀਫ ਜਸਟਿਸ ਡੀ ਐਨ ਪਟੇਲ ਦੀ ਅਗਵਾਈ ਵਾਲੇ ਟ੍ਰਿਬਿਊਨਲ ਨੇ ਕਿਹਾ ਕਿ ਸਬੂਤਾਂ ਤੋਂ ਸਾਬਤ ਹੁੰਦਾ ਹੈ ਕਿ ਐਸ ਐਫ ਜੇ ਵੱਲੋਂ ਭਾਰਤ ਵਿਰੋਧੀ ਸੰਸਥਾਵਾਂ ਅਤੇ ਤਾਕਤਾਂ ਨਾਲ ਰਲ ਕੇ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕੋਲ ਐਸ ਐਫ ਜੇ ਨੂੰ ਗੈਰਕਾਨੂੰਨੀ ਜਥੇਬੰਦੀ ਐਲਾਨਣ ਲਈ ਗੈਰਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ ਹੇਠ ਬਥੇਰੇ ਕਾਰਨ ਸਨ। ਟ੍ਰਿਬਿਊਨਲ ਨੇ ਕਿਹਾ, "ਭਾਰਤ ਸਰਕਾਰ ਵੱਲੋਂ 10 ਜੁਲਾਈ, 2019 ਨੂੰ ਐਕਟ ਹੇਠ ਸਿੱਖਸ ਫਾਰ ਜਸਟਿਸ (ਐਸ ਐਫ ਜੇ) ਨੂੰ ਗੈਰਕਾਨੂੰਨੀ ਜਥੇਬੰਦੀ ਐਲਾਨਣ ਲਈ ਜਾਰੀ ਕੀਤੇ ਨੋਟੀਫਿਕੇਸ਼ਨ ਦੀ ਪੁਸ਼ਟੀ ਹੋਈ ਹੈ। ਇਸ ਕਰਕੇ ਇਸ ਨੂੰ ਕਾਇਮ ਰੱਖਿਆ ਜਾਂਦਾ ਹੈ।" ਕੇਂਦਰ ਨੇ 10 ਜੁਲਾਈ 2019 ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਐਸ ਐਫ ਜੇ ਨੂੰ ਗੈਰਕਾਨੂੰਨੀ ਜਥੇਬੰਦੀ ਐਲਾਨਿਆ ਅਤੇ ਇਸ 'ਤੇ ਪੰਜ ਸਾਲਾਂ ਲਈ ਪਾਬੰਦੀ ਲਾ ਕੇ ਕਿਹਾ ਸੀ ਕਿ ਇਸ ਸੰਗਠਨ ਦਾ ਮੁੱਖ ਮੰਤਵ ਪੰਜਾਬ ਨੂੰ 'ਵਖੱਰੇ ਮੁਲਕ' ਵਜੋਂ ਸਥਾਪਤ ਕਰਨਾ ਹੈ ਅਤੇ ਇਸ ਵੱਲੋਂ ਖੁੱਲ੍ਹੇਆਮ ਖਾਲਿਸਤਾਨ ਬਣਾਉਣ ਦਾ ਸਮਰਥਨ ਕੀਤਾ ਜਾਂਦਾ ਹੈ, ਜੋ ਦੇਸ਼ ਦੀ ਪ੍ਰਭੂਸੱਤਾ ਅਤੇ ਖੇਤਰੀ ਇਕਸੁਰਤਾ ਲਈ ਚੁਣੌਤੀ ਹੈ। ਇਸ ਤੋਂ ਬਾਅਦ ਅਗਸਤ ਵਿੱਚ ਟ੍ਰਿਬਿਊਨਲ ਬਣਾਇਆ ਗਿਆ ਸੀ, ਜਿਸ ਵੱਲੋਂ ਇਹ ਫ਼ੈਸਲਾ ਕੀਤਾ ਜਾਣਾ ਸੀ ਕਿ ਐਸ ਐਫ ਜੇ ਨੂੰ ਗੈਰਕਾਨੂੰਨੀ ਜਥੇਬੰਦੀ ਐਲਾਨੇ ਜਾਣ ਦੇ ਕਾਰਨ ਢਕਵੇਂ ਹਨ ਜਾਂ ਨਹੀਂ। ਟ੍ਰਿਬਿਊਨਲ ਨੇ ਛੇ ਜਨਵਰੀ ਨੂੰ ਦਿੱਤੇ ਆਦੇਸ਼ ਵਿੱਚ ਕਿਹਾ ਕਿ ਭਾਰਤ ਦੇ ਸੂਬੇ ਪੰਜਾਬ ਨੂੰ ਵੱਖਰਾ ਮੁਲਕ ਬਣਾਉਣ ਸਬੰਧੀ ਪ੍ਰਚਾਰ ਲਈ ਰੈਫਰੈਂਡਮ-2020 ਨਾਂ ਦੀ ਮਹਿੰਮ ਪਿੱਛੇ ਅਮਰੀਕਾ ਆਧਾਰਤ ਐਸ ਐਫ ਜੇ ਦਾ ਹੱਥ ਹੈ। ਇਸ ਜਥੇਬੰਦੀ ਨੂੰ ਅਮਰੀਕਾ, ਕੈਨੇਡਾ ਅਤੇ ਯੂ ਕੇ ਵਿੱਚ ਵਸਦੇ ਵਿਦੇਸ਼ੀ ਨਾਗਰਿਕਤਾ ਵਾਲੇ ਸਿੱਖਾਂ ਵੱਲੋਂ ਚਲਾਇਆ ਜਾਂਦਾ ਹੈ।

# ਸਿੱਧੂ ਮੂਸੇਵਾਲਾ ਨਾਲ ਇਕ ਹੋਰ ਵਿਵਾਦ ਜੁੜ ਗਿਆ!

ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ)- ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੇ ਖਿਲਾਫ ਕੈਨੇਡਾ ਦੀ ਸਿਟੀਜਨ ਮਹਿਲਾ ਨੇ ਮੋਗਾ ਦੇ ਐਨ ਆਰ ਆਈ ਥਾਣੇ ਵਿੱਚ ਸ਼ਿਕਾਇਤ ਦਰਜ ਕਰਵਾਈ ਹੈ। ਉਸ ਦਾ ਕਹਿਣਾ ਹੈ ਕਿ ਸਿੱਧੂ ਮੂਸੇਵਾਲਾ ਉਸ ਨੂੰ ਫੋਨ ਉਤੇ ਧਮਕੀ ਭਰੇ ਮੈਸੇਜ ਭੇਜਦਾ ਹੈ। ਪੁਲਿਸ ਇਸ ਕੇਸ ਦੀ ਜਾਂਚ ਵਿੱਚ ਜੁਟ ਗਈ ਹੈ।



ਮਿਲੀ ਜਾਣਕਾਰੀ ਅਨੁਸਾਰ ਮੋਗਾ ਦੇ ਐਨ ਆਰ ਆਈ ਥਾਣੇ ਨੂੰ ਕੈਨੇਡਾ ਸਿਟੀਜ਼ਨ ਮਹਿਲਾ ਨੇ ਸ਼ਿਕਾਇਤ ਕੀਤੀ ਹੈ ਕਿ ਸਿੱਧੂ ਮੂਸੇਵਾਲਾ ਨੇ ਉਸ ਨੂੰ ਧਮਕੀਆਂ ਵਾਲੇ ਮੈਸੇਜ ਭੇਜੇ ਹਨ। ਉਸ ਨੇ ਦੱਸਿਆ ਕਿ ਸਿੱਧੂ ਮੂਸੇਵਾਲਾ ਸਾਲ 2017 ਵਿੱਚ ਸਟੂਡੈਂਟ ਬੇਸ ਉੱਤੇ ਕੈਨੇਡਾ ਗਿਆ ਸੀ। ਇੱਥੇ ਉਹ ਉਸ ਮਹਿਲਾ ਨੂੰ ਮਿਲਿਆ ਤਾਂ ਉਨ੍ਹਾਂ ਦੇ ਸਿੱਧੂ ਮੂਸੇਵਾਲੇ ਨਾਲ ਪਰਵਾਰਿਕ ਸੰਬੰਧ ਬਣ ਗਏ। ਮਹਿਲਾ ਨੇ ਸਿੱਧੂ ਮੂਸੇਵਾਲੇ ਦੀ ਕਈ ਵਾਰੀ ਆਰਥਿਕ ਮਦਦ ਵੀ ਕੀਤੀ। ਇਸ ਤੋਂ ਬਾਅਦ ਜਦੋਂ ਉਸ ਦੇ ਮਾਤਾ ਪਿਤਾ ਕੈਨੇਡਾ ਗਏ ਤਾਂ ਦੋਵਾਂ ਦੇ ਸੰਬੰਧ ਵਿਗੜ ਗਏ। ਮਹਿਲਾ ਦਾ ਕਹਿਣਾ ਹੈ ਕਿ ਇਸ ਪਿੱਛੋਂ ਸਿੱਧੂ ਮੂਸੇਵਾਲਾ ਨੇ ਮੈਸੇਜ ਰਾਹੀਂ ਉਸ ਨੂੰ ਅਤੇ ਉਸ ਦੀ ਧੀ ਨੂੰ ਧਮਕੀ ਦਿੱਤੀ ਹੈ। ਇਸ ਮਹਿਲਾ ਦੇ ਬਿਆਨਾਂ ਉੱਤੇ ਪੁਲਿਸ ਨੇ ਸ਼ਿਕਾਇਤ ਦਰਜ ਕਰ ਕੇ ਕਿਹਾ ਹੈ ਕਿ ਜਾਂਚ ਤੋਂ ਬਾਅਦ ਹੀ ਕੁਝ ਸਾਹਮਣੇ ਆ ਸਕੇਗਾ।

ਵਰਨਣ ਯੋਗ ਹੈ ਕਿ ਪਹਿਲਾਂ ਸਿੱਧੂ ਮੂਸੇਵਾਲਾ ਆਪਣੇ ਗੀਤ 'ਜੱਟੀ ਜਿਉਣੇ ਮੌੜ ਵਰਗੀ' ਵਿਚ ਮਾਈ ਭਾਗੋ ਦਾ ਜ਼ਿਕਰ ਕਰ ਕੇ ਵਿਵਾਦਾਂ ਵਿੱਚ ਘਿਰ ਚੁੱਕਾ ਹੈ। ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਹੱਥ ਲਿਖਤ ਬਿਆਨ ਵਿੱਚ ਕਿਹਾ ਸੀ ਕਿ ਗਾਇਕ ਸਿੱਧੂ ਮੂਸੇ ਵਾਲਾ, ਜਿਸ ਨੇ ਗਾਣੇ ਵਿਚ ਸਤਿਕਾਰ ਯੋਗ ਮਾਤਾ ਭਾਗ ਕੌਰ ਦੇ ਨਾਂ ਦੀ ਦੁਰਵਰਤੋਂ ਕੀਤੀ ਸੀ, ਉੱਤੇ ਸ਼੍ਰੋਮਣੀ ਕਮੇਟੀ ਵਲੋਂ ਪਹਿਲਾਂ ਕਾਰਵਾਈ ਚੱਲ ਰਹੀ ਹੈ, ਪਰ ਹਾਲੇ ਕਾਰਵਾਈ ਮੁਕੰਮਲ ਨਹੀਂ ਹੋਈ। ਇਸ ਦੇ ਬਾਵਜੂਦ ਉਸ ਨੇ ਵਿਦੇਸ਼ ਵਿੱਚ ਉਹੀ ਗਾਣਾ ਦੁਬਾਰਾ ਬੋਲਿਆ ਹੈ ਜਿਸ ਨਾਲ ਸੰਗਤਾਂ ਦੇ ਹਿਰਦੇ ਨੂੰ ਠੇਸ ਪੁੱਜੀ ਹੈ। ਇਸ ਲਈ ਜਥੇਦਾਰ ਸਾਹਿਬ ਨੇ ਇਸ ਬਾਰੇ ਸ਼੍ਰੋਮਣੀ ਕਮੇਟੀ ਨੂੰ ਸਖ਼ਤ ਕਾਰਵਾਈ ਕਰਨ ਦੇ ਹੁਕਮ ਦਿੱਤੇ ਸਨ।

# ਵਿਧਾਇਕ ਨੇ ਸਰਕਾਰੀ ਸਟੋਰ ਤੋਂ ਦਵਾਈ ਖਰੀਦੀ, ਦੂਜੇ ਸਟੋਰ ਤੋਂ 50 ਫੀਸਦੀ ਮਹਿੰਗੀ ਮਿਲੀ

ਰੋਹਤਕ, 12 ਜਨਵਰੀ (ਪੋਸਟ ਬਿਊਰੋ)- ਪੀ ਜੀ ਆਈ ਐੱਮ ਐੱਸ ਰੋਹਤਕ ਵਿੱਚ ਸਸਤੀਆਂ ਦਵਾਈਆਂ ਦੇ ਲਈ ਖੁੱਲ੍ਹੇ ਅੰਮ੍ਰਿਤ ਸਟੋਰ 'ਤੇ ਮਹਿੰਗੇ ਬ੍ਰਾਂਡ ਦੀਆਂ ਦਵਾਈਆਂ ਵੇਚਣ ਦੀ ਸ਼ਿਕਾਇਤ 'ਤੇ ਮਹਿਮ ਦੇ ਆਜ਼ਾਦ ਵਿਧਾਇਕ ਬਲਰਾਜ ਕੁੰਡੂ ਨੇ ਖੁਦ ਮਰੀਜ਼ ਬਣ ਕੇ ਇਸ ਦਾ ਖੁਲਾਸਾ ਕੀਤਾ।

ਕੁੰਡੂ ਅੱਠ ਜਨਵਰੀ ਨੂੰ ਮਰੀਜ਼ ਬਣ ਕੇ ਆਏ ਤੇ ਆਰਥੋ ਵਿਭਾਗ ਵਿੱਚ ਜਾਂਚ ਕਰਵਾ ਕੇ ਦਵਾਈਆਂ ਲਿਖਾਈਆਂ। ਇਸ ਦੇ ਬਾਅਦ ਅੰਮ੍ਰਿਤ ਸਟੋਰ ਦੇ ਇਲਾਵਾ ਦੋ ਹੋਰ ਕੈਮਿਸਟ ਸ਼ਾਪਸ ਤੋਂ ਦਵਾਈਆਂ ਤੇ ਇੰਪਲਾਂਟ ਲਏ। ਨਿੱਜੀ ਦੁਕਾਨਾਂ ਤੋਂ ਲਏ ਸਾਮਾਨ ਦੇ ਰੇਟ ਅੰਮ੍ਰਿਤ ਸਟੋਰ ਤੋਂ ਤੀਹ ਤੋਂ ਪੰਜਾਹ ਫੀਸਦੀ ਤੱਕ ਘੱਟ ਨਿਕਲੇ। ਇਸ ਦੇ ਬਾਅਦ ਬਲਰਾਜ ਕੁੰਡੂ ਨੇ ਕੱਲ੍ਹ ਪੀ ਜੀ ਆਈ ਵਿੱਚ ਛਾਪਾ ਮਾ-ਰਿਆ। ਉਹ ਪਹਿਲਾਂ ਹੈਲਥ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਓ ਪੀ ਕਾਲਰਾ ਅਤੇ ਪੀ ਜੀ ਆਈ ਐੱਮ ਐੱਸ ਦੇ ਡਾਇਰੈਕਟਰ ਡਾਕਟਰ ਰੋਹਤਾਸ਼ ਯਾਦਵ ਨੂੰ ਮਿਲੇ ਅਤੇ ਫੁੱਲਮਾਲਾ ਪਹਿਨਾ ਕੇ ਚੰਗਾ ਕੰਮ ਕਰਨ ਦੀ ਵਧਾਈ ਦਿੱਤੀ। ਫਿਰ ਦੋਵਾਂ ਅਧਿਕਾਰੀਆਂ ਤੋਂ ਪੀ ਜੀ ਆਈ ਦੀ ਵਿਵਸਥਾ ਜਾਂਚਣ ਦੀ ਅਪੀਲ ਕਰਦੇ ਹੋਏ ਉਨ੍ਹਾਂ ਨੂੰ ਨਾਲ ਲੈ ਕੇ ਉਨ੍ਹਾਂ ਨੇ ਵੀ ਸੀ ਦੇ ਸਾਹਮਣੇ ਅੰਮ੍ਰਿਤ ਸਟੋਰ ਦੀਆਂ ਪਰਤਾਂ ਖੋਲ੍ਹਣੀਆਂ ਸ਼ੁਰੂ ਕੀਤੀਆਂ। ਉਨ੍ਹਾਂ ਨੇ ਬਿਲ ਅਤੇ ਸਾਮਾਨ ਦਿਖਾਏ, ਜੋ ਦੂਸਰੀ ਕੰਪਨੀ ਦੇ ਬਾਹਰ ਸਸਤੇ ਮਿਲਦੇ ਹਨ, ਪ੍ਰੰਤੂ ਅੰਮ੍ਰਿਤ ਸਟੋਰ 'ਤੇ ਮਹਿੰਗੀ ਕੰਪਨੀ ਦੇ ਵੇਚੇ ਜਾ ਰਹੇ ਹਨ। ਉਨ੍ਹਾਂ ਨੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਉਂਦੇ ਹੋਏ ਅੰਮ੍ਰਿਤ ਸਟੋਰ ਬੰਦ ਕਰਨ ਦੀ ਮੰਗ ਕੀਤੀ। ਕੁੰਡੂ ਨੇ ਕਿਹਾ ਹੈ ਕਿ ਉਹ ਸਿਹਤ ਮੰਤਰੀ ਅਨਿਲ ਵਿਜ ਨੂੰ ਉਸ ਦੀ ਸ਼ਿਕਾਇਤ ਕਰਨਗੇ।

# ਕਤਲ, ਲੁੱਟਾਂ-ਖੋਹਾਂ ਅਤੇ ਡਕੈਤੀਆਂ ਕਰਨ ਵਾਲਾ ਗਿਰੋਹ ਕਾਬੂ

ਸੰਗਰੂਰ, 12 ਜਨਵਰੀ (ਪੋਸਟ ਬਿਊਰੋ)- ਜ਼ਿਲਾ ਸੰਗਰੂਰ ਦੀ ਪੁਲਸ ਨੇ ਕਤਲ, ਲੁੱਟਾਂ ਖੋਹਾਂ ਅਤੇ ਚੋਰੀਆਂ ਕਰਨ ਅਤੇ ਡਾਕੇ ਮਾਰਨ ਵਾਲੇ ਗਿਰੋਹ ਨੂੰ ਕਾਬੂ ਕਰ ਕੇ ਵੱਡੀ ਸਫਲਤਾ ਪ੍ਰਾਪਤ ਕੀਤੀ।

ਇਸ ਬਾਰੇ ਡਾਕਟਰ ਸੰਦੀਪ ਗਰਗ ਐੱਸ ਐੱਸ ਪੀ ਸੰਗਰੂਰ ਨੇ ਪ੍ਰੈਸ ਨੂੰ ਦੱਸਿਆ ਕਿ ਗੁਰਮੀਤ ਸਿੰਘ ਐੱਸ ਪੀ (ਪੜਤਾਲ) ਸੰਗਰੂਰ ਦੀ ਨਿਗਰਾਨੀ ਹੇਠ ਇੰਚਾਰਜ ਸੀ ਆਈ ਏ ਸਟਾਫ ਬਹਾਦਰ ਸਿੰਘ ਵਾਲਾ ਅਤੇ ਉਨ੍ਹਾਂ ਦੀ ਟੀਮ ਨੂੰ ਓਦੋਂ ਵੱਡੀ ਸਫਲਤਾ ਮਿਲੀ, ਜਦੋਂ ਕਤਲ, ਡਕੈਤੀ, ਲੁੱਟ ਖੋਹ ਅਤੇ ਪਾੜ ਜਾਂ ਚੋਰੀ ਜਿਹੇ ਜੁਰਮ ਕਰਨ ਵਾਲੇ 10 ਦੋਸ਼ੀਆਂ ਨੂੰ ਗ੍ਰਿਫਤਾਰ ਕਰ ਕੇ ਚਾਲੀ ਤੋਂ ਜ਼ਿਆਦਾ ਵਾਰਦਾਤਾਂ ਦਾ ਭੇਦ ਪਤਾ ਲਾ ਲਿਆ ਗਿਆ। ਇਨ੍ਹਾਂ ਵਿੱਚ ਜ਼ਿਅਦਾ ਜੁਰਮ ਜ਼ਿਲਾ ਸੰਗਰੂਰ ਵਿੱਚ ਹੋਏ ਸਨ, ਜਿਹੜੇ ਹੱਲ ਹੋਏ ਹਨ। ਡਾਕਟਰ ਗਰਗ ਦੇ ਮੁਤਾਬਕ ਗੈਂਗ ਵਿਚ ਸ਼ਾਮਲ ਸੁਖਪ੍ਰੀਤ ਸਿੰਘ ਸੁੱਖੀ ਪੁੱਤਰ ਹਰਜੀਤ ਸਿੰਘ ਪਿੰਡ ਚਾਂਗਲੀ, ਬਲਜਿੰਦਰ ਸਿੰਘ ਉਰਫ ਕਾਲਾ ਪੁੱਤਰ ਹਰਜੀਤ ਸਿੰਘ, ਮਨਿੰਦਰ ਸਿੰਘ ਉਰਫ ਵੱਟ ਪੁੱਤਰ ਮਿੱਠੂ ਸਿੰਘ, ਜਸਪ੍ਰੀਤ ਸਿੰਘ ਉਰਫ ਜੱਸੀ ਪੁੱਤਰ ਗੁਰਤੇਜ ਸਿੰਘ, ਪ੍ਰਭਜੋਤ ਸਿੰਘ ਪੁੱਤਰ ਆਤਮਾ ਸਿੰਘ ਪਿੰਡ ਚਾਂਗਲੀ, ਸੁਖਚੈਨ ਸਿੰਘ ਉਰਫ ਚੈਨੀ ਪੁੱਤਰ ਬਿੰਦਰ ਸਿੰਘ ਅਤੇ ਗੁਰਪ੍ਰੀਤ ਸਿੰਘ ਉਰਫ ਕਾਲੀ ਪੁੱਤਰ ਕੇਵਲ ਸਿੰਘ ਵਾਸੀ ਤੋਲੇਵਾਲ ਥਾਣਾ ਅਮਰਗੜ੍ਹ, ਹਰਵਿੰਦਰ ਪਾਲ ਉਰਫ ਨਿੱਕਾ ਪੁੱਤਰ ਜਗਦੀਸ਼ ਰਾਮ ਵਾਸੀ ਕੁਲਾਰ ਖੁਰਦ ਥਾਣਾ ਸਦਰ ਸੰਗਰੂਰ ਨੂੰ ਗ੍ਰਿਫਤਾਰ ਕਰ ਕੇ ਇਨ੍ਹਾਂ ਤੋਂ ਰਾਈਫਲ 12 ਬੋਰ ਦੋਨਾਲੀ, ਸਮੇਤ ਦੋ ਜ਼ਿੰਦਾ ਕਾਰਤੂਸ, ਚਾਕੂ ਕਮਾਨੀਦਾਰ, ਦੋ ਕਿਰਚਾਂ, ਦੋ ਰਾਡ ਲੋਹਾ ਲੱਕੜੀ ਬਰਾਮਦ ਕੀਤਾ ਹੈ। ਗਿਰੋਹ ਦੇ ਦੋ ਮੈਂਬਰ ਮੁਹੰਮਦ ਅਰਸ਼ਦ ਉਰਫ ਫੌਜੀ ਪੁੱਤਰ ਅਬਦੁਲ ਰਸ਼ੀਦ ਵਾਸੀ ਬਰਕਤਪੁਰ ਸੰਦੌੜ ਅਤੇ ਸ਼ਿੰਦਰ ਸਿੰਘ ਉਰਫ ਲਾਲੀ ਪੁੱਤਰ ਰਾਮ ਸਿੰਘ ਵਾਸੀ ਚਾਂਗਲੀ ਥਾਣਾ ਸਦਰ ਧੂਰੀ ਪਹਿਲਾਂ ਹੀ ਜੇਲ੍ਹ 'ਚ ਬੰਦ ਹਨ। ਉਕਤ ਦੋਸ਼ੀ ਦੋ ਜਾਂ ਤਿੰਨ ਜਣਿਆਂ ਦਾ ਗਿਰੋਹ ਬਣਾ ਕੇ ਕੰਧਾਂ 'ਚ ਪਾੜ ਲਾ ਕੇ ਕਤਲ ਕਰ ਕੇ ਜਾਂ ਕੁੱਟਮਾਰ ਕਰ ਕੇ ਲੁੱਟ ਖੋਹ ਅਤੇ ਚੋਰੀ ਦੀਆਂ ਵਾਰਦਾਤਾਂ ਕਰਦੇ ਸਨ।

ਬੀਤੀ 18-19 ਦਸੰਬਰ ਦੀ ਰਾਤ ਨੂੰ ਇਨ੍ਹਾਂ ਨੇ ਪਰਮਜੀਤ ਕੌਰ ਪਤਨੀ ਸਵਰਗੀ ਨਛੱਤਰ ਸਿੰਘ ਵਾਸੀ ਚਾਂਗਲੀ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ ਅਤੇ ਉਸ ਦੀ ਪੇਟੀ 'ਚੋਂ 45 ਹਜ਼ਾਰ ਰੁਪਏ ਨਕਦੀ ਅਤੇ ਸੋਨੇ ਦੀਆਂ ਵਾਲੀਆਂ ਅਤੇ ਚਾਂਦੀ ਦਾ ਕੜਾ ਲਾਹ ਕੇ ਲੈ ਗਏ ਸਨ। 25-26 ਦਸੰਬਰ ਦੀ ਰਾਤ ਨੂੰ ਸਟੇਟ ਬੈਂਕ ਆਫ ਇੰਡੀਆ ਪਿੰਡ ਘਨੌਲੀ ਕਲਾਂ ਵਿਖੇ ਪਾੜ ਲਾ ਕੇ ਬੈਂਕ ਦੀ ਤਿਜੌਰੀ ਤੋੜਨ ਦੀ ਕੋਸ਼ਿਸ਼ ਕੀਤੀ ਤੇ ਬਾਅਦ ਵਿੱਚ ਬੈਂਕ ਵਿੱਚ ਰੱਖੀ ਸਕਿਓਰਿਟੀ ਗਾਰਡ ਦੀ 12 ਬੋਰ ਰਾਈਫਲ ਚੋਰੀ ਕਰ ਕੇ ਲੈ ਗਏ। 26-27 ਦਸੰਬਰ ਦੀ ਰਾਤ ਨੂੰ ਜਿੰਦਲ ਮੈਗਾ ਮਾਰਟ ਤੋਂ 5,00,000 ਰੁਪਏ ਦੀ ਨਕਦੀ ਅਤੇ ਕੁਝ ਸਾਮਾਨ ਚੋਰੀ ਕਰ ਲਿਆ। 30 ਦਸੰਬਰ ਰਾਤ ਨੂੰ ਸ਼ੇਰਪੁਰ ਵਿਖੇ ਪੰਜਾਬ ਨੈਸ਼ਨਲ ਬੈਂਕ ਏ ਟੀ ਐਮ ਦਾ ਜਿੰਦਾ ਤੋੜਿਆ ਤੇ ਉਸੇ ਰਾਤ ਗੋਬਿੰਦ ਨਗਰ ਮਾਲੇਰਕੋਟਲਾ ਵਿਖੇ ਮੁਹੰਮਦ ਬਸ਼ੀਰ ਉਰਫ ਸੂਫੀ ਪੁੱਤਰ ਉਮਰਾ ਸੂਫੀ ਨੂੰ ਉਸ ਦੀ ਦੁਕਾਨ 'ਚ ਸਿਰ 'ਚ ਰਾਡਾਂ ਮਾਰ ਕੇ ਕਤਲ ਕਰ ਦਿੱਤਾ ਅਤੇ ਕਰੀਬ 15 ਹਜ਼ਾਰ ਰੁਪਏ ਅਤੇ ਮੋਬਾਈਲ ਲੁੱਟ ਕੇ ਲੈ ਗਏ ਸਨ। ਇਸ ਤੋਂ ਇਲਾਵਾ ਉਕਤ ਗੈਂਗ ਲੁੱਟਾਂ-ਖੋਹਾਂ, ਚੋਰੀ ਦੀਆਂ ਹੋਰ ਚਾਲੀ ਵਾਰਦਾਤਾਂ ਕਰ ਚੁੱਕਾ ਹੈ।

# ਹਵਾ ਪ੍ਰਦੂਸ਼ਣ ਸੰਸਾਰ ਵਿੱਚ ਹੁੰਦੀਆਂ ਮੌਤਾਂ ਦਾ ਪੰਜਵਾਂ ਵੱਡਾ ਕਾਰਨ

ਨਵੀਂ ਦਿੱਲੀ, 12 ਜਨਵਰੀ (ਪੋਸਟ ਬਿਊਰੋ)- ਹਵਾ ਪ੍ਰਦੂਸ਼ਣ ਦੁਨੀਆ ਵਿੱਚ ਹੁੰਦੀਆਂ ਮੌਤਾਂ ਵਿੱਚ ਸਭ ਤੋਂ ਵੱਡਾ ਪੰਜਵਾਂ ਕਾਰਨ ਹੈ ਅਤੇ ਇਹ ਕੁਪੋਸ਼ਣ ਅਤੇ ਸ਼ਰਾਬ ਨਾਲ ਹੋਣ ਵਾਲੀਆਂ ਮੌਤਾਂ ਦੇ ਅੰਕੜਿਆਂ ਨੂੰ ਪਾਰ ਕਰ ਗਿਆ ਹੈ। ਸਟੇਟ ਆਫ ਗਲੋਬਲ ਏਅਰ ਰਿਪੋਰਟ 2019 ਵਿੱਚ ਇਹ ਖੁਲਾਸਾ ਹੋਇਆ ਹੈ।



ਰਿਪੋਰਟ ਮੁਤਾਬਕ ਪ੍ਰਦੂਸ਼ਣ ਕਾਰਨ ਨੌਜਵਾਨ ਵਰਗ ਵੀ ਇਸ ਤੋਂ ਪ੍ਰਭਾਵਤ ਹੋ ਰਿਹਾ ਹੈ ਤੇ ਉਨ੍ਹਾਂ ਵਿੱਚ ਅਸਥਮਾ ਅਤੇ ਕੈਂਸਰ ਦੇ ਕੇਸ ਵੀ ਸਾਹਮਣੇ ਆ ਰਹੇ ਹਨ। ਦੇਸ਼ ਦੇ ਵੱਕਾਰੀ ਸੰਸਥਾ ਟਾਟਾ ਕੈਮੀਕਲਜ਼ ਲਿਮਟਿਡ ਨੇ ਦੇਸ਼ 'ਚ ਹਵਾ ਪ੍ਰਦੂਸ਼ਣ ਦੇ ਖਤਰੇ ਨੂੰ ਦੇਖਦਿਆਂ ਦੇਸੀ ਤਰੀਕੇ ਨਾਲ ਇਸ ਤੋਂ ਨਜਿੱਠਣ ਦੀ ਮੁਹਿੰਮ ਸ਼ੁਰੂ ਕੀਤੀ ਹੈ ਤੇ ਲੂਣ ਦੀ ਵਰਤੋਂ ਨਾਲ ਲੋਕਾਂ ਨੂੰ ਪ੍ਰਦੂਸ਼ਣ ਦਾ ਮੁਕਾਬਲਾ ਕਰਨ ਦੀ ਮੁਹਿੰਮ ਸ਼ੁਰੂ ਕੀਤੀ ਹੈ। ਟਾਟਾ ਨੇ ਇਸ ਅਨੋਖੇ ਪ੍ਰਯੋਗ ਨੂੰ 'ਸਾਲਟ ਥੈਰੇਪੀ' ਦਾ ਨਾਂਅ ਦਿੱਤਾ ਹੈ। ਟਾਟਾ ਕੈਮੀਕਲਜ਼ ਦੇ ਇੱਕ ਖਪਤਕਾਰ ਕਾਰੋਬਾਰ ਦੇ ਮੁਖੀ ਸਾਗਰ ਬੋਕੇ ਨੇ ਦੱਸਿਆ ਕਿ ਇਹ ਸਾਲਟ ਥੈਰੇਪੀ ਸਦੀਆਂ ਤੋਂ ਘਰਾਂ 'ਚ ਵਰਤੀ ਜਾ ਰਹੀ ਸੀ ਤੇ ਲੋਕਾਂ ਦੇ ਗਲੇ ਅਤੇ ਛਾਤੀ 'ਚ ਜਦੋਂ ਵੀ ਕੋਈ ਮੁਸ਼ਕਲ ਹੁੰਦੀ ਸੀ ਤਾਂ ਉਹ ਲੂਣ ਦੇ ਪਾਣੀ ਦੇ ਗਰਾਰੇ ਕਰਦੇ ਸਨ। ਉਨ੍ਹਾਂ ਦੱਸਿਆ ਕਿ ਥੈਰੇਪੀ 'ਚ ਮਰੀਜ਼ਾਂ ਨੂੰ ਲੂਣ ਦੀ ਵਰਤੋਂ ਕਰ ਕੇ ਉਨ੍ਹਾਂ ਨੂੰ ਭਾਫ ਦੇ ਰੂਪ ਵਿੱਚ ਲੈਣਾ ਪੈਂਦਾ ਹੈ ਅਤੇ ਜਿਨ੍ਹਾਂ ਮਰੀਜ਼ਾਂ ਦੀ ਛਾਤੀ 'ਚ ਬਲਗਮ ਜ਼ਿਆਦਾ ਜੰਮ ਜਾਂਦੀ ਹੈ, ਸਟੀਮ ਯੁਕਤ ਨਕਮ ਉਨ੍ਹਾਂ ਦੀ ਸਾਹ ਨਾਲੀਆਂ ਨੂੰ ਖੋਲ੍ਹ ਦਿੰਦਾ ਹੈ।

# ਹੱਥਣੀ ਦੇ ਮਹਾਵਤ ਵੱਲੋਂ ਅਰਜ਼ੀ: ਜੱਜ ਸਾਹਿਬ! ਮੇਰੀ ਲਕਸ਼ਮੀ ਨੂੰ ਮੈਥੋਂ ਵੱਖ ਕਰ ਦਿੱਤਾ ਗਿਐ, ਮੈਨੂੰ ਉਸ ਨਾਲ ਮਿਲਵਾ ਦਿਓ

ਨਵੀਂ ਦਿੱਲੀ, 12 ਜਨਵਰੀ (ਪੋਸਟ ਬਿਊਰੋ)- ਅਸੀਂ ਜਿਸ ਪਸ਼ੂ ਨੂੰ ਪਾਲਦੇ ਹਾਂ, ਉਸ ਨਾਲ ਅਕਸਰ ਲਗਾਅ ਹੋ ਜਾਂਦਾ ਹੈ। ਪਾਲਤੂ ਪਸ਼ੂ ਜੇ ਤਕਲੀਫ ਵਿੱਚ ਹੋਵੇ ਤਾਂ ਉਹੀ ਤਕਲੀਫ ਸਾਨੂੰ ਹੁੰਦੀ ਹੈ। ਇਸ ਤਰ੍ਹਾਂ ਦਾ ਮਨੁੱਖ ਤੇ ਪਸ਼ੂ ਪ੍ਰੇਮ ਦਾ ਨਜ਼ਾਰਾ ਕੱਲ੍ਹ ਸੁਪਰੀਮ ਕੋਰਟ ਵਿੱਚ ਵੀ ਦੇਖਣ ਨੂੰ ਮਿਲਿਆ।



ਇੱਕ ਹੱਥਣੀ ਨਾਲੋਂ ਵੱਖ ਕੀਤੇ ਗਏ ਮਹਾਵਤ ਸੱਦਾਮ ਨੇ ਉਸ ਨੂੰ ਵਾਪਸ ਲੈਣ ਲਈ ਸੁਪਰੀਮ ਕੋਰਟ ਵਿੱਚ ਬੰਦੀ ਹੈਬੀਅਸ ਕਾਰਪਸ ਅਰਜ਼ੀ ਦਾਇਰ ਕਰ ਦਿੱਤੀ। ਉਸ ਵੱਲੋਂ ਮਹਾਵਤ ਨੇ ਅਪੀਲ ਕੀਤੀ, "ਜੱਜ ਸਾਹਿਬ! ਮੈਨੂੰ ਮੇਰੀ ਲਕਸ਼ਮੀ ਤੋਂ ਜੁਦਾ ਕਰ ਦਿੱਤਾ ਗਿਆ ਹੈ। ਮੈਨੂੰ ਉਸ ਨਾਲ ਵਾਪਸ ਮਿਲਵਾ ਦਿਓ। ਲਕਸ਼ਮੀ ਮੇਰੀ ਹੱਥਣੀ ਹੈ।" ਉਸ ਦੀ ਅਰਜ਼ੀ ਦੇਖ ਕੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਐਸ ਏ ਬੋਬੜੇ ਹੈਰਾਨੀ ਵਿੱਚ ਪੈ ਗਏ। ਮਹਾਵਤ ਨੇ ਆਪਣੀ ਹੱਥਣੀ ਨੂੰ ਲੈਣ ਲਈ ਜਿਸ ਬੰਦੀ ਅਰਜ਼ੀ ਦੇ ਬਦਲ ਦਾ ਸਹਾਰਾ ਲਿਆ, ਉਹ ਬਦਲ ਕੇਵਲ ਦੇਸ਼ ਦੇ ਨਾਗਰਿਕਾਂ ਦੇ ਸੰਬੰਧ ਵਿੱਚ ਲਾਗੂ ਹੁੰਦਾ ਹੈ, ਇਸ ਲਈ ਉਨ੍ਹਾਂ ਨੇ ਉਸ ਅਰਜ਼ੀ 'ਤੇ ਸੁਣਵਾਈ ਕਰਨ ਤੋਂ ਮਨ੍ਹਾ ਕਰ ਦਿੱਤਾ।

ਚੀਫ ਜਸਟਿਸ ਬੋਬੜੇ ਨੇ ਮਹਾਵਤ ਤੋਂ ਪੁੱਛਿਆ, 'ਇਸ ਅਰਜ਼ੀ ਦਾ ਬਦਲ ਇੱਕ ਹਾਥੀ ਦੇ ਕੇਸ ਵਿੱਚ ਕਿਵੇਂ ਲਾਗੂ ਹੋ ਸਕਦਾ ਹੈ? ਕੀ ਹੱਥਣੀ ਭਾਰਤ ਦੀ ਨਾਗਰਿਕ ਹੈ? ਅਸੀਂ ਆਪਣੀ ਅਰਜ਼ੀ 'ਤੇ ਕਿਵੇਂ ਸੁਣਵਾਈ ਕਰ ਸਕਦੇ ਹਾਂ? ਤੁਸੀਂ ਜੋ ਬਦਲ ਵਰਤਿਆ ਹੈ, ਉਹ ਭਾਰਤ ਦੇ ਨਾਗਰਿਕਾਂ ਲਈ ਹੈ। ਅਸੀਂ ਇਸ ਅਰਜ਼ੀ 'ਤੇ ਸੁਣਵਾਈ ਨਹੀਂ ਕਰਾਂਗੇ।'

ਸੱਦਾਮ ਨੇ ਆਪਣੀ ਅਰਜ਼ੀ ਵਿੱਚ ਕਿਹਾ ਸੀ ਕਿ ਉਹ ਤੇ ਉਸਦੀ ਹੱਥਣੀ ਪਿਛਲੇ 10 ਸਾਲਾਂ ਤੋਂ ਇਕੱਠੇ ਸਨ। ਉਹ ਉਸ ਦੇ ਪਰਵਾਰ ਦੇ ਮੈਂਬਰ ਵਾਂਗ ਹੈ। ਉਸ ਨਾਲ ਉਸ ਦੀਆਂ ਮਨੁੱਖੀ ਭਾਵਨਾਵਾਂ ਜੁੜੀਆਂ ਹੋਈਆਂ ਹਨ। ਸਤੰਬਰ 2019 ਨੂੰ ਉਹ ਆਪਣੀ ਹੱਥਣੀ ਲਕਸ਼ਮੀ ਦੇ ਨਾਲ ਇੱਕ ਕੈਂਪ ਵਿੱਚ ਜਾ ਰਿਹਾ ਸੀ। ਉਸ ਨੂੰ ਰਸਤੇ ਵਿੱਚ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਰੋਕਿਆ ਅਤੇ ਉਸ 'ਤੇ ਜੰਗਲੀ ਜੀਵ ਨਿਯਮ ਹੇਠ ਕਾਰਵਾਈ ਕਰ ਕੇ ਲਕਸ਼ਮੀ ਨੂੰ ਆਪਣੇ ਨਾਲ ਲੈ ਗਏ। ਲਕਸ਼ਮੀ ਨੂੰ ਹਰਿਆਣਾ ਦੇ ਇੱਕ ਪੁਨ-ਰਵਾਸ ਕੇਂਦਰ ਵਿੱਚ ਰੱਖਿਆ ਗਿਆ ਹੈ। ਉਸ ਨੇ ਲਕਸ਼ਮੀ ਨੂੰ ਜੰਗਲਾਤ ਵਿਭਾਗ ਦੇ ਅਧਿਕਾਰੀਆਂ ਦੇ ਕਬਜ਼ੇ 'ਚੋਂ ਮੁਕਤ ਕਰਾਉਣ ਦੀ ਕੋਸ਼ਿਸ਼ ਵੀ ਕੀਤੀ, ਜਿਸ 'ਤੇ ਉਸ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਉਹ 25 ਨਵੰਬਰ ਨੂੰ ਜੇਲ੍ਹ 'ਚੋਂ ਰਿਹਾਅ ਹੋਇਆ ਹੈ। ਸੱਦਾਮ ਨੇ ਕਿਹਾ, ਉਹ ਆਪਣੀ ਲਕਸ਼ਮੀ ਤੋਂ ਵੱਖ ਹੋ ਕੇ ਪ੍ਰੇਸ਼ਾਨ ਹੈ। ਉਸ ਦੇ ਪਰਵਾਰ ਦੇ ਲੋਕ ਵੀ ਲਕਸ਼ਮੀ ਦੇ ਬਿਨਾਂ ਨਹੀਂ ਰਹਿ ਪਾ ਰਹੇ।

ਬਰਾੜ ਗਰਾਜ ਡੋਰ

ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers

We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
VISITOR TO CANADA INSURANCE
TRAVEL OUT INSURANCE
INTERNATIONAL STUDENT INSURANCE
OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ


132"
88"
8 Seated Sofa
ਕਰਤਾਰ ਫਰਨੀਚਰ
- ਅਸੀਂ ਸੋਫਾ ਸੈੱਟ ਖੁੱਦ ਹੱਥੀ ਤਿਆਰ ਕਰਦੇ ਹਾਂ
- ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
- ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6



# ਸੰਪਾਦਕੀ

## ਪਿਕਰਿੰਗ ਨਿਊਕਲੀਅਰ ਸਟੇਸ਼ਨ : ਸਬਕ ਸਿੱਖਣ ਦੀ ਲੋੜ

ਐਤਵਾਰ ਨੂੰ ਸਵੇਰੇ 7 ਵੱਜ ਕੇ 24 ਮਿੰਟ ਉੱਤੇ ਲੱਖਾਂ ਉਂਟੇਰੀਓ ਵਾਸੀਆਂ ਦੇ ਉਸ ਵੇਲੇ ਹੋਸ਼ ਹਵਾਸ ਉੱਡ ਗਏ ਜਦੋਂ ਕੌਮੀ ਚੇਤਾਵਨੀ ਸੈਂਟਰ Alert Ready ਵੱਲੋਂ ਰੇਡੀਓ, ਟੈਲੀਵੀਜ਼ਨ ਸਮੇਤ ਸੈੱਲ ਫੋਨਾਂ ਉੱਤੇ ਐਮਰਜੰਸੀ ਸੁਨੇਹਾ ਭੇਜਿਆ ਗਿਆ ਕਿ ਪਿਕਰਿੰਗ ਨਿਊਕਲੀਅਰ ਸਟੇਸ਼ਨ ਵਿੱਚ ਕੋਈ ਘਟਨਾ ਵਾਪਰ ਗਈ ਹੈ। ਬੇਸ਼ੱਕ ਦੱਸਿਆ ਗਿਆ ਕਿ ਕਿਸੇ ਕਿਸਮ ਦੇ ਨਿਊਕਲੀਅਰ ਤੱਤ ਰੀਲੀਜ਼ ਨਹੀਂ ਹੋਏ ਹਨ ਪਰ ਨਾਲ ਹੀ ਇਹ ਵੀ ਕਿਹਾ ਗਿਆ ਕਿ ਐਮਰਜੰਸੀ ਸਟਾਫ ਸਥਿਤੀ ਨੂੰ ਕਾਬੂ ਕਰਨ ਲਈ ਕੰਮ ਕਰ ਰਿਹਾ ਹੈ ਅਤੇ ਪਿਕਰਿੰਗ ਦੇ ਇਰਦ ਗਿਰਦ ਵੱਸਦੇ ਲੋਕਾਂ ਨੂੰ ਫ਼ਿਕਰ ਕਰਨ ਦੀ ਲੋੜ ਨਹੀਂ ਹੈ। ਨਿਊਕਲੀਅਰ ਤੱਤਾਂ ਦਾ ਰੀਲੀਜ਼ ਹੋਣ ਬਾਰੇ ਸਰਕਾਰੀ ਸਿਸਟਮ ਤੋਂ ਸੁਨੇਹਾ ਆਵੇ ਅਤੇ ਲੋਕ ਭੈਅਭੀਤ ਨਾ ਹੋਣ! ਪਬਲਿਕ ਦਾ ਭੈਅਭੀਤ ਹੋਣਾ ਸੁਭਾਵਿਕ ਵੀ ਹੈ ਕਿਉਂਕਿ ਨਿਊਕਲੀਅਰ ਰੀਲੀਜ਼ ਦੇ ਖਤਰਿਆਂ ਨੂੰ ਘੱਟ ਕਰਕੇ ਨਹੀਂ ਵੇਖਿਆ ਜਾ ਸਕਦਾ।

ਉਂਟੇਰੀਓ ਨੂੰ ਕੈਨੇਡਾ ਦੀ ਨਿਊਕਲੀਅਰ ਪਾਵਰ ਦੀ ਰਾਜਧਾਨੀ ਕਿਹਾ ਜਾਂਦਾ ਹੈ ਜਿੱਥੇ ਕੈਨੇਡਾ ਦੇ 9 ਵਿੱਚੋਂ 8 ਨਿਊਕਲੀਅਰ ਰੀਐਕਟਰ ਹਨ ਜਿਹਨਾਂ ਵਿੱਚੋਂ 8 ਯੂਨਿਟਾਂ ਵਾਲੇ ਪਿਕਰਿੰਗ ਅਤੇ ਬਰੂਸ ਰੀਐਕਟਰ ਸੱਭ ਤੋਂ ਵੱਡੇ ਹਨ। ਵਰਨਣਯੋਗ ਹੈ ਕਿ ਕੈਨੇਡਾ ਦੇ ਨਿਊਕਲੀਅਰ ਰੀਐਕਟਰਾਂ ਦੇ ਡੀਜ਼ਾਇਨ ਨੂੰ CANDU (Canada Deuterium Uranium) ਰੀਐਕਟਰ ਆਖਿਆ ਜਾਂਦਾ ਹੈ ਜੋ ਕਿ ਭਾਰਤ, ਪਾਕਿਸਤਾਨ, ਸਮੇਤ ਚੀਨ, ਰੋਮਾਨੀਆ, ਅਰਜਨਟੀਨਾ ਅਤੇ ਦੱਖਣ ਕੋਰੀਆ ਨੂੰ ਵੀ ਨਿਰਯਾਤ ਕੀਤੇ ਜਾਂਦੇ ਹਨ। CANDU ਦਾ ਲਗਭੱਗ ਸਾਰਾ ਢਾਂਚਾ ਉਂਟੇਰੀਓ ਵਿੱਚ ਹੀ ਤਿਆਰ ਕੀਤਾ ਜਾਂਦਾ ਹੈ।

ਦੋ ਘੰਟੇ ਬਾਅਦ (9 ਵੱਜ ਕੇ 12 ਮਿੰਟ ਉੱਤੇ) ਉਂਟੇਰੀਓ ਸਰਕਾਰ ਨੇ ਇਹ ਆਖ ਕੇ ਮੁਆਫੀ ਮੰਗ ਲਈ ਕਿ ਸਾਰਾ ਭੁਲੇਖਾ ਉਸ ਸਟਾਫ ਦੀ ਗਲਤੀ ਕਾਰਣ ਪੈਦਾ ਹੋਇਆ ਸੀ ਜਿਸਨੇ ਇਹ ਸੁਨੇਹਾ ਟਰੇਨਿੰਗ ਦੇ ਹਿੱਸੇ ਵਜੋਂ ਅੰਦਰੂਨੀ ਸਟਾਫ ਦੀ ਥਾਂ ਪਬਲਿਕ ਨਾਲ ਸਾਂਝਾ ਕਰਨ ਵਾਸਤੇ ਭੇਜ ਦਿੱਤਾ। ਪ੍ਰੋਵਿੰਸ਼ੀਅਲ ਸਰਕਾਰ ਮੁਤਾਬਕ ਇਹ ਟਰੇਨਿੰਗ ਪ੍ਰੋਵਿੰਸ਼ੀਅਲ ਐਮਰਜੰਸੀ ਅਪਰੇਸ਼ਨਜ਼ ਸੈਂਟਰ ਵੱਲੋਂ ਕਰਵਾਈ ਜਾ ਰਹੀ ਸੀ।

ਦੱਸਣਾ ਦਿਲਚਸਪ ਹੋਵੇਗਾ ਕਿ ਇਹ ਅਲਰਟ ਰੈਡੀ ਪ੍ਰੋਗਰਾਮ ਹੈ ਕੀ? ਅਲਰਟ ਰੈਡੀ ਕੌਮੀ ਪੱਧਰ ਦਾ ਉਹੁ ਸਿਸਟਮ ਹੈ ਜਿਸ ਤਹਿਤ ਐਮਰਜੰਸੀ ਸਥਿਤੀਆਂ, ਜਿਵੇਂ ਜਾਨ ਮਾਲ ਨੂੰ ਖਤਰਾ, ਮੌਸਮ ਅਤੇ ਵਾਤਾਵਰਣ ਨਾਲ ਸਬੰਧਿਤ ਐਮਰਜੰਸੀ ਸੁਨੇਹੇ, ਰੇਡੀਓ, ਟੈਲੀਵਿਜ਼ਨ ਅਤੇ ਸੈੱਲ ਫੋਨਾਂ ਰਾਹੀਂ ਅਧਿਕਾਰਤ ਰੂਪ ਵਿੱਚ ਜਾਰੀ ਕੀਤੇ ਜਾਂਦੇ ਹਨ। ਇਹ ਸੇਵਾ 31 ਮਾਰਚ 2015 ਵਿੱਚ ਆਰੰਭ ਹੋਈ ਸੀ ਅਤੇ ਅਪਰੈਲ 2018 ਤੋਂ ਇਸਦਾ ਸੈੱਲ ਫੋਨਾਂ ਉੱਤੇ ਦਿੱਤਾ ਜਾਣਾ ਲਾਗੂ ਕੀਤਾ ਗਿਆ। ਬੇਸ਼ੱਕ ਇਸ ਸੇਵਾ ਬਾਰੇ ਜਾਗਰੂਕਤਾ ਫੈਲਾਉਣ ਲਈ ਬਹੁਤ ਯਤਨ ਕੀਤੇ ਜਾਂਦੇ ਰਹੇ ਹਨ ਪਰ ਪਬਲਿਕ ਵਿੱਚ ਹਾਲੇ ਵੀ ਜਾਣਕਾਰੀ ਦੀ ਘਾਟ ਕਾਰਣ ਬਹੁਤ ਭੁਲੇਖੇ ਪਾਏ ਜਾਂਦੇ ਹਨ।

ਸਰਕਾਰ ਦਾ ਇਹ ਆਖਣਾ ਕਿ ਸਟਾਫ ਦੀ ਗਲਤੀ ਕਾਰਣ ਅਲਰਟ ਭੇਜ ਦਿੱਤਾ ਗਿਆ, ਸੁਆਲ ਖੜਾ ਕਰਦਾ ਹੈ ਕਿ ਮਨੁੱਖੀ ਜਾਨ-ਮਾਲ ਨੂੰ ਨੁਕਸਾਨ ਕਰਨ ਸੱਕਣ ਵਾਲੀ ਐਮਰਜੰਸੀ ਬਾਰੇ ਅਲਰਟ ਦੇਣ ਦੀ ਇਜ਼ਾਜਤ ਦੇਣ ਦੇ ਪ੍ਰੋਟੋਕੋਲ ਕੀ ਹਨ? ਗਲਤੀ ਨੂੰ ਦਰੁਸਤ ਕਰਨ ਲਈ ਦੋ ਘੰਟੇ ਦਾ ਸਮਾਂ ਕਿਉਂ ਲੱਗਿਆ? ਕਿਧਰੇ ਇਹ ਤਾਂ ਨਹੀਂ ਕਿ ਕਿਸੇ ਵੱਡੀ ਗਲਤੀ ਉੱਤੇ ਪਰਦਾ ਪਾਉਣ ਦੇ ਯਤਨ ਤਾਂ ਨਹੀਂ ਹੋ ਰਹੇ? ਇਹਨਾਂ ਸੁਆਲਾਂ ਦੀ ਤਹਿ ਤੱਕ ਜਾਣ ਲਈ ਸਰਕਾਰ ਨੇ ਜਾਂਚ ਦੇ ਹੁਕਮ ਵੀ ਦਿੱਤੇ ਹਨ। ਪਬਲਿਕ ਦਾ ਭਰੋਸਾ ਕਿਸੇ ਸਟਾਫ ਵਿੱਚ ਨਹੀਂ ਸਗੋਂ ਅਤੀਸੰਵੇਦਨਸ਼ੀਲ ਜਾਣਕਾਰੀ ਨੂੰ ਸਹੀ ਢੰਗ ਨਾਲ ਹੈਂਡਲ ਕਰਨ ਦੀ ਸਰਕਾਰ ਦੀ ਯੋਗਤਾ ਵਿੱਚ ਟਿਕਿਆ ਹੈ। ਚੰਗਾ ਇਹ ਹੋਵੇਗਾ ਕਿ ਜਾਂਚ ਦੇ ਨਤੀਜੇ ਜਲਦ ਤੋਂ ਜਲਦ ਪਬਲਿਕ ਨਾਲ ਸਾਂਝੇ ਕੀਤੇ ਜਾਣ।

ਆਖਦੇ ਹਨ ਕਿ ਹਰ ਗਲਤੀ ਵਿੱਚ ਕੁੱਝ ਭਲਾ ਲੁਕਿਆ ਹੁੰਦਾ ਹੈ। ਹੋ ਸਕਦਾ ਹੈ ਕਿ ਗਲਤੀ ਨਾਲ ਕੱਲ ਭੇਜਿਆ ਸੁਨੇਹਾ ਭੁੱਲ ਭੁਲੇਖਿਆਂ ਵਿੱਚ ਜੀਵਨ ਬਿਤਾ ਰਹੀ ਪਬਲਿਕ ਲਈ ਅੱਖਾਂ ਖੋਲਣ ਵਾਲੀ ਉਦਾਹਰਣ ਸਾਬਤ ਹੋਵੇ। ਸਾਨੂੰ ਸੱਭਨਾਂ ਨੂੰ ਚੇਤੇ ਰੱਖਣਾ ਚਾਹੀਦਾ ਹੈ ਕਿ ਕਿਸੇ ਸੱਚਮੁੱਚ ਵਾਲੀ ਐਮਰਜੰਸੀ ਵਾਲੀ ਸਥਿਤੀ ਵਿੱਚ 'ਆਪਣਾ ਹਾਥ ਜਗਨਨਾਥ' ਸੱਭ ਤੋਂ ਬਿਹਤਰ ਤਰੀਕਾ ਸਾਬਤ ਹੁੰਦਾ ਹੈ। ਜੇ ਸਰਕਾਰ ਆਪਣੇ ਗਲਤ ਸੁਨੇਹੇ ਨੂੰ ਠੀਕ ਕਰਨ ਵਿੱਚ ਦੋ ਘੰਟੇ ਲਾ ਸਕਦੀ ਹੈ ਤਾਂ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਸਲੀ ਐਮਰਜੰਸੀ ਵੇਲੇ ਸਹਾਇਤਾ ਪੁੱਜਣ ਵਿੱਚ ਕਿੰਨੀ ਦੇਰ ਲੱਗ ਸਕਦੀ ਹੈ? ਇਸ ਲਈ ਕਿਸੇ ਐਮਰਜੰਸੀ ਲਈ ਖੁਦ ਨੂੰ ਤਿਆਰ ਰੱਖਣਾ ਇੱਕ ਚੰਗੀ ਰਿਵਾਇਤ ਹੈ।

## ਆਮਦਨ ਤੋਂ ਵੱਧ ਜਾਇਦਾਦ ਦਾ ਕੇਸ: ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਸੀ ਬੀ ਆਈ ਅਦਾਲਤ ਵਿੱਚ ਪੇਸ਼

ਹੈਦਰਾਬਾਦ, 12 ਜਨਵਰੀ (ਪੋਸਟ ਬਿਊਰੋ)- ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਵਾਈ ਐੱਸ ਜਗਨ ਮੋਹਨ ਰੈੱਡੀ ਅੱਜ ਸ਼ੁੱਕਰਵਾਰ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਕੇਸ ਵਿਚ ਵਿਸ਼ੇਸ਼ ਸੀ ਬੀ ਆਈ ਅਦਾਲਤ ਵਿਚ ਪੇਸ਼ ਹੋਏ। ਵਿਜੈਵਾੜਾ ਤੋਂ ਵਿਸ਼ੇਸ਼ ਜਹਾਜ਼ ਰਾਹੀਂ ਉਹ ਬੇਗਮਪੇਟ ਹਵਾਈ ਅੱਡੇ ਉੱਤੇ ਉਤਰੇ ਅਤੇ ਅਦਾਲਤ ਪੁੱਜੇ। ਮੁੱਖ ਮੰਤਰੀ ਬਣਨ ਪਿੱਛੋਂ ਪਹਿਲੀ ਵਾਰ ਰੈੱਡੀ ਅਦਾਲਤ ਵਿਚ ਪੇਸ਼ ਹੋਏ। ਉਨ੍ਹਾਂ ਖ਼ਿਲਾਫ਼ ਇਹ ਕੇਸ 2011 ਵਿਚ ਦਰਜ ਕੀਤਾ ਗਿਆ ਸੀ।

ਵਰਨਣ ਯੋਗ ਹੈ ਕਿ ਪਿਛਲੇ ਸਾਲ ਮਈ ਵਿਚ ਮੁੱਖ ਮੰਤਰੀ ਅਹੁਦੇ ਦੀ ਸਹੁੰ ਚੁੱਕਣ ਪਿੱਛੋਂ ਉਹ ਹਰ ਸ਼ੁੱਕਰਵਾਰ ਨੂੰ ਨਿੱਜੀ ਪੇਸ਼ੀ ਤੋਂ ਛੋਟ ਮੰਗ ਰਹੇ ਸਨ। ਸੀ ਬੀ ਆਈ ਦੀ ਵਿਸ਼ੇਸ਼ ਅਦਾਲਤ ਨੇ ਪਿਛਲੇ ਹਫ਼ਤੇ ਵਾਈ ਐੱਸ ਆਰ ਕਾਂਗਰਸ ਦੇ ਮੁਖੀ ਜਗਨ ਮੋਹਨ ਰੈੱਡੀ ਵੱਲੋਂ ਹਰ ਹਫ਼ਤੇ ਛੋਟ ਮੰਗਣ ਤੋਂ ਸਖ਼ਤ ਇਤਰਾਜ਼ ਕੀਤਾ ਸੀ। ਇਸ ਕੇਸ ਵਿਚ ਮੁੱਖ ਮੰਤਰੀ ਦੇ ਇਲਾਵਾ ਉਨ੍ਹਾਂ ਦੇ ਕਰੀਬੀ ਸਹਿਯੋਗੀ ਅਤੇ ਵਾਈ ਐੱਸ ਆਰ ਕਾਂਗਰਸ ਦੇ ਪਾਰਲੀਮੈਂਟ ਮੈਂਬਰ ਵੀ ਵਿਜੈ ਸਾਈ ਰੈੱਡੀ, ਸਾਬਕਾ ਮੰਤਰੀ ਅਤੇ ਪਾਰਟੀ ਦੇ ਆਗੂ ਧਰਮਾਨਾ ਪ੍ਰਸਾਦ ਰਾਓ, ਆਈ ਏ ਐੱਸ ਅਧਿਕਾਰੀ ਸ੍ਰੀ ਲਕਸ਼ਮੀ, ਉਦਯੋਗਪਤੀ ਸ਼ਿਆਮਾ ਪ੍ਰਸਾਦ ਰੈੱਡੀ, ਸੇਵਾਮੁਕਤ ਆਈ ਏ ਐੱਸ ਅਧਿਕਾਰੀ ਸੈਮੂਅਲ ਅਤੇ ਹੋਰ ਦੋਸ਼ੀ ਅਦਾਲਤ ਵਿਚ ਪੇਸ਼ ਹੋਏ ਸਨ। ਪਿਛਲੇ ਸਾਲ ਇਕ ਨਵੰਬਰ ਨੂੰ ਅਦਾਲਤ ਨੇ ਜਗਨ ਮੋਹਨ ਰੈੱਡੀ ਦੀ ਨਿੱਜੀ ਪੇਸ਼ੀ ਤੋਂ ਛੋਟ ਦੀ ਅਰਜ਼ੀ ਰੱਦ ਕਰ ਦਿੱਤੀ ਸੀ। ਮੁੱਖ ਮੰਤਰੀ ਨੇ ਸੰਵਿਧਾਨਕ ਅਹੁਦੇ ਉੱਤੇ ਹੋਣ ਕਾਰਨ ਛੋਟ ਦੀ ਮੰਗ ਕੀਤੀ ਅਤੇ ਸੀ ਬੀ ਆਈ ਨੇ ਉਨ੍ਹਾਂ ਦੀ ਅਰਜ਼ੀ ਦਾ ਵਿਰੋਧ ਕੀਤਾ ਸੀ। ਜਾਂਚ ਏਜੰਸੀ ਨੇ ਜਗਨ ਅਤੇ ਹੋਰ ਲੋਕਾਂ ਖ਼ਿਲਾਫ਼ ਦੋਸ਼-ਪੱਤਰ ਦਾਇਰ ਕੀਤੇ ਹੋਏ ਹਨ।

## ਵੀਡੀਓ ਕੇ ਵਾਈ ਸੀ ਨੂੰ ਮਨਜ਼ੂਰੀ ਮਿਲੀ, ਬੈਂਕਾਂ ਦੇ ਨਹੀਂ ਲਾਉਣੇ

ਮੁੰਬਈ, 12 ਜਨਵਰੀ (ਪੋਸਟ ਬਿਊਰੋ)- ਅੱਗੇ ਤੋਂ ਵੀਡੀਓ ਰਾਹੀਂ ਬੈਂਕ ਆਪਣੇ ਗਾਹਕਾਂ ਦੀ ਕੇ ਵਾਈ ਸੀ (ਨੋਅ ਯੂਅਰ ਕਸਟਮਰ) ਕਰ ਸਕਣਗੇ। ਰਿਜ਼ਰਵ ਬੈਂਕ ਆਫ ਇੰਡੀਆ ਨੇ ਮਾਸਟਰ ਕੇ ਵਾਈ ਸੀ ਗਾਈਡਲਾਈਨਸ ਦੀ ਸੋਧ ਕੀਤੀ ਹੈ ਅਤੇ ਅੱਗੇ ਤੋਂ ਕੇ ਵਾਈ ਸੀ ਦੀ ਪ੍ਰਕਿਰਿਆ ਮੋਬਾਈਲ ਵੀਡੀਓ ਗੱਲਬਾਤ ਨਾਲ ਹੋ ਸਕਦੀ ਹੈ।

ਕੇਂਦਰੀ ਬੈਂਕ ਵਲੋਂ ਰੈਗੂਲੇਟ ਕੀਤੇ ਜਾਂਦੇ ਬੈਂਕਾਂ, ਗੈਰ ਬੈਂਕਿੰਗ ਵਿੱਤੀ ਕੰਪਨੀਆਂ, ਵਾਲੇਟ ਸਰਵਿਸ ਪ੍ਰੋਵਾਈਡਰਸ ਤੇ ਹੋਰ ਵਿੱਤੀ ਸੇਵਾ ਦੇਣ ਵਾਲੀਆਂ ਕੰਪਨੀਆਂ ਲਈ ਇਹ ਰਾਹਤ ਦੀ ਖਬਰ ਹੈ। ਦੂਰ-ਦੁਰਾਡੇ ਇਲਾਕਿਆਂ ਵਿਚ ਰਹਿਣ ਵਾਲੇ ਗਾਹਕਾਂ ਨੂੰ ਅੱਗੇ ਤੋਂ ਅਸਾਨੀ ਹੋਵੇਗੀ ਤੇ ਖਰਚਾ ਘਟੇਗਾ। ਇਸ ਦੇ ਨਾਲ ਹੀ ਬੈਂਕ ਕਰਮਚਾਰੀਆਂ ਨੂੰ ਵੀ ਸਹੂਲਤ ਹੋਵੇਗੀ, ਕਿਉਂਕਿ ਕਈ ਵਾਰ ਉਨ੍ਹਾਂ ਨੂੰ ਦੂਰ-ਦੁਰਾਡੇ ਜਾਣਾ ਪੈਂਦਾ ਸੀ। ਇਸ ਤੋਂ ਬਿਨਾ ਕੇਂਦਰੀ ਬੈਂਕ ਨੇ ਆਧਾਰ ਅਤੇ ਹੋਰ ਈ-ਦਸਤਾਵੇਜ਼ਾਂ ਨਾਲ ਈ-ਕੇ ਵਾਈ ਸੀ ਅਤੇ ਡਿਜੀਟਲ ਕੇ ਵਾਈ ਸੀ ਦੀ ਸਹੂਲਤ ਦੇ ਦਿੱਤੀ ਹੈ।

ਰਿਜ਼ਰਵ ਬੈਂਕ ਦੇ ਇਸ ਕਦਮ ਨਾਲ ਭਾਰਤੀ ਬਜ਼ਾਰ ਵੀ ਉਨ੍ਹਾਂ ਚੋਣਵੇਂ ਬਜ਼ਾਰਾਂ ਵਿਚ ਸ਼ਾਮਲ ਹੋ ਗਿਆ ਹੈ, ਜਿੱਥੇ ਨਿਯਮਾਂ ਵਿਚ ਸੋਧ ਕਰਕੇ ਵੀਡੀਓ ਕੇ ਵਾਈ ਸੀ ਨੂੰ ਮਨਜ਼ੂਰੀ ਦਿੱਤੀ ਗਈ ਹੈ। ਕੇ ਵਾਈ ਸੀ ਨਿਯਮਾਂ ਵਿਚ ਸੋਧ ਦੇ ਤਾਜ਼ਾ ਨੋਟੀਫਿਕੇਸ਼ਨ ਮੁਤਾਬਕ 'ਕੇਂਦਰੀ ਬੈਂਕ ਨੇ ਵੀਡੀਓ ਅਧਾਰਿਤ ਕਸਟਮਰ ਆਈਡੈਂਟੀਫਿਕੇਸ਼ਨ ਪ੍ਰੋਸੈੱਸ (ਵੀ ਸੀ ਆਈ ਪੀ) ਨੂੰ ਗਾਹਕ ਅਧਿਕਾਰ ਦੀ ਬਦਲਵੀਂ ਪ੍ਰਣਾਲੀ ਵਜੋਂ ਪੇਸ਼ ਕੀਤਾ ਹੈ ਤਾਂ ਜੋ ਗਾਹਕਾਂ ਦੀ ਪਛਾਣ ਕਰਨਾ ਸੌਖਾ ਹੋ ਸਕੇ'। ਇਸ ਵਿਵਸਥਾ ਹੇਠ ਦੂਰ ਦੁਰਾਡੇ ਇਲਾਕਿਆਂ ਵਿਚ ਮੌਜੂਦ ਵਿੱਤੀ ਸੰਸਥਾਵਾਂ ਦੇ ਅਧਿਕਾਰੀ ਪੈਨ ਜਾਂ ਆਧਾਰ ਕਾਰਡ ਅਤੇ ਕੁਝ ਪ੍ਰਸ਼ਨਾਂ ਰਾਹੀਂ ਗਾਹਕ ਦੀ ਪਛਾਣ ਕਰ ਸਕਣਗੇ। ਏਜੰਟ ਨੂੰ ਇਹ ਯਕੀਨੀ ਕਰਨਾ ਹੋਵੇਗਾ ਕਿ ਉਹ ਦੇਸ਼ ਵਿਚ ਮੌਜੂਦ ਹੈ। ਅਜਿਹਾ ਕਰਨ ਲਈ ਗਾਹਕ ਦੀ ਲੋਕੇਸ਼ਨ ਆਦਿ ਹਾਸਲ ਕਰਨੀ ਪਏਗੀ। ਕੇ ਵਾਈ ਸੀ ਲਈ ਵੀਡੀਓ ਕਾਲ ਸਬੰਧਤ ਬੈਂਕ ਦੇ ਡੋਮੇਨ ਤੋਂ ਕੀਤੀ ਜਾਣੀ ਚਾਹੀਦੀ ਹੈ, ਗੂਗਲ ਡੂਓ ਜਾਂ ਵਟਸਐਪ ਵਰਗੇ ਕਿਸੇ ਤੀਜੀ ਪਾਰਟੀ ਰਾਹੈਂ ਨਹੀਂ ਹੋ ਸਕੇਗੀ।






## ਸਾਰੇ ਕੈਨੇਡੀਅਨ ਸੋਕਗ੍ਰਸਤ ਪਰਿਵਾਰਾਂ ਨਾਲ ਖੜ੍ਹੇ ਹਨ : ਟਰੂਡੋ

...ਪੰਨਾ 1 ਦਾ ਬਾਕੀ

ਪਰ ਅਸੀਂ ਇਹ ਯਕੀਨ ਦਿਵਾ ਸਕਦੇ ਹਾਂ ਕਿ ਇਸ ਦੁੱਖ ਦੀ ਘੜੀ ਵਿੱਚ ਸਾਰੇ ਕੈਨੇਡੀਅਨ ਤੁਹਾਡੇ ਨਾਲ ਖੜ੍ਹੇ ਹਨ। ਅਸੀਂ ਉਦੋਂ ਤੱਕ ਚੈਨ ਨਾਲ ਨਹੀਂ ਬੈਠਾਂਗੇ ਜਦੋਂ ਤੱਕ ਸਾਨੂੰ ਜਵਾਬ ਨਹੀਂ ਮਿਲ ਜਾਂਦਾ। ਜਦੋਂ ਤੱਕ ਨਿਆਂ ਤੇ ਜਵਾਬਦੇਹੀ ਤੈਅ ਨਹੀਂ ਹੋ ਜਾਂਦੀ ਅਸੀਂ ਆਰਾਮ ਨਾਲ ਨਹੀਂ ਬੈਠਾਂਗੇ।

ਟਰੂਡੋ ਨੇ ਆਖਿਆ ਕਿ ਮ੍ਰਿਤਕਾਂ ਵਿੱਚ ਯੂਨੀਵਰਸਿਟੀ ਆਫ ਅਲਬਰਟਾ ਦੇ ਕਈ ਹੁਸ਼ਿਆਰ ਲੋਕ ਵੀ ਸ਼ਾਮਲ ਸਨ। ਇੱਕ ਵਿਅਕਤੀ ਨੇ ਆਪਣੀ ਪਤਨੀ ਤੇ ਦਸ ਸਾਲ ਦੇ ਬਚੇ ਨੂੰ ਗੁਆਇਆ ਹੈ, ਇਹ ਬੱਚਾ ਵੱਡਾ ਹੋ ਕੇ ਪ੍ਰਧਾਨ ਮੰਤਰੀ ਬਣਨਾ ਚਾਹੁੰਦਾ ਸੀ। ਉਨ੍ਹਾਂ ਇਰਾਨ ਦੇ ਅਜਿਹੇ ਡੈਂਟਿਸਟ ਬਾਰੇ ਵੀ ਦੱਸਿਆ ਜਿਹੜਾ ਆਪਣੇ ਪਰਿਵਾਰ ਨਾਲ ਕੈਨੇਡਾ ਆ ਵੱਸਿਆ ਸੀ ਪਰ ਉਹ ਅਕਸਰ ਇਰਾਨ ਜਾਂਦਾ ਰਹਿੰਦਾ ਸੀ ਤਾਂ ਕਿ ਇਥੇ ਡੈਂਟਿਸਟ ਬਣਨ ਲਈ ਕੋਰਸਾਂ ਦੀ ਫੀਸ ਅਦਾ ਕਰ ਸਕੇ। ਕੁਝ ਹਫਤੇ ਪਹਿਲਾਂ ਹੀ ਉਸ ਨੇ ਆਪਣੀ ਕੁਆਲੀਫਿਕੇਸ਼ਨ ਪੂਰੀ ਕੀਤੀ ਸੀ। ਟਰੂਡੋ ਨੇ ਆਖਿਆ ਕਿ ਉਹ ਆਪਣੇ ਬੱਚਿਆਂ ਦਾ ਭੱਵਿਖ ਸੰਵਾਰਨ ਲਈ ਕੈਨੇਡਾ ਆਇਆ ਸੀ। ਪਰ ਬਦਕਿਸਮਤੀ ਨਾਲ ਉਹ ਵੀ ਉਸੇ ਜਹਾਜ ਵਿਚ ਸੀ ਤੇ ਹੁਣ ਉਸ ਦਾ ਪਰਿਵਾਰ ਨਹੀਂ ਜਾਣਦਾ ਕਿ ਉਨ੍ਹਾਂ ਦੇ ਭਵਿਖ ਵਿਚ ਕੀ ਲੁਕਿਆ ਹੋਇਆ ਹੈ।

ਐਤਵਾਰ ਨੂੰ ਦੇਸ਼ ਭਰ ਵਿੱਚ ਕਈ ਥਾਂਵਾਂ ਉੱਤੇ ਹੋਰ ਮੈਮੋਰੀਅਲਜ਼ ਵੀ ਹੋਏ। ਵੈਨਕੂਵਰ ਆਰਟ ਗੈਲਰੀ ਵਿਖੇ ਰੱਖਿਆ ਮੰਤਰੀ ਹਰਜੀਤ ਸੱਜਣ ਨੇ ਇਸ ਹਾਦਸੇ ਨੂੰ ਕੌਮੀ ਤ੍ਰਾਸਦੀ ਦੱਸਿਆ ਤੇ ਆਖਿਆ ਕਿ ਦੁੱਖ ਵਿੱਚ ਡੁੱਬੇ ਪਰਿਵਾਰਾਂ ਲਈ ਜਵਾਬ ਦੀ ਭਾਲ ਕਰਨ ਵਾਸਤੇ ਸਾਡੀ ਸਰਕਾਰ ਅਣਥੱਕ ਕੋਸ਼ਿਸ਼ ਕਰੇਗੀ। ਡਿਪਟੀ ਪ੍ਰਧਾਨ ਮੰਤਰੀ ਕ੍ਰਿਸਟੀਆ ਫਰੀਲੈਂਡ ਨੇ ਟੋਰਾਂਟੋ ਵਿੱਚ ਸੋਕ ਸਭਾ ਵਿੱਚ ਹਿੱਸਾ ਲਿਆ ਤੇ ਆਖਿਆ ਕਿ ਇਹ ਟੋਰਾਂਟੋ ਨੂੰ ਪਿਆ ਘਾਟਾ ਹੈ, ਓਨਟਾਰੀਓ ਨੂੰ ਪਿਆ ਘਾਟਾ ਹੈ ਤੇ ਕੈਨੇਡਾ ਨੂੰ ਪਿਆ ਘਾਟਾ ਹੈ। ਇਸ ਜ਼ਖ਼ਮ ਦੇ ਨਿਸ਼ਾਨ ਸਾਡੇ ਦਿਲਾਂ ਉੱਤੇ ਹਮੇਸ਼ਾਂ ਰਹਿਣਗੇ।

ਕੈਨੇਡੀਅਨ ਪ੍ਰੈੱਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਹਾਦਸੇ ਦਾ ਸ਼ਿਕਾਰ 74 ਵਿਅਕਤੀਆਂ ਦੇ ਸਬੰਧ ਕੈਨੇਡਾ ਨਾਲ ਸਨ। ਇਨ੍ਹਾਂ ਵਿੱਚੋਂ ਕਈ ਵਿਦਿਆਰਥੀ ਤੇ ਪ੍ਰੋਫੈਸਰ ਸਨ ਜਿਹੜੇ ਇਰਾਨ ਵਿੱਚ ਆਪਣੇ ਰਿਸ਼ਤੇਦਾਰਾਂ ਕੋਲ ਦਸੰਬਰ ਦੀਆਂ ਛੁੱਟੀਆ ਮਨਾ ਕੇ ਪਰਤ ਰਹੇ ਸਨ। ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਦੀ ਟੀਮ ਸ਼ਨਿੱਚਰਵਾਰ ਨੂੰ ਇਰਾਨ ਪਹੁੰਚ ਗਈ ਹੈ ਤੇ ਹਾਦਸੇ ਦੇ ਸਬੰਧ ਵਿੱਚ ਕੈਨੇਡੀਅਨ ਸਰਕਾਰ ਵੱਲੋਂ ਮਾਮਲੇ ਦੀ ਤਹਿ ਤੱਕ ਜਾਣ ਦੀ ਕੋਸ਼ਿਸ਼ ਕਰੇਗੀ। ਵਿਦੇਸ਼ ਮੰਤਰੀ ਫਰੈਂਕੋਇਸ ਫਿਲਿਪ ਸ਼ੈਂਪੇਨ ਨੇ ਆਖਿਆ ਕਿ ਇਰਾਨ ਨੇ ਛੇ ਹੋਰ ਟੀਮ ਮੈਂਬਰਾਂ ਨੂੰ ਵੀਜ਼ਾ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਸਾਰੇ ਇਸ ਸਮੇਂ ਅੰਕਾਰਾ, ਤੁਰਕੀ ਵਿੱਚ ਹਨ। ਇਨ੍ਹਾਂ ਤੋਂ ਇਲਾਵਾ ਟਰਾਂਸਪੋਰਟੇਸ਼ਨ ਸੇਫਟੀ ਬੋਰਡ ਦੇ ਦੋ ਹੋਰ ਮਾਹਿਰਾਂ ਨੂੰ ਵੀ ਵੀਜ਼ਾ ਦੀ ਮਨਜ਼ੂਰੀ ਮਿਲ ਗਈ ਹੈ। ਇਹ ਸਾਰੇ ਅੱਠ ਮੈਂਬਰ ਸੋਮਵਾਰ ਨੂੰ ਇਰਾਨ ਜਾਣਗੇ।

## ਓਂਟਾਰੀਓ ਖਾਲਸਾ ਦਰਬਾਰ ਅਤੇ ਗੁਰੂ ਨਾਨਕ ਮਿਸ਼ਨ ਨੇ ਕੌਂਸਲ 'ਚੋਂ ਆਪਣਾ ਨਾਂ ਕਢਵਾਇਆ

...ਪੰਨਾ 1 ਦਾ ਬਾਕੀ

ਉਨ੍ਹਾਂ ਸਪੱਸ਼ਟ ਕੀਤਾ ਕਿ ਕੌਂਸਲ ਗੁਰੂ ਘਰਾਂ ਦੀ ਨਹੀਂ ਓਂਟਾਰੀਓ ਦੇ ਸਿੱਖਾਂ ਦੀ ਬਹੁਸੰਮਤੀ ਵਾਲੀ ਹੈ। ਉਨ੍ਹਾਂ ਇਹ ਵੀ ਖੁਲਾਸਾ ਕੀਤਾ ਕਿ ਨਗਰ ਕੀਰਤਨ 'ਤੇ ਕੀਤੇ ਜਾਂਦੇ ਖਰਚ ਦਾ ਵੱਡਾ ਹਿੱਸਾ ਸੰਗਤਾਂ ਵਲੋਂ ਇਕੱਠਾ ਕੀਤਾ ਜਾਂਦਾ ਹੈ ਤੇ ਗੁਰੂ ਘਰਾਂ ਦਾ ਘੱਟ ਯੋਗਦਾਨ ਰਹਿੰਦਾ ਹੈ। ਇਥੇ ਉਨ੍ਹਾਂ 2018 ਦੀਆਂ ਪ੍ਰਾਪਤੀਆਂ ਦਾ ਜ਼ਿਕਰ ਕੀਤਾ, ਜਿਸ 'ਚ ਵਰਲਡ ਪਾਰਲੀਮੈਂਟ ਆਫ਼ ਰਿਲੀਜਨ ਲਈ 10 ਹਜ਼ਾਰ ਲੋਕਾਂ ਵਾਸਤੇ ਲੰਗਰ ਲਾਉਣਾ, ਪਬਲਿਕ ਸੇਫ਼ਟੀ ਕੈਨੇਡਾ ਰਿਪੋਰਟ ਵਿਚੋਂ 'ਸਿੱਖ ਅੱਤਵਾਦੀ' ਸ਼ਬਦ ਹਟਾਉਣਾ ਤੇ 2019 'ਚ ਟੋਰਾਂਟੋ ਦੀ 'ਬਿਗੈਸਟ ਖਾਲਸਾ ਡੇ ਪਰੇਡ' (ਨਗਰ ਕੀਰਤਨ) ਦਾ ਆਯੋਜਨ, ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਨੂੰ ਮਨਾਉਂਦਿਆਂ (ਈਕੋ ਸਿੱਖ) ਦੇ ਸਹਿਯੋਗ ਨਾਲ ਰੁੱਖ ਲਗਾਉਣੇ, ਵੱਖ-ਵੱਖ ਹਸਪਤਾਲਾਂ ਲਈ 1,80,000 ਡਾਲਰ ਇਕੱਠਾ ਕਰਨਾ। ਪੰਜਾਬ ਦੇ ਹੜ੍ਹ ਪੀੜਤਾਂ ਲਈ ਇਕ ਲੱਖ ਡਾਲਰ ਇਕੱਠਾ ਕਰਨਾ, ਡਾਊਟਾਊਨ ਟੋਰਾਂਟੋ 'ਚ 21 ਦਿਨਾਂ ਵਾਸਤੇ ਵੱਡੇ ਬਿਲ ਬੋਰਡਾਂ 'ਤੇ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦਾ ਮੈਸੇਜ ਦੇਣਾ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਕੌਂਸਲ ਵਲੋਂ ਐਲਾਨ ਕੀਤਾ ਗਿਆ ਕਿ 2020 ਨਗਰ ਕੀਰਤਨ 'ਤੇ 10 ਵਿਦਿਆਰਥੀਆਂ ਨੂੰ 1-1 ਹਜ਼ਾਰ ਡਾਲਰ ਦੀ ਸਕਾਲਰਸ਼ਿਪ ਵੀ ਦਿੱਤੀ ਜਾਵੇਗੀ।

ਓਂਟਾਰੀਓ ਖਾਲਸਾ ਦਰਬਾਰ ਤੇ ਗੁਰੂ ਨਾਨਕ ਮਿਸ਼ਨ ਦੀ ਮੈਂਬਰਸ਼ਿਪ ਨੂੰ ਲੈ ਕੇ ਉਠੇ ਵਿਵਾਦਾਂ 'ਤੇ ਪੁੱਛੇ ਗਏ ਸਵਾਲਾਂ ਦਾ ਜਵਾਬ ਦਿੰਦਿਆ ਕੌਂਸਲ ਦੇ ਸਕੱਤਰ ਮਨਜੀਤ ਸਿੰਘ ਪਰਮਾਰ ਨੇ ਸਪੱਸ਼ਟ ਕੀਤਾ ਕਿ ਇਨ੍ਹਾਂ ਦੋਵਾਂ ਗੁਰੂ ਘਰਾਂ ਨੇ ਆਪਣੇ ਨਾਮ ਵਾਪਸ ਲੈ ਲਏ ਹਨ। ਉਨ੍ਹਾਂ ਕਾਰਨਾਂ ਬਾਰੇ ਗੱਲ ਨਹੀਂ ਕੀਤੀ। ਸਗੋਂ ਗੋਬਿੰਦਰ ਸਿੰਘ ਰੰਧਾਵਾ ਨੇ ਇਹ ਆਖ ਦਿੱਤਾ ਕਿ ਇਹ ਗੁਰੂ ਘਰਾਂ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਉਂ ਮੈਂਬਰ ਬਣਦੇ ਹਨ ਤੇ ਕਿਉਂ ਛੱਡ ਕੇ ਚਲੇ ਜਾਂਦੇ ਹਨ। ਰੈਫਰੈਂਡਮ-2020 ਦੇ ਸਵਾਲ 'ਤੇ ਜਵਾਬ ਦਿੰਦਿਆਂ ਪ੍ਰਧਾਨ ਕੁਲਤਾਰ ਸਿੰਘ ਨੇ ਕਿਹਾ ਕਿ ਉਹ ਇਕ ਸਿਆਸੀ ਮੂਵਮੈਂਟ ਹੈ, ਨਾ ਅਸੀਂ ਇਸ ਦੀ ਹਿਮਾਇਤ ਕਰਦੇ ਹਾਂ ਤੇ ਨਾ ਹੀ ਅਸੀਂ ਇਸ ਦਾ ਵਿਰੋਧ ਕਰਦੇ ਹਾਂ। ਇਸੇ ਤਰ੍ਹਾਂ ਹੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਕੌਣ ? ਦੇ ਜਵਾਬ 'ਚ ਕੌਂਸਲ ਨੇ ਕੋਈ ਸਪੱਸ਼ਟ ਉਤਰ ਨਹੀਂ ਦਿੱਤਾ। ਉਨ੍ਹਾਂ ਕਿਹਾ ਅਸੀਂ ਅਕਾਲ ਤਖ਼ਤ ਸਾਹਿਬ ਨੂੰ ਹੀ ਮੰਨਦੇ ਹਾਂ। ਗੁਰਪੁਰਬ ਦੀਆਂ ਤਰੀਕਾਂ ਕੀ ਨਾਨਕਸ਼ਾਹੀ ਕਲੰਡਰ ਮੁਤਾਬਿਕ ਹੋਣ ਜਾਂ ਫੇਰ ਅਕਾਲ ਤਖ਼ਤ ਸਾਹਿਬ ਮੁਤਾਬਿਕ ? ਤਾਂ ਕੌਂਸਲ ਦਾ ਜਵਾਬ ਸੀ ਕਿ ਗੁਰਪੁਰਬ ਮਨਾਉਣ ਵਾਲੇ ਗੁਰੂ ਘਰਾਂ ਨੂੰ ਪੁੱਛੋ ਤਾਂ ਵਧੀਆ ਗੱਲ ਹੈ। ਕੌਂਸਲ ਨੇ ਇਸ ਗੱਲ ਦਾ ਵੀ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ ਕਿ ਇਥੋਂ ਦੀਆਂ ਰਾਜਨੀਤਿਕ ਪਾਰਟੀਆਂ ਵਲੋਂ ਜੋ ਨੀਤੀਆਂ ਲਾਗੂ ਕੀਤੀਆਂ ਜਾਂਦੀਆਂ ਹਨ, ਉਹ ਧਾਰਮਿਕ ਵਿਅਕਤੀ ਦੀ ਨੇਤਾ ਪ੍ਰਤੀ ਜਿੰਦਗੀ ਨੂੰ ਕਿਸੇ ਪੱਖੋਂ ਪ੍ਰਭਾਵਿਤ ਕਰਦੀਆਂ ਹਨ ਜਾਂ ਕਿਸੇ ਸਰਕਾਰ ਦੀਆਂ ਨੀਤੀਆਂ ਧਰਮ ਦੀ ਰਹਿਤ ਮਰਿਆਦਾ ਤੋਂ ਉਲਟ ਹੁੰਦੀਆਂ ਹਨ ਤਾਂ ਕੌਂਸਲ ਆਪਣਾ ਸਟੈਂਡ ਪਾਰਟੀ ਦੇ ਸਾਹਮਣੇ ਕਿਉਂ ਨਹੀਂ ਰੱਖਦੀ? ਕੁੱਲ ਮਿਲਾ ਕੇ ਕਈ ਸਾਲਾਂ ਬਾਅਦ ਕੌਂਸਲ ਵਲੋਂ ਕੀਤੀ ਗਈ ਇਹ ਪ੍ਰੈਸ ਕਾਨਫਰੰਸ ਇਕ ਚੰਗਾ ਉਦਮ ਸੀ।

## ਸ੍ਰੀ ਨਨਕਾਣਾ ਸਾਹਿਬ ਦੀ ਜਗਜੀਤ ਕੌਰ ਪਹਿਲੀ ਵਾਰ ਅਦਾਲਤ 'ਚ ਹੋਈ ਪੇਸ਼

ਲਾਹੌਰ, 12 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਨਨਕਾਣਾ ਸਾਹਿਬ ਦੇ ਗੁਰਦੁਆਰਾ ਤੰਬੂ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਭਗਵਾਨ ਸਿੰਘ ਦੀ ਪੁੱਤਰੀ ਜਗਜੀਤ ਕੌਰ ਨੂੰ 28 ਅਗਸਤ ਨੂੰ ਅਗਵਾ ਕਰਕੇ ਧਰਮ ਪਰਿਵਰਤਨ ਕਰਾਏ ਜਾਣ ਦੇ ਬਾਅਦ ਕੱਲ੍ਹ ਪਹਿਲੀ ਵਾਰ ਲਾਹੌਰ ਸਥਿਤ ਅਦਾਲਤ 'ਚ ਪੇਸ਼ ਕੀਤਾ ਗਿਆ।

ਮਿਲੀ ਜਾਣਕਾਰੀ ਅਨੁਸਾਰ ਉਸ ਕੁੜੀ ਵੱਲੋਂ ਉਸ ਦੇ ਪਤੀ ਮੁਹੰਮਦ ਅਹਿਸਾਨ ਪੁੱਤਰ ਜੁਲਫਿਕਾਰ ਅਲੀ ਖ਼ਾਨ ਨੇ ਲਾਹੌਰ ਹਾਈ ਕੋਰਟ 'ਚ ਕੇਸ ਦਰਜ ਕਰਕੇ ਜਗਜੀਤ ਕੌਰ ਉਰਫ਼ ਆਇਸ਼ਾ ਅਤੇ ਉਸ ਦੇ ਸਹੁਰੇ ਪਰਵਾਰ ਨੂੰ ਪਾਕਿਸਤਾਨ ਦੇ ਸਿੱਖ ਭਾਈਚਾਰੇ ਵੱਲੋਂ ਲਗਾਤਾਰ ਪ੍ਰੇਸ਼ਾਨ ਕੀਤੇ ਜਾਣ ਅਤੇ ਧਮਕੀਆਂ ਦੇਣ ਦੇ ਦੋਸ਼ ਲਾਏ ਸਨ। ਅਦਾਲਤ 'ਚ ਪਹੁੰਚਣ 'ਤੇ ਜੱਜ ਨੇ ਉਕਤ ਲੜਕੀ ਦੇ ਭਰਾ ਮਨਮੋਹਨ ਸਿੰਘ ਦੀ ਅਪੀਲ 'ਤੇ ਉਸ ਨੂੰ ਜਗਜੀਤ ਕੌਰ ਨਾਲ ਅਦਾਲਤ ਕੰਪਲੈਕਸ 'ਚ ਵੱਖ ਹੋ ਕੇ ਮਿਲਣ ਲਈ 10 ਮਿੰਟ ਦਾ ਸਮਾਂ ਦਿੱਤਾ। ਇਸ ਦੇ ਬਾਵਜੂਦ ਜਗਜੀਤ ਕੌਰ ਨੇ ਜੱਜ ਨੂੰ ਸਾਫ ਕਿਹਾ ਕਿ ਉਹ ਆਪਣੇ ਪਤੀ ਨਾਲ ਰਹਿਣਾ ਚਾਹੁੰਦੀ ਹੈ ਅਤੇ ਕਿਸੇ ਵੀ ਹਾਲ 'ਚ ਆਪਣੇ ਮਾਪਿਆਂ ਨਾਲ ਵਾਪਸ ਨਹੀਂ ਜਾਵੇਗੀ। ਇਸ 'ਤੇ ਉਸ ਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਜਗਜੀਤ ਕੌਰ ਕਿਸੇ ਦਬਾਅ ਹੇਠ ਅਜਿਹਾ ਬਿਆਨ ਦੇ ਰਹੀ ਹੈ। ਇਸ ਲਈ ਅਦਾਲਤ ਉਸ ਨੂੰ ਇਸ ਬਾਰੇ ਸਹੀ ਢੰਗ ਨਾਲ ਵਿਚਾਰ ਕਰਨ ਲਈ ਥੋੜਾ ਹੋਰ ਸਮਾਂ ਦੇਵੇ, ਜਿਸ ਦੇ ਆਧਾਰ 'ਤੇ ਅਦਾਲਤ ਨੇ ਭਾਰੀ ਸੁਰੱਖਿਆ ਹੇਠ ਜਗਜੀਤ ਕੌਰ ਨੂੰ ਮੁੜ 10 ਦਿਨਾਂ ਲਈ ਲਾਹੌਰ ਦਾਰੂਲ ਅਮਨ (ਸ਼ੈਲਟਰ ਹੋਮ) 'ਚ ਭੇਜ ਦਿੱਤਾ।







ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Karam Singh Punia<br>Gyan Singh; Angrej Singh |
| **Office Admin** | Priya Dhillon |
| **Graphic Designer** | Priya Dhillon |
| **Photographer** | Kanwaljit Singh Kanwal |
| **Distributer** | Aman Warraich |



Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

















# ਕੁਝ ਯਾਦਾਂ ਮੇਰੇ ਪਿੰਡ ਦੀਆਂ

-ਪ੍ਰੋ. ਡੀ ਸੀ ਸ਼ਰਮਾ



ਜਦੋਂ ਦਾ ਮੈਂ ਸੇਵਾ ਮੁਕਤ ਹੋਇਆ ਹਾਂ, ਉਦੋਂ ਦੀਆਂ ਮੈਨੂੰ ਮੇਰੇ ਪਿੰਡ ਦੀਆਂ ਬਚਪਨ ਨਾਲ ਜੁੜੀਆਂ ਯਾਦਾਂ ਖੂਬ ਚੇਤੇ ਆਉਂਦੀਆਂ ਹਨ। ਚਾਲੀ ਸਾਲ ਅੰਗਰੇਜ਼ੀ ਦੀ ਪ੍ਰੋਫੈਸਰੀ ਕਰਕੇ ਸਿੱਖਿਆ ਤਾਂ ਬਹੁਤ ਕੁਝ, ਪਰ ਪਿੰਡ ਵਿੱਚ ਰਹਿ ਕੇ ਬਚਪਨ ਵਿੱਚ ਜੋ ਕੁਝ ਸਿੱਖਿਆ, ਉਸ ਦਾ ਮੁਕਾਬਲਾ ਕਿਤੇ ਦੇਖਣ ਨੂੰ ਨਹੀਂ ਮਿਲਿਆ। ਕਿੰਨੀ ਪਿਆਰੀ ਹੁੰਦੀ ਹੈ ਬਚਪਨ ਦੀਆਂ ਯਾਦਾਂ ਦੀ ਪੋਟਲੀ। ਪਿੱਛੇ ਜਿਹੇ ਮੈਂ ਆਪਣੇ ਪਿੰਡ ਮੱਲ੍ਹਣ ਗਿਆ ਤਾਂ ਮੈਨੂੰ ਉਹ ਜਗ੍ਹਾ ਦੇਖਣ ਦੀ ਅੱਚਵੀਂ ਜਿਹੀ ਲੱਗੀ ਜਿਥੇ ਬਚਪਨ ਦੇ ਸਾਥੀਆਂ ਨਾਲ ਖੇਡਿਆ ਕਰਦਾ ਸੀ। ਅਸੀਂ ਸਾਰੇ ਬੱਚੇ ਗੁੱਲੀ ਡੰਡਾ ਖੇਡਦੇ ਸੀ। ਉਥੇ ਹੁਣ ਉਹ ਖੇਡ ਦਾ ਮੈਦਾਨ ਹੀ ਨਹੀਂ। ਉਹ ਮੈਦਾਨ ਇਕ ਸ਼ਾਨਦਾਰ ਕੋਠੀ ਬਣ ਚੁੱਕਿਆ ਸੀ। ਜਿਥੇ ਕਬਰਸਤਾਨ ਸੀ, ਉਥੇ ਇਕ ਆਲੀਸ਼ਾਨ ਮਕਾਨ ਬਣਿਆ ਹੋਇਆ ਸੀ। ਸਾਰੇ ਬੱਚਿਆਂ ਨੂੰ ਉਥੇ ਜਾਣ ਤੋਂ ਬੜਾ ਡਰ ਲੱਗਦਾ ਸੀ।

ਮੈਂ ਆਪਣੇ ਇਕ ਬਚਪਨ ਦੇ ਮਿੱਤਰ ਨੂੰ ਮਿਲਿਆ ਤਾਂ ਉਸ ਨੇ ਗੁੱਲੀ ਡੰਡੇ ਵਾਲੀ ਖੇਡ ਯਾਦ ਦਿਵਾਈ। ਉਹ ਹੱਸ ਕੇ ਕਹਿਣ ਲੱਗਿਆ, 'ਧਰਮ ਚੰਦ ਹੁਣ ਗੁੱਲੀ ਡੰਡੇ ਦੀ ਥਾਂ ਪੂਰੀ ਤਰ੍ਹਾਂ ਕ੍ਰਿਕਟ ਨੇ ਮੱਲ ਲਈ ਹੈ। ਜਿਹੜੇ ਰੇਡੀਓ ਨੂੰ ਅਸੀਂ ਇਕ ਅਜੂਬਾ ਸਮਝਦੇ ਸਾਂ, ਉਸ ਦੀ ਜਗ੍ਹਾ ਕਮਾਲ ਦੇ ਟੀ ਵੀ ਆ ਚੁੱਕੇ ਹਨ। ਅਸੀਂ ਪਿੰਡ ਵਿੱਚ ਬਿਜਲੀ ਨੂੰ ਰੋਂਦੇ ਰਹਿੰਦੇ ਸੀ। ਹੁਣ ਬੱਚੇ ਇੰਟਰਨੈਟ ਉੱਤੇ ਗੇਮਾਂ ਖੇਡਦੇ ਤੇ ਫੋਨਾਂ 'ਤੇ ਚੈਟਿੰਗ ਕਰਦੇ ਨਹੀਂ ਥੱਕਦੇ। ਅਸੀਂ ਤਾਂ ਟੈਲੀਫੋਨ ਨੂੰ ਜੱਗੋਂ ਤੇਰ੍ਹਵੀ ਕਾਢ ਸਮਝਦੇ ਸਾਂ।'

ਅਸੀਂ ਪਿੰਡ ਵਿੱਚ ਘੁੰਮਣ ਦੀ ਸਲਾਹ ਬਣਾ ਰਹੇ ਸੀ। ਅਚਾਨਕ ਉਸ ਮਿੱਤਰ ਦਾ ਪੋਤਾ ਪੁੱਛਦਾ, 'ਬਾਬਾ ਇਹ ਕਿਹੜਾ ਲਾਲਾ ਹੈ, ਜਿਹੜਾ ਤੁਹਾਡੇ ਨਾਲ ਘੁੰਮ ਰਿਹਾ ਹੈ?'

ਜਦੋਂ ਉਸ ਨੇ ਦੱਸਿਆ ਕਿ ਇਹ ਉਸ ਦਾ ਬਚਪਨ ਦਾ ਸਾਥੀ ਹੈ ਤਾਂ ਉਹ ਕਹਿਣ ਲੱਗਿਆ, 'ਬਾਬਾ ਪਹਿਲਾਂ ਤਾਂ ਤੁਸੀਂ ਕਦੇ ਇਸ ਬਾਰੇ ਗੱਲ ਵੀ ਨਹੀਂ ਕੀਤੀ।'

ਦੋਸਤ ਕਹਿੰਦਾ, 'ਕਾਕਾ, ਇਹ ਤਾਂ ਪਹਾੜਾਂ ਵਿੱਚ ਕਾਂਗੜੇ ਰਹਿੰਦਾ ਹੈ' ਤਾਂ ਉਸ ਨੇ ਅੱਗੋਂ ਪੁੱਛਿਆ, 'ਬਾਬਾ, ਕੀ ਉਥੇ ਕਾਂ ਬੜੇ ਹੁੰਦੇ ਨੇ!'

ਜਦੋਂ ਮੈਂ ਮੇਰੇ ਪਿੰਡ ਦੀ ਕਿਸੇ ਸਮੇਂ ਹੁੰਦੀ ਸਤਹ ਬਦਲੀ ਦੇਖੀ ਤਾਂ ਮੇਰੇ ਦਿਲ ਨੂੰ ਹੌਲ ਜਿਹਾ ਪੈਣ ਲੱਗ ਪਿਆ। ਕਿਸੇ ਜ਼ਮਾਨੇ ਵਿੱਚ ਉਥੇ ਇਕ ਬਹੁਤ ਪੁਰਾਣਾ ਖੁੰਢ ਪਿਆ ਹੁੰਦਾ ਸੀ ਤੇ ਪਿੰਡ ਦੇ ਬੁੱਢੇ ਲੋਕ ਉਸ 'ਤੇ ਬੈਠ ਕੇ ਗੱਪਾਂ ਮਾਰਦੇ ਸਨ। ਕੁਝ ਆਪਣੇ ਘਰੋਂ ਗਰਨੇ ਲੈ ਕੇ ਆ ਜਾਂਦੇ ਤੇ ਉਨ੍ਹਾਂ ਨੂੰ ਤੋੜ-ਤੋੜ ਕੇ ਸਣ ਕੱਢਿਆ ਕਰਦੇ ਸਨ। ਅਸੀਂ ਬੱਚੇ ਉਨ੍ਹਾਂ ਦੀਆਂ ਸੁੱਟੀਆਂ ਤੀਲਾਂ ਨਾਲ ਖੇਡਦੇ। ਉਨ੍ਹਾਂ ਤੀਲਾਂ ਦੇ ਗੁੱਲੀ ਡੰਡੇ ਬਣਾ ਲੈਂਦੇ ਤੇ ਆਨੰਦ ਲੁੱਟਦੇ। ਹੁਣ ਉਹ ਵੇਲੇ ਕਿੱਥੇ ਚਲੇ ਗਏ? ਉਸ ਦਿਨ ਆਥਣ ਦੇ ਵੇਲੇ ਅਸੀਂ ਖੇਤਾਂ ਵੱਲ ਚਲੇ ਗਏ। ਮੈਂ ਆਪਣੇ ਖੇਤਾਂ ਨੂੰ ਕੋਈ ਤੀਹ ਸਾਲ ਬਾਅਦ ਦੇਖਿਆ। ਜਿਥੇ ਕਿਸੇ ਸਮੇਂ ਟਿੱਬੇ ਹੁੰਦੇ ਸਨ, ਹੁਣ ਉਥੇ ਪੱਧਰੇ ਖੇਤ ਸਨ। ਖੇਤਾਂ 'ਚ ਟਿਊਬਵੈਲ ਲੱਗੇ ਹੋਏ ਸਨ। ਮੇਰੇ ਭਤੀਜੇ ਖੇਤਾਂ ਨੂੰ ਪਾਣੀ ਦੇ ਰਹੇ ਸਨ। ਉਨ੍ਹਾਂ ਖੇਤਾਂ ਨੂੰ ਦੇਖ ਕੇ ਮੈਨੂੰ ਮੇਰਾ ਬਚਪਨ ਯਾਦ ਆ ਗਿਆ। ਉਨ੍ਹਾਂ ਖੇਤਾਂ 'ਚ ਮੇਰਾ ਬਾਪੂ ਹੱਲ ਵਾਹਿਆ ਕਰਦਾ ਸੀ ਤੇ ਮੈਂ ਕਦੇ-ਕਦੇ ਆਪਣੀ ਮਾਂ ਨਾਲ ਬਾਪੂ ਦੀ ਰੋਟੀ ਲੈ ਕੇ ਜਾਂਦਾ। ਮੈਂ ਘਰੋਂ ਰੋਟੀ ਖਾ ਕੇ ਜਾਂਦਾ ਸੀ, ਪਰ ਬਾਪੂ ਦੇ ਕਹਿਣ 'ਤੇ ਇਕ ਦੋ ਬੁਰਕੀਆਂ ਉਸ ਦੀ ਰੋਟੀ 'ਚੋਂ ਵੀ ਖਾ ਜਾਂਦਾ।

ਪਿੰਡ ਵਾਪਸ ਆ ਕੇ ਮੈਨੂੰ ਮੇਰਾ ਸਕੂਲ ਵੀ ਯਾਦ ਆਇਆ। ਅਸੀਂ ਅਗਲੇ ਦਿਨ ਆਪਣੇ ਸਕੂਲ ਗਏ। ਹੁਣ ਉਸ ਸਕੂਲ ਦਾ ਮੂੰਹ ਮੱਥਾ ਬਦਲ ਚੁੱਕਿਆ ਸੀ। ਜਿਹੜਾ ਸਾਡੇ ਵੇਲੇ ਹਾਈ ਸਕੂਲ ਹੁੰਦਾ ਸੀ। ਹੁਣ ਉਹ ਸੀਨੀਅਰ ਸੈਕੰਡਰੀ ਸਕੂਲ ਬਣ ਚੁੱਕਿਆ ਸੀ। ਇਥੇ ਹੁਣ ਸਿਰਫ ਮਾਸਟਰ ਨਹੀਂ, ਲੈਕਚਰਾਰ ਵੀ ਸਨ। ਪ੍ਰਿੰਸੀਪਲ ਸੀ। ਸਾਡੇ ਜ਼ਮਾਨੇ ਵਿੱਚ ਡੰਡੇ ਪੈਂਦੇ ਸਨ ਤੇ ਹੁਣ ਅਜਿਹੀ ਸਜ਼ਾ ਤੋਂ ਮਨਾਹੀ ਹੈ। ਸਕੂਲ ਦੇ ਬੱਚਿਆਂ ਨੂੰ ਦੇਖ ਕੇ ਮੈਨੂੰ ਆਪਣਾ ਪਿਛੋਕੜ ਯਾਦ ਆਉਣ ਲੱਗਾ। ਹੁਣ ਬਿਜਲੀ ਦੇ ਪੱਖੇ ਉਨ੍ਹਾਂ ਦੇ ਸਿਰਾਂ ਉਪਰ ਚੱਲ ਰਹੇ ਸਨ। ਬੱਚਿਆਂ ਦੇ ਚਿਹਰੇ ਦੇਖੇ ਤਾਂ ਮੈਨੂੰ ਮੇਰਾ ਚਿਹਰਾ ਯਾਦ ਆਉਣ ਲੱਗਿਆ, ਪਰ ਉਨ੍ਹਾਂ ਦੇ ਲਿਬਾਸ 'ਚ ਅੰਤਰ ਸੀ। ਅਸੀਂ ਪਜਾਮਾ ਕੁੜਤਾ ਪਾਉਂਦੇ ਸਾਂ। ਹੁਣ ਹਰੇਕ ਬੱਚੇ ਨੇ ਪੈਂਟ ਕਮੀਜ਼ ਜਾਂ ਟੀ-ਸ਼ਰਟ ਪਹਿਨੀ ਹੋਈ ਸੀ। ਕੁਝ ਕੁੜੀਆਂ ਨੇ ਤਾਂ ਜੀਨਜ਼ ਪਹਿਨੀ ਸੀ। ਬਦਲਦੇ ਜ਼ਮਾਨੇ ਦੇ ਰੰਗ ਢੰਗ ਦੇਖ ਕੇ ਮੈਂ ਹੈਰਾਨ ਜਿਹਾ ਹੋ ਗਿਆ।

ਇਹ ਸਭ ਦੇਖ ਕੇ ਮੈਨੂੰ ਕੁਝ ਹੈਰਾਨੀ ਜਿਹੀ ਹੋਈ। ਸਾਡੇ ਵੇਲੇ ਬੱਚੇ ਨਸ਼ਿਆਂ ਤੋਂ ਕੋਹਾਂ ਦੂਰ ਰਹਿੰਦੇ ਸਨ, ਪਰ ਹੁਣ ਬੱਚੇ ਤੇ ਨੌਜਵਾਨ ਸਭ ਨਸ਼ਿਆਂ ਦੀ ਲਪੇਟ 'ਚ ਆ ਰਹੇ ਹਨ। ਕੰਨਾਂ ਨੂੰ ਲੱਗੇ ਮੋਬਾਈਲ ਦੇਖ ਕੇ ਮੈਂ ਹੈਰਾਨ ਤਾਂ ਹੋਇਆ, ਪਰ ਉਨ੍ਹਾਂ ਦੇ ਤੇਜ਼ ਦਿਮਾਗ ਦੇਖ ਕੇ ਉਹ ਮੋਬਾਈਲ ਫੋਨਾਂ ਨੂੰ ਕਿੰਨੀ ਫੁਰਤੀ ਨਾਲ ਚਲਾਉਂਦੇ ਹਨ, ਹੋਰ ਵੀ ਹੈਰਾਨ ਹੋ ਗਿਆ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਬੱਚੇ ਬਚਪਨ ਵਿੱਚ ਤੇਜ਼ ਦਿਮਾਗ ਤਾਂ ਰੱਖਦੇ ਹਨ, ਪਰ ਉਨ੍ਹਾਂ ਦਾ ਸਹੀ ਮਾਰਗ ਦਰਸ਼ਨ ਵੀ ਜ਼ਰੂਰੀ ਸੀ।

ਪਿੰਡ ਦੀ ਬਦਲਦੀ ਨੁਹਾਰ ਦੇਖ ਕੇ ਮੈਂ ਇਕ ਦੋ ਦਿਨ ਹੋਰ ਉਥੇ ਠਹਿਰਨ ਦਾ ਮਨ ਬਣਾਇਆ ਤੇ ਘਰ ਫੋਨ ਕਰ ਦਿੱਤਾ। ਜਿਸ ਪਿੱਪਲ ਦੇ ਰੁੱਖ ਤੋਂ ਛਾਲਾਂ ਮਾਰਦੇ ਸਾਂ, ਉਹ ਰੁੱਖ ਹੁਣ ਉਥੇ ਨਹੀਂ ਸਨ। ਜਿਸ ਥਾਂ ਤਖਤਪੋਸ਼ ਰੱਖੇ ਹੁੰਦੇ ਸੀ ਤੇ ਲੋਕ ਉਨ੍ਹਾਂ 'ਤੇ ਬੈਠ ਕੇ ਗੱਲਾਂ ਮਾਰਦੇ ਸਨ, ਹੁਣ ਉਥੇ ਇਕ ਪੱਕਾ ਥੜ੍ਹਾ ਬਣਿਆ ਹੋਇਆ ਸੀ। ਉਥੇ ਕੁਝ ਮੰਗਤੇ ਬੈਠੇ ਹੋਏ ਸਨ। ਹੁਣ ਉਸ ਥਾਂ 'ਤੇ ਸੁੰਨਸਾਨ ਪਈ ਸੀ, ਜਿਥੇ ਕਿਸੇ ਵੇਲੇ ਰੌਣਕਾਂ ਲੱਗੀਆਂ ਹੁੰਦੀਆਂ ਸਨ।

ਮੇਰੇ ਦੋਸਤ ਨੇ ਮੈਨੂੰ ਕਿਹਾ, 'ਤੁਸੀਂ ਕਿੰਨੇ ਹੀ ਅੰਗਰੇਜ਼ੀ ਤੇ ਪੰਜਾਬੀ ਦੇ ਅਖਬਾਰਾਂ 'ਚ ਬੱਚਿਆਂ ਨੂੰ ਕਾਊਂਸਲਿੰਗ ਦਿੰਦੇ ਹੋ, ਸਾਡੇ ਬੱਚਿਆਂ ਨੂੰ ਵੀ ਤਾਂ ਦੇ ਜਾਓ।' ਮੈਂ ਆਪਣੇ ਦੋਸਤ ਨੂੰ ਕਿਹਾ ਕਿ ਇਹ ਤਾਂ ਮੇਰੇ ਆਪਣੇ ਪਿੰਡ ਦੇ ਬੱਚੇ ਹਨ। ਸਕੂਲ ਦੇ ਪ੍ਰਿੰਸੀਪਲ ਤਾਂ ਗਦਗਦ ਹੋ ਉਠੇ ਜਦੋਂ ਉਨ੍ਹਾਂ ਨੂੰ ਪਤਾ ਲੱਗਿਆ ਕਿ ਮੈਂ ਤਾਂ ਉਸੇ ਸਕੂਲ ਦਾ ਪੁਰਾਣਾ ਵਿਦਿਆਰਥੀ ਹਾਂ। ਉਸ ਦਿਨ ਸਕੂਲ ਵਿੱਚ ਮਿਲਿਆ ਮਾਣ ਸਨਮਾਨ ਮੇਰੇ ਵਾਸਤੇ ਇਕ ਕੌਮਾਂਤਰੀ ਮਾਣ ਸਨਮਾਨ ਦੇ ਬਰਾਬਰ ਸੀ, ਜਿਸ ਨੂੰ ਮੈਂ ਕਦੇ ਨਹੀਂ ਭੁੱਲ ਸਕਦਾ। ਬੇਸ਼ੱਕ ਹੁਣ ਕਾਂਗੜੇ ਦੇ ਹੀ ਹੋ ਕੇ ਰਹਿ ਗਏ ਹਾਂ, ਪਰ ਆਪਣਾ ਪਿੰਡ ਕਦੇ ਯਾਦਾਂ 'ਚੋਂ ਨਹੀਂ ਵਿਸਰਦਾ।

# ਜੱਗ ਜਿਊਣ ਵੱਡੀਆਂ ਭਰਜਾਈਆਂ...

-ਸਰਬਜੀਤ ਸਿੰਘ ਝੱਮਟ



ਸਾਡੇ ਸਮਾਜ ਦਾ ਦਸਤੂਰ ਹੈ ਕਿ ਕੁੜੀ ਜਦੋਂ ਜਵਾਨ ਹੋ ਜਾਂਦੀ ਹੈ ਤਾਂ ਉਸ ਦਾ ਵਿਆਹ ਕਰਕੇ ਉਸ ਨੂੰ ਸਹੁਰੀਂ ਤੋਰ ਦਿੱਤਾ ਜਾਂਦਾ ਹੈ। ਉਸ ਨੂੰ ਸਹੁਰੇ ਘਰ ਜਾ ਕੇ ਵੀ ਆਪਣਾ ਪੇਕਾ ਘਰ ਅਕਸਰ ਯਾਦ ਆਉਂਦਾ ਰਹਿੰਦਾ ਹੈ। ਸਮੇਂ ਦੇ ਨਾਲ ਮਾਂ ਪਿਓ ਸਦੀਵੀ ਤੌਰ ਉੱਤੇ ਤੁਰ ਜਾਂਦੇ ਹਨ ਤੇ ਕਿਸੇ-ਕਿਸੇ ਵਿਚਾਰੀ ਦਾ ਤਾਂ ਆਪਣਾ ਭਰਾ ਵੀ ਜਹਾਨੋਂ ਕੂਚ ਕਰ ਜਾਂਦਾ ਹੈ। ਫਿਰ ਬਾਅਦ 'ਚ ਕੌਣ ਉਸਦੀ ਸਾਰ ਲਵੇਗਾ? ਕਹਿੰਦੇ ਨੇ:

ਭਾਈਏ ਰਾਜ, ਭਤੀਜੀ ਠਾਣਾ,
ਛੱਡ ਦੇ ਭੂਆ ਆਉਣਾ ਜਾਣਾ।

ਜਦੋਂ ਕੁਆਰੀ ਸੀ ਤਾਂ ਉਸ ਦੇ ਵੀਰ ਦਾ ਵਿਆਹ ਹੋ ਗਿਆ ਸੀ, ਕਿਉਂਕਿ ਉਹ ਉਸ ਤੋਂ ਵੱਡਾ ਸੀ। ਉਸ ਨੂੰ ਆਪਣਾ ਵੀਰ ਤਾਂ ਪਿਆਰਾ ਹੀ ਸੀ, ਭਾਬੀ ਵੀ ਪਿਆਰੀ ਲੱਗਦੀ ਸੀ। ਮਾਂ ਦੇ ਤੁਰ ਜਾਣ ਪਿੱਛੋਂ ਭਰਜਾਈ ਹੀ ਦੁੱਖ ਅਤੇ ਭੀੜ ਪੈਣ ਸਮੇ ਨਣਾਨ ਨੂੰ ਗਲ ਲਾਉਂਦੀ ਹੈ। ਉਸ ਨੂੰ ਬਣਦਾ ਸਰਦਾ ਦਿੰਦੀ ਵੀ ਹੈ। ਤਾਂ ਹੀ ਉਹ ਆਖਦੀ ਹੈ:

ਵੀਰ ਮੇਰੇ ਨੇ ਕੁੜਤੀ ਦਿੱਤੀ, ਭਾਬੋ ਨੇ ਫੁਲਕਾਰੀ।
ਜੁੱਗ-ਜੁੱਗ ਜੀਅ ਭਾਬੋ, ਲੱਗੇ ਵੀਰ ਤੋਂ ਪਿਆਰੀ।

ਫਿਰ ਕੁਝ ਚਿਰ ਬਾਅਦ ਉਸ ਦਾ ਵਿਆਹ ਹੋ ਜਾਂਦਾ ਹੈ। ਸਹੁਰੇ ਘਰ ਵਿੱਚ ਜਦੋਂ ਉਸ ਦੇ ਦਿਓਰ ਦਾ ਵਿਆਹ ਹੁੰਦਾ ਹੈ ਤਾਂ ਉਸ ਨੂੰ ਗੋਡੇ-ਗੋਡੇ ਚਾਅ ਹੁੰਦਾ ਹੈ। ਉਹ ਧਮਾਲਾਂ ਪਾਉਂਦੀ ਨਹੀਂ ਥੱਕਦੀ। ਹਰ ਕੰਮ ਭੱਜ-ਭੱਜ ਕੇ ਬੜੇ ਚਾਅ ਨਾਲ ਕਰਦੀ ਹੈ। ਉਸ ਦੀ ਦਰਾਣੀ ਵਿਆਹੁਣ ਜਾ ਰਹੇ ਦਿਓਰ ਦੇ ਸੁਰਮਾ ਵੀ ਤਾਂ ਉਸੇ ਨੇ ਪਾਉਣਾ ਹੁੰਦਾ ਹੈ:

ਪਹਿਲੀ ਸਿਲਾਈ ਦਿਓਰਾ ਰਸ ਭਰੀ,
ਦੂਜੀ ਵੇ ਗੁੱਲ ਅਨਾਰ।
ਤੀਜੀ ਸਿਲਾਈ ਤਾਂ ਪਾਵਾਂ,
ਜੇ ਮੋਹਰਾਂ ਦੇਵੇਂ ਚਾਰ,
ਵੇ ਜਿਊਣ ਜੋਗਿਆ ਚਾਰ।

ਜਦੋਂ ਉਹ ਆਪ ਵਿਆਹੀ ਆਈ ਸੀ ਤਾਂ ਉਸ ਦੀ ਸੱਸ ਨੇ ਬੜੇ ਚਾਅ ਕੀਤੇ ਸੀ। ਉਸ ਦੀ ਨਣਦ ਵੀ ਉਸ ਤੋਂ ਵਾਰੀ-ਵਾਰੀ ਜਾਂਦੀ ਸੀ। ਸੰਗਦੀ ਹੋਈ ਉਹ ਰੋਟੀ ਨਹੀਂ ਸੀ ਖਾਂਦੀ, ਪਰ ਨਣਾਨ ਤਾਂ ਨਵੀਂ ਆਈ ਭਾਬੀ ਦੇ ਮੂੰਹ 'ਚ ਬੁਰਕੀ ਪਾਉਣ ਤੱਕ ਜਾਂਦੀ ਹੈ। ਲੋਕ ਬੋਲੀ ਹੈ:

ਨਵੀਂ ਬਹੂ ਮੁਕਲਾਵੇ ਆਈ,
ਸੱਸ ਧਰਤੀ ਪੈਰ ਨਾ ਲਾਵੇ,
ਲੈ ਨੀ ਨੂੰਹੇਂ ਰੋਟੀ ਖਾ ਲੈ,
ਨੂੰਹ ਸੰਗਦੀ ਨਾ ਖਾਵੇ,
ਮੂੰਹ ਵਿੱਚ ਭਾਬੀ ਦੇ,
ਨਣਦ ਬੁਰਕੀਆਂ ਪਾਵੇ।

ਸਹੁਰੇ ਪਰਵਾਰ ਵਿੱਚੋਂ ਹੋਰ ਜੀਆਂ ਦੇ ਨਾਲ ਪਤੀ ਦਾ ਛੋਟਾ ਭਰਾ ਹੁੰਦਾ ਹੈ। ਭਾਬੀਆਂ ਨੂੰ ਦਿਓਰ ਬੜੇ ਲਾਡਲੇ ਤੇ ਪਿਆਰੇ ਹੁੰਦੇ ਹਨ। ਕਈ ਸ਼ਰਾਰਤੀ ਦਿਓਰ ਜਦੋਂ ਭਾਬੀ ਹੱਸਦੀ ਹੈ ਤਾਂ ਬੜੀ ਨੀਝ ਲਾ ਕੇ ਉਸ ਦੇ ਚਿੱਟੇ ਅਨਾਰਾਂ ਦੇ ਦਾਣਿਆਂ ਵਰਗੇ ਦੰਦਾਂ ਨੂੰ ਤੱਕਦੇ ਰਹਿੰਦੇ ਹਨ। ਤਾਂ ਹੀ ਉਹ ਕਹਿੰਦੀ ਹੈ:

ਮੇਰਾ ਦਿਓਰ ਬੜਾ ਟੁੱਟ ਪੈਣਾ,
ਹੱਸਦੀ ਦੇ ਦੰਦ ਗਿਣਦਾ।

ਕੁਝ ਵੀ ਹੋਵੇ, ਭਰਜਾਈ ਨੂੰ ਦਿਓਰ ਆਪਣੇ ਹੀ ਧੀਆਂ ਪੁੱਤਾਂ ਜਿੰਨਾ ਪਿਆਰ ਹੁੰਦਾ ਹੈ। ਉਹ ਉਸ ਨੂੰ ਗਲਤ ਪਾਸੇ ਜਾਣੋਂ ਰੋਕਦੀ ਰਹਿੰਦੀ ਹੈ ਅਤੇ ਉਸ ਨੂੰ ਕਿਸੇ ਵੀ ਪਾਸਿਉਂ ਨੀਵਾਂ ਨਹੀਂ ਹੋਣਾ ਦੇਣਾ ਚਾਹੁੰਦੀ। ਦੂਜੇ ਪਾਸੇ ਉਹ ਆਪਣੇ ਛੜੇ ਜੇਠ ਨੂੰ ਚੰਗਾ ਨਹੀਂ ਸਮਝਦੀ ਜੋ ਨੋਕ ਝੋਕ ਕਰਦਾ ਰਹਿੰਦਾ ਹੈ। ਉਹ ਆਪਣੇ ਦਿਓਰ ਪ੍ਰਤੀ ਹੀ ਬਹੁਤ ਪਿਆਰ ਇਉਂ ਦਰਸਾਉਂਦੀ ਹੈ:

ਦਿਓਰ ਭਾਵੇਂ ਮੱਝ ਚੁੰਘ ਜਾਓ,
ਛੜੇ ਜੇਠ ਨੂੰ ਲੱਸੀ ਨਹੀਂ ਦੇਣੀ।

ਅਜਿਹੇ ਰਿਸ਼ਤਿਆਂ ਵਿੱਚ ਕਦੇ ਮੈਲਾਪਣ ਤੇ ਕੌੜਾਪਣ ਨਹੀਂ ਆਉਣਾ ਚਾਹੀਦਾ। ਭਾਬੀ ਵੀ ਆਪਣਾ ਪੇਕਾ ਪਿੰਡ ਛੱਡ ਕੇ ਇਸ ਘਰ ਆਈ ਹੈ। ਵਿਆਹ ਕੇ ਲਿਆਂਦੀ ਹੈ। ਉਸ ਦਾ ਪੂਰਾ ਮਾਣ ਸਤਿਕਾਰ ਹੋਣਾ ਚਾਹੀਦਾ ਹੈ। ਅੱਜ ਵੀ ਉਸ ਨੂੰ ਆਪਣੇ ਪੇਕੀਂ ਬੈਠੀ ਮਾਂ ਵਰਗੀ ਵੱਡੀ ਭਾਬੀ ਦੀ ਯਾਦ ਆਉਂਦੀ ਹੈ। ਮਾਂ ਵਰਗੀ ਇਸ ਲਈ ਕਿ ਮਾਂ ਮਗਰੋਂ ਉਹੀ ਤਾਂ ਪੇਕੇ ਘਰ ਦੀ ਮਾਲਕਣ ਹੈ। ਜਦੋਂ ਉਹ ਪੇਕੀਂ ਮਿਲਣ ਗਿਲਣ ਜਾਂਦੀ ਹੈ ਤਾਂ ਉਸ ਦੀ ਭਾਬੀ ਉਸ ਦੀ ਖਾਤਰ ਸੇਵਾ 'ਚ ਕੋਈ ਕਸਰ ਨਹੀਂ ਛੱਡਦੀ। ਉਸ ਨੂੰ ਹਮੇਸ਼ਾ ਅੱਖਾਂ 'ਤੇ ਬਹਾਉਂਦੀ ਹੈ। ਐਵੇਂ ਤਾਂ ਨਹੀਂ ਸਿਆਣੇ ਆਖਦੇ:

ਜੱਗ ਜਿਊਣ ਵੱਡੀਆਂ ਭਰਜਾਈਆਂ,
ਪਾਣੀ ਮੰਗੇ ਦੁੱਧ ਦਿੰਦੀਆਂ।

ਅਜਿਹੇ ਰਿਸ਼ਤਿਆਂ ਦੀ ਮਨੁੱਖੀ ਜੀਵਨ ਵਿੱਚ ਬੜੀ ਅਹਿਮੀਅਤ ਹੁੰਦੀ ਹੈ। ਇਹ ਰਿਸ਼ਤੇ ਸਾਨੂੰ ਸਾਰਿਆਂ ਨੂੰ ਸਦੀਵੀ ਬਣਾਈ ਰੱਖਣੇ ਚਾਹੀਦੇ ਹਨ। ਮੋਹ ਦਾ ਕੋਈ ਮੁੱਲ ਨਹੀਂ ਹੁੰਦਾ।

## ਮਿੰਨੀ ਕਹਾਣੀਆਂ

### ਨੈਟਵਰਕ ਪ੍ਰਾਬਲਮ

-ਜਗਮੀਤ ਸਿੰਘ ਪੰਧੇਰ

ਸਵੇਰੇ-ਸਵੇਰੇ ਮੁੰਡੇ ਵਾਲਿਆਂ ਦਾ ਫੋਨ ਆਇਆ, 'ਬਹੁਤ-ਬਹੁਤ ਵਧਾਈਆਂ ਜੀ, ਆਪਣੇ ਅਮਨ ਨੂੰ ਸਰਕਾਰੀ ਨੌਕਰੀ ਮਿਲ ਗਈ। ਹੁਣ ਆਪਾਂ ਵਿਆਹ ਦੀ ਤਰੀਕ ਛੇਤੀ ਹੀ ਰੱਖ ਲਈਏ। ਨਾਲੇ ਹੁਣ ਤਾਂ ਤੁਹਾਨੂੰ ਥੋੜ੍ਹੀ ਜਿਹੀ ਖੇਚਲ ਹੋਰ ਕਰਨੀ ਪਊ। ਆਪਾਂ ਨੂੰ ਵਿਆਹ ਮੈਰਿਜ ਪੈਲੇਸ ਵਿੱਚ ਕਰਨਾ ਪਓ ਤੇ ਬਾਕੀ ਇੰਤਜ਼ਾਮ ਵਧੀਆ ਕਰਨਾ ਪਊਗਾ।'

'ਅੱਛਾ ਜੀ, ਬਹੁਤ ਵਧੀਆ ਹੋਇਆ ਇਹ ਤਾਂ। ਬਾਕੀ ਤੁਹਾਨੂੰ ਵੀ ਬਹੁਤ-ਬਹੁਤ ਵਧਾਈਆਂ ਜੀ। ਕੱਲ੍ਹ ਇਧਰ ਵੀ ਵੱਡੀ ਖੁਸ਼ੀ ਦੀ ਗੱਲ ਹੋ ਗਈ ਹੈ। ਆਪਣੀ ਬੇਟੀ ਦਾ ਵੀਜ਼ਾ ਆ ਗਿਆ ਕੈਨੇਡਾ ਦਾ। ਵਿਆਹ ਤਾਂ ਪੈਲੇਸ ਵਿੱਚ ਹੀ ਹੋਵੇਗਾ, ਹੁਣ ਘਰੇ ਕਰਦੇ ਤਾਂ ਚੰਗੇ ਨੀ ਲੱਗਦੇ, ਪਰ ਤੁਹਾਡੇ 'ਤੇ ਬੋਝ ਥੋੜ੍ਹਾ ਜਿਹਾ ਹੋਰ ਵਧ ਗਿਆ ਜੀ। ਪੈਲੇਸ ਦਾ ਖਾਣ ਪੀਣ ਦਾ ਤੇ ਹੋਰ ਬਾਕੀ ਖਰਚ ਦੇ ਨਾਲ ਬਾਹਰ ਭੇਜਣ ਦਾ ਖਰਚ ਵੀ ਹੁਣ ਤੁਹਾਨੂੰ ਹੀ ਕਰਨਾ ਪੈਣਾ। ਬਾਕੀ ਆ ਜਾਓ ਕਿਸੇ ਦਿਨ ਪਾਰਟੀ ਕਰ ਲਵਾਂਗੇ ਨਾਲੇ ਬੈਠ ਕੇ ਆਰਾਮ ਨਾਲ ਸਾਰੀ ਸਕੀਮ ਬਣਾ ਲਵਾਂਗੇ।'

ਕੁੜੀ ਵਾਲਿਆਂ ਵੱਲੋਂ ਖੁਸ਼ੀ ਦੀ ਖਬਰ ਸੁਣ ਕੇ ਮੁੰਡੇ ਵਾਲਿਆਂ ਦੇ 'ਨੈਟਵਰਕ' ਵਿੱਚ ਸਮੱਸਿਆ ਆ ਗਈ।

### ਕੌੜਾ ਸੱਚ


-ਗੁਰਤੇਜ ਸਿੰਘ

'ਕੀ ਕਰਾਂ ਭੈਣੇ ਬੜੀ ਔਖੀ ਹਾਂ, ਮੇਰੇ ਦੋਵੇਂ ਪੁੱਤ ਮੈਨੂੰ ਮੂੰਹ ਨਹੀਂ ਲਾਉਂਦੇ ਤੇ ਸਬੱਬੀ ਗੇੜਾ ਮਾਰਦੀਆਂ ਤਿੰਨਾਂ ਭੈਣਾਂ ਨੂੰ ਵੀ ਨਹੀਂ ਬੁਲਾਉਂਦੇ। ਅੱਖ ਬਣਵਾਈ (ਅਪ੍ਰੇਸ਼ਨ) ਕਾਰਨ ਮੇਰੇ ਤੋਂ ਚੁੱਲ੍ਹੇ 'ਤੇ ਰੋਟੀ ਵੀ ਨਹੀਂ ਬਣਦੀ, ਕੋਈ ਮੇਰੀ ਬਾਤ ਨਹੀਂ ਪੁੱਛਦਾ।' ਤਾਈ ਕਰਤਾਰੋ ਸਵੇਰੇ-ਸਵੇਰੇ ਮੇਰੀ ਮਾਂ ਕੋਲ ਆਪਣਾ ਢਿੱਡ ਹੌਲਾ ਕਰ ਰਹੀ ਸੀ। ਕਾਫੀ ਦੇਰ ਤੱਕ ਉਹ ਆਪਣੇ ਨੂੰਹ ਪੁੱਤਾਂ ਅਤੇ ਸ਼ਰੀਕੇ ਨੂੰ ਭੰਡਦੀ ਰਹੀ ਕਿ ਕੋਈ ਬੱਤੀ ਨਹੀਂ ਵਾਹੁੰਦਾ। ਜਦੋਂ ਤਾਈ ਕਰਤਾਰੋ ਚਲੀ ਗਈ ਤਾਂ ਮੈਂ ਕਿਹਾ, 'ਮਾਂ! ਤਾਈ ਸੱਚਮੁਚ ਬੜੀ ਔਖੀ ਹੈ, ਲਾਹਨਤ ਹੈ ਅਜਿਹੀ ਔਲਾਦ 'ਤੇ।'

ਇਹ ਸ਼ਬਦ ਅਜੇ ਮੇਰੇ ਮੂੰਹ ਵਿੱਚ ਸਨ ਮੇਰੀ ਮਾਂ ਨੇ ਕਿਹਾ, 'ਪੁੱਤ! ਇਸ ਦੀਆਂ ਨੂੰਹਾਂ ਇਸ ਨੂੰ ਦੇਖ ਕੇ ਹੀ ਇਸ ਨਾਲ ਅਜਿਹਾ ਵਰਤਾਉ ਕਰਦੀਆਂ ਹਨ। ਪਹਿਲਾਂ ਇਹ ਵੀ ਆਪਣੇ ਸੱਸ ਸਹੁਰੇ ਤੇ ਨਣਦਾਂ ਨਾਲ ਇੰਜ ਵਿਹਾਰ ਕਰਦੀ ਰਹੀ ਹੈ। 'ਜੈਸੀ ਕਰਨੀ ਵੈਸੀ ਭਰਨੀ' ਜ਼ਿੰਦਗੀ ਦੀ ਇਸ ਸੱਚਾਈ ਤੋਂ ਇਹ ਸਦਾ ਮੁਨਕਰ ਹੁੰਦੀ ਰਹੀ ਤੇ ਆਖਰ ਉਹੀ ਕੁਝ ਅੱਜ ਇਸ ਦੇ ਸਾਹਮਣੇ ਹੈ।'

ਜ਼ਿੰਦਗੀ ਅਤੇ ਤਾਈ ਕਰਤਾਰੋ ਦੇ ਕੌੜੇ ਸੱਚ ਨੂੰ ਮੇਰੀ ਮਾਂ ਨੇ ਇਕੋ ਸਾਹੇ ਬਿਆਨ ਦਿੱਤਾ ਸੀ।

# ਜਾਤਿ ਕਾ ਗਰਬੁ ਨ ਕਰੀਅਹੁ ਕੋਈ



ਕਰਨੈਲ ਸਿੰਘ ਟੋਰਾਂਟੋ



ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥

ਉਥਾਨਕਾ:- ਸ੍ਰੀ ਗੁਰੂ ਅਮਰਦਾਸ ਨੂੰ ਇਕ ਬ੍ਰਾਹਮਣ ਨੇਂ ਕਿਹਾ, ਚਾਰਾਂ ਵਰਨਾਂ ਚੋਂ ਬ੍ਰਹਮਣ ਵੱਡੇ ਹਨ। ਬ੍ਰਹਮਣਾ ਦੀ ਪੂਜਾ ਵਿਸ਼ੇਸ਼ ਤਰੀਕੇ ਨਾਲ ਹੋਣੀ ਚਾਹੀਦੀ ਹੈ। ਗੁਰੂ ਜੀ ਇਸ ਸ਼ਬਦਰਾਹੀਂ ਬ੍ਰਹਮਣ ਦਾ ਉਚੀ ਜਾਤ ਵਾਲਾ ਘਮੰਡ ਭਾਵ ਹੰਕਾਰ ਦੂਰ ਕਰਦੇ ਹਨ।

ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥੧॥

ਰਾਗੁ ਭੈਰਉ ਮਹਲਾ ੩॥ ਪੰਨਾ ੧੧੨੭

ਅਰਥ:- ਗੁਰੂ ਜੀ ਕਥਨ ਕਰਦੇ ਹਨ:- ਐ ਦੁਨੀਆਂ ਦੇ ਲੋਗੋ ਅਤੇ ਬ੍ਰਾਹਮਣ ਦੇਵਤਾ ਜੀ, ਆਪਣੀ ਉਚੀ ਜ਼ਾਤ ਦਾ ਹੰਕਾਰ ਨਾ ਕਰੋ। ਅਸਲ ਬ੍ਰਹਮਣ ਓਹੀ ਹੈ, ਜੇਹੜਾ ਬ੍ਰਹਮ ਨੂੰ ਬਿੰਦੇ ਭਾਵ ਜਾਣਦਾ ਹੋਵੇ।

ਤਥਾ:- ਕਹੁ ਕਬੀਰ ਜੋ ਬ੍ਰਹਮੁ ਬੀਚਾਰੈ॥ ਸੋ ਬ੍ਰਾਹਮਣੁ ਕਹੀਅਤੁ ਹੈ ਹਮਾਰੈ॥੪॥

ਪੰਨਾ ੩੨੪

ਜਾਤਿ ਕਾ ਗਰੁਬ ਨ ਕਰਿ ਮੂਰਖ ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥

ਰਹਾਉ॥ ਚਾਰੇ ਵਰਨ ਆਖੈ ਸਭੁ ਕੋਈ॥ ਬ੍ਰਹਮੁ ਬਿੰਦੁ ਤੇ ਸਭ ਓਪਤਿ ਹੋਈ॥੨॥

ਅਰਥ:- ਬ੍ਰਹਮਣ, ਖਤ੍ਰੀ ਸੂਦਰ, ਵੈਸ਼, ਇਹ ਚਾਰੇ ਵਰਨ ਹਨ। ਇਹ ਸਾਰੇ ਬ੍ਰਹਮ ਬਿੰਦ ਭਾਵ ਬ੍ਰਹਮੇ ਦੇ ਬੀਰਜ ਤੋਂ ਉਤਪਤ ਹੋਏ ਹਨ।

ਤਥਾ:- ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ॥

ਪੰਨਾ ੨

ਅਰਥ:- ਪ੍ਰਮਾਤਮਾਂ ਤੋਂ ਹੁਕਮ ਪ੍ਰਪਤ ਕਰਕੇ ਬ੍ਰਹਮਾ ਜੀ ਸ੍ਰਿਸਟੀ ਦੀ ਉਪਤੀ ਕਰਦੇ ਹਨ, ਵਿਸ਼ਨੂੰ ਜੀ ਸਭਨਾਂ ਦੀ ਪਾਲਣਾ ਕਰਦੇ ਹਨ, ਰੋਜ਼ੀ ਦਿੰਦੇ ਹਨ, ਸਭ ਜੀਵਾਂ ਦੇ ਕਰਮਾਂ ਅਨੁਸਾਰ ਅਤੇ ਸ਼ਿਵਜੀ ਸੰਸਾਰੀ ਜੀਵਾਂ ਦਾ ਜਾਂ ਪੂਰੇ ਸੰਸਾਰ ਦਾ ਸੰਘਾਰ ਕਰਦਾ ਹੈ ਭਾਵ ਮਹਾਂ ਪਰਲੋਂ ਕਰਦਾ ਹੈ। ਪ੍ਰਮਾਤਮਾਂ ਨੇ ਕੁਦਰਤ ਨੂੰ ਆਪਣੇ ਸਰੀਰ ਵਿਚੋਂ ਪੈਦਾ ਕੀਤਾ ਹੈ। ਕੁਦਰਤ ਨੇ ਤਿੰਨ ਦੇਵਤਿਆਂ ਨੂੰ ਜਨਮ ਦਿੱਤਾ ਹੈ। ਜਿਸ ਨੂੰ ਕੁਦਰਤ ਕਿਹਾ ਹੈ ਜਾਂ ਕਵਲਾ ਕਿਹਾ ਹੈ ਅਤੇ ਮਾਈ ਵੀ ਕਿਹਾ ਹੈ।

ਤਥਾ:- ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ॥ ਇਕੁ ਸੰਸਾਰੀ ਇਕੁ ਭੰਡਾਰੀ ਇਕੁ ਲਾਏ ਦੀਬਾਣੁ॥ ਪੰਨਾ ੭

ਅਰਥ:- ਬ੍ਰਹਮਾ ਸੰਸਾਰ ਦੀ ਉਤਪਤੀ ਕਰਦਾ ਹੈ, ਵਿਸ਼ਨੂ ਭੰਡਾਰਾ ਦਿੰਦਾ ਹੈ, ਸ਼ਿਵਜੀ ਦੀ ਡਿਊਟੀ ਸੰਘਾਰ ਕਰਨ ਦੀ ਹੈ। ਦੀਬਾਣੁ ਭਾਵ ਆਦਤ ਹੈ।

ਤਥਾ:- ਬ੍ਰਹਮਾ ਬਿਸਨੁ ਮਹੇਸੁ ਤ੍ਰੈ ਗੁਣ ਸਿਰਿ ਧੰਧੈ ਲਾਇਆ॥

ਪੰਨਾ ੫੦੯

ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ ਤ੍ਰਿਗੁਣਿ ਭਰਮਿ ਭੁਲਾਈ॥

ਪੰਨਾ ੯੦੯

ਅਰਥ:- ਬ੍ਰਹਮਾ, ਬਿਸਨੁ, ਹਮੇਸੁ, ਤਿੰਨਾ ਦੇਵਤਿਆਂ ਨੂੰ ਤ੍ਰੈਗੁਣ ਭਾਵ ਤਿਨ ਗੁਣ ਮਾਇਆ ਦੇ ਰਜੋ, ਸਤੋ, ਤਮੋ, ਦੁਆਰਾ ਸਿਰਜਿਆਂ ਪੈਦਾ ਕੀਤੇ। ਸੰਸਾਰ ਦੀ ਉਤਪਤੀ, ਪਾਲਣਾ, ਲੈਤਾ ਆਦਿਕ ਧੰਧਿਆ ਵਿਚ ਲਾਇਆ ਹੈ। ਨੋਟ:- ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਤਿੰਨਾਂ ਨੂੰ ਪ੍ਰਮਾਤਮਾਂ ਦੇ ਚੇਲੇ ਕਿਹਾ ਹੈ, ਚੇਲੇ ਨੂੰ ਪੁੜ੍ਹ ਵੀ ਕਿਹਾ ਹੈ। ਇਹ ਤਿੰਨੇ ਸੰਸਾਰ ਦੀ ਕਾਰ ਨੂੰ ਚਲਾ ਰਹੇ ਹਨ। ਪਰਮਾਤਮਾਂ ਦੇ ਪਿਆਰੇ ਚੇਲੇ ਜਾਂ ਕਹੋ ਪੁੜ੍ਹ ਹਨ। ਕਈ ਸੂਝਵਾਨ ਕਹਿੰਦੇ ਹਨ, ਗੁਰੂ ਗ੍ਰੰਥ ਵਿਚ ਕੋਈ ਦੇਵਤਾ ਨਹੀਂ ਹੈ, ਤੇਤੀ ਕ੍ਰੋੜ ਦੇਵਤਿਆਂ ਦਾ ਜ਼ਿਕਰ ਕਈ ਵਾਰ ਮੁੜ ਮੁੜ ਕੇ ਆਉਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ।

ਤਥਾ:- ਤੇਤੀਸ ਕਰੋੜੀ ਦਾਸ ਤੁਮ੍ਾਰੇ ਰਿਧਿ ਸਿਧਿ ਪ੍ਰਾਣ ਅਧਾਰੀ॥

ਪੰਨਾ ੪੨੩

ਤੇਤੀਸ ਤੋਂ ਭਾਵ ਤੇਤੀ ਕ੍ਰੋੜ ਦੇਵਤੇ ਆਪ ਜੀ ਦੇ ਦਾਸ ਹਨ।

ਤਥਾ:- ਕੋਟਿ ਤੇਤੀਸਾ ਦੇਵਤੇ ਸਣੁ ਇੰਦ੍ਰੈ ਜਾਸੀ॥

ਪੰਨਾ ੧੧੦੦

ਕਈ ਗੁਰੂ ਕੇ ਸਿਆਣੇ ਸਿੱਖ ਕਹਿੰਦੇ ਹਨ :- ਕੋਈ ਦੇਵੀ ਦੂਵੀ ਨਹੀਂ। ਗੁਰੂ ਗ੍ਰੰਥ ਸਹਿਬ ਵਿਚ, ਦੇਵੀ ਦਾ ਜਿਕਰ ਵੀ ਹੈ। ਆਓ ਸੁਣੀਐ

ਤਥਾ:- ਅਠਸਠਿ ਤੀਰਥ ਦੇਵੀ ਥਾਪੇ ਪੁਰਬੀ ਲਗੈ ਬਾਣੀ॥

ਪੰਨਾ ੧੫੦

ਨੋਟ:- ਅਠਾਹਟ ਤੀਰਥਾਂ ਦੀ ਅਸਥਾਪਨਾਂ ਪਾਰਬਤੀ ਦੇਵੀ ਨੇ ਕੀਤੀ ਸੀ।

ਹੁਣ ਉਥੋਂ ਹੀ ਪ੍ਰਸੰਗ ਸ਼ੁਰੂ ਕਰੀਏ ਜਾਤ ਪਾਤ ਤੋਂ, ਦਾਸ ਸ੍ਰੀ ਗੁਰੂ ਗ੍ਰੰਥ ਰੂਪੀ ਸਮੁੰਦ੍ਰ ਵਿਚ ਹੀਰੇ ਪੰਨੇ ਢੂੰਡਦਾ ਢੂੰਡਦਾ ਤਾਰੀਆਂ ਲਾਉਂਦਾ ਹੋਇਆ ਬਹੁਤ ਦੂਰ ਨਿਕਲ ਗਿਆ ਸੀ, ਅਜੇ ਮੁੜਨ ਨੂੰ ਦਿਲ ਨਹੀਂ ਸੀ ਕਰਦਾ।

ਸਲੋਕੁ॥ ਅਤਿ ਸੁੰਦਰ ਕੁਲੀਨ ਚਤੁਰ ਮੁਖਿ ਙਿਆਨੀ ਧਨਵੰਤ॥ ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ॥੧॥

ਪੰਨਾ ੨੫੩

ਅਰਥ:- ਪੰਚਮ ਗੁਰੂ ਨਾਨਕ ਕਥਨ ਕਰਦੇ ਹਨ:- ਭਾਵੇਂ ਕੋਈ ਪਰਖੁ ਅਤੀ ਸੁੰਦਰ ਸਰੂਪ ਵਾਲਾ ਹੈ, ਕੁਲੀਨ ਭਾਵ ਉਚੀ ਕੁਲ ਵਿਚ ਜਨਮਿਆ ਹੈ। ਬੋਲਣ ਚਲਣ ਵਿਚ ਚਤੁਰ ਵੀ ਹੈ, ਮੁਖ ਤੋਂ ਗਿਆਨ ਧਿਆਨ ਦੀਆਂ ਬਹੁਤ ਗੱਲਾਂ ਕਰਦਾ ਹੈ, ਅਤੇ ਧਨਵੰਤ ਤੋਂ ਭਾਵ ਧਨਾਢ ਵੀ ਹੈ। ਇਤਨੀ ਐਸਵਰਜ ਹੁੰਦਿਆਂ ਹੋਇਆਂ ਵੀ ਜੇਕਰ ਭਗਵੰਤ ਦੀ ਪ੍ਰੀਤੀ ਨਹੀਂ ਹੈ, ਤਾਂ ਮਿਰਤਕ ਦੇ ਸਮਾਨ ਹੈ। ਸੰਤ ਮਹਰਾਜ ਬਾਬਾ ਈਸ਼ਰ ਸਿੰਘ ਜੀ, ਹਰਮੋਨੀਅਮ ਦੀਆਂ ਮਿਠੀਆਂ ਧਾਰਨਾ ਦੁਆਰਾ ਕਹਿੰਦੇ ਸੀ।

ਧਾਰਨਾ:- ਮਿਰਤਕ ਕਹੀਅਹਿ ਨਨਕਾ, ਮਿਰਤਕ ਕਹੀਅਹਿ ਨਾਨਕਾ॥੨॥

ਅੰਤਰਾ:- ਜਿਹ ਪ੍ਰੀਤ ਨਹੀ ਭਗਵੰਤ॥੧॥

ਧਰਨਾ:- ਮਿਰਤਕ ਕਹੀਅਹਿ ਨਾਨਕਾ, ਮਿਰਤਕ ਕਹੀਅਹਿ ਨਾਨਕਾ॥੨॥

ਤਥਾ:- ਸਗਲ ਸ੍ਰਿਸਟਿ ਕੋ ਰਾਜਾ ਦੁਖੀਆ॥ ਹਰਿ ਕਾ ਨਾਮੁ ਜਪਤ ਹੋਇ ਸੁਖੀਆ॥

ਪੰਨਾ ੨੬੪

ਅਰਥ:- ਅਗਰ ਸਾਰੀ ਦੁਨੀਆਂ ਦਾ ਰਾਜ ਕਰਦਾ ਹੈ, ਪਰ ਨਾਮ ਜਪਣ ਦਾ ਟੈਮ ਨਹੀਂ ਕਢਿਆ। ਤਾਂ ਨਾਮ ਤੋਂ ਬਿਨਾਂ ਦੁਖੀ ਹੋਵੇਗਾ, ਧਰਮ ਰਾਏ ਦੇ ਦੂਤ ਗਲ ਵਿਚ ਫਾਹੀ ਪਾ ਕੇ ਮੁਗਧਰਾਂ ਨਾਲ ਕਟਾਈ ਕਰਨਗੇ ਦੁੱਖੀ ਹੋਵੇਗਾ।

ਭਾਵੇਂ ਗਰੀਬ ਹੈ ਪਰ ਨਾਮ ਜਪਦਾ ਹੈ, ਨਾਮ ਜਪਣ ਕਰਕੇ ਸੁੱਖੀ ਹੋਵ-ੇਗਾ।ਸ੍ਰੀ ਗੁਰੂ ਨਾਨਕ ਦੇਵ ਜੀ ਤਕਰੀਬਨ 19 ਸਾਲ ਧਰਤੀ ਦਾ ਭਰਮਣ ਕਰਕੇ ਭੁਲੀ ਲੁਕਾਈ ਨੂੰ ਗਿਆਨ ਬਖਸ਼ਦੇ ਸਨ, ਮਰਦਾਨਾ ਕਈ ਦਫਾ ਭੁਖ ਕਰਕੇ ਬਿਆਕੁਲ ਜੋ ਜਾਂਦਾ ਸੀ। ਸਤਿਗੁਰ ਜੀ ਨਾਮ ਦਾ ਅਹਾਰ ਕਰਦੇ ਸਨ, ਪਰ ਮਰਦਾਨਾ ਤੰਗ ਆ ਜਾਂਦਾ ਸੀ।

ਜਾਤ ਨਜਾਤਿ ਦੇਖਿ ਮਤ ਭਰਮਹੁ ਸੁਕ ਜਨਕ ਪਗੀਂ ਲਗਿ ਧਿਆਵੈਗੋ॥ ਜੂਠਨ ਜੂਠਿ ਪਈ ਸਿਰ ਊਪਰਿ ਖਿਨੁ ਮਨੂਆ ਤਿਲੁ ਨ ਡੁਲਾਵੈਗੋ॥੭॥

ਕਾਨੜਾ ਅਸਟ : ਹਮਲਾ ੪ (ਪੰਨਾ ੧੩੦੯)

ਅਰਥ:- ਗੁਰੂ ਰਾਮ ਦਾਸ ਜੀ ਮਹਰਾਜ ਕਹਿੰਦੇ ਹਨ :- ਜਾਤ ਉਚੀ, ਨਜਾਤਿ ਨੀਚ ਜਾਤ, ਦੇ ਭਰਮ ਵਿਚ ਨਾ ਭੁਲੋ, ਸੁਕਦੇਵ ਮੁਨੀ ਬ੍ਰਹਮਣ ਉਚੀ ਜਾਤੀ ਵਿਚੋਂ ਸੀ। ਰਾਜਾ ਜਨਕ ਖਤਰੀ ਸੀ, ਛੋਟੀ ਜਾਤ ਵਿਚੋਂ ਸੀ। ਪਰ ਸੁਕਦੇਵ ਮੁਨੀਂ ਗੁਰੂ ਧਾਰਨ ਸਮੇਂ ਰਾਜੇ ਜਨਕ ਦੇ ਪਗੀਂ ਭਾਵ ਚਰਨਾਂ ਤੇ ਨਮਸ਼ਕਾਰ ਕੀਤੀ ਸੀ। ਪਹਿਲੀ ਦਫਾ ਸੁਕਦੇਵ ਮੁੰਨੀ ਰਾਜੇ ਜਨਕ ਤੇ ਕਿੰਤੂ ਕਰ ਬੈਠਿਆ ਸੀ, ਕੇ ਮੈਂ ਬਾਰਾਂ ਬਰਸ ਮਾਤਾ ਦੇ ਉਧਰ ਵਿਚ ਰਾਮ ਰਾਮ ਭਜਨ ਕੀਤਾ ਸੀ। ਬਾਰਾਂ ਸਾਲ ਜੰਗਲ ਵਿਚ ਭਜਨ ਕੀਤਾ। ਹੁਣ ਮੈਨੂੰ ਨਿਗੁਰੇਪਣ ਦੀ ਦੁਰਮਤ ਭਾਵ ਖੋਟੀ ਮਤ ਤੋਂ ਸਰੇਸ਼ਟ ਮਤ ਲੈਣ ਲਈ, ਗੁਰੂ ਧਾਰਨ ਕਰਨ ਲਈ ਰਾਜੇ ਜਨਕ ਪਾਸ ਭੇਜ ਦਿੱਤਾ। ਪਰ ਇਹ ਰਾਜਾ ਮੈਨੂੰ ਨਾਮ ਕੀ ਦੇਵੇਗਾ, ਇਹਦਾ ਆਪਣਾ ਆਚਰਣ ਠੀਕ ਨਹੀਂ ਇਸ ਨੇਂ ਆਪਣੀ ਰਾਣੀ ਦੀ ਨੱਗਨ ਛਾਤੀ ਤੇ ਇਕ ਲੱਤ ਰੱਖੀ ਹੈ, ਕੇ ਮੈਨੂੰ ਕਾਮ ਨਹੀਂ ਸਤਾਉਂਦਾ, ਅਤੇ ਤੇਲ ਦੇ ਗਰਮ ਕੜਾਹੇ ਵਿਚ ਦੂਜੀ ਲੱਤ ਰੱਖੀ ਹੈ। ਆਪਣੀ ਭਗਤੀ ਦਾ ਹੰਕਾਰ ਕਰਦਾ ਹੈ। ਰਾਜੇ ਜਨਕ ਨੇ ਦੇਖਿਆ ਕੇ ਆਇਆ ਗੁਰੂ ਧਾਰਨ ਕਰਨ ਲਈ ਸੀ, ਪਰ ਮੇਰੇ ਤੇ ਕਿੰਤੂ ਕਰਦਾ ਹੈ। ਨੌਕਰਾਂ ਨੂੰ ਕਿਹਾ ਸੁਕਦੇਵ ਮੁਨੀਂ ਨੂੰ ਧੱਕੇ ਮਾਰ ਕੇ ਬਾਹਰ ਕੱਢੋ। ਨੌਕਰਾਂ ਨੇ ਹੁਕਮ ਪਾ ਕੇ ਸੁਕਦੇਵ ਮੁਨੀ ਨੂੰ ਧੱਕੇ ਮਾਰ ਕੇ ਬਾਹਰ ਕੱਢ ਦਿੱਤਾ। ਘਰ ਪਿਤਾ ਬੇਦ ਵਿਆਸ ਜੀ ਪਾਸ ਆਕੇ ਸਾਰੀ ਕਹਾਣੀ ਦਸੀ। ਵਿਆਸ ਜੀ ਨੇ ਕਿਹਾ ਪੁੜ੍ਹ ਪੂਰਨ ਗੁਰੂ ਤਾਂ ਅੱਜ ਕੱਲ ਰਾਜਾ ਜਨਕ ਹੀ ਹੈ। ਅਧੂਰੇ ਗੁਰੂ ਤੋਂ ਮੁਕਤੀ ਨਹੀਂ ਮਿਲਣੀ, ਜਨਕ ਮੁਕਤੀ ਦੇਵੇਗਾ। ਦਵਾਰੇ ਜਾ ਕੇ ਰਾਜੇ ਜਕਨ ਦੇ ਮਹਿਲਾਂ ਦੇ ਪਛਵਾੜੇ ਖੱੜਜਾ। ਜਦੋਂ ਰਾਜਾ ਬੁਲਾਏਗਾ ਉਦੋਂ ਅੰਦਰ ਜਾਈਂ ਪਿਛਲੇ ਪਾਸੇ ਜਾ ਕੇ ਖੜ੍ਹ ਗਿਆ, ਰਾਜੇ ਜਨਕ ਨੇ ਦੇਖ ਲਿਆ। ਰਾਜਾ ਜਨਕ ਹਰ ਰੋਜ਼ ਬਹੁਤ ਸਾਰੇ ਸਾਧੂਆਂ ਨੂੰ ਭੰਡਾਰੇ ਵਿਚ ਭੋਜਨ ਛਕਾਕੇ ਪਿਛੋਂ ਆਪ ਖਾਂਦਾ ਸੀ। ਸਾਧੂਆਂ ਦੀ ਸੇਵਾ ਵੇਦਾਂ ਸ਼ਸਤ੍ਰਾਂ ਵਿਚ ਅਤੇ ਗੁਰੂ ਗ੍ਰੰਥ ਸਹਿਬ ਵਿਚ ਲਿਖੀ ਹੈ। ਪਰ ਕਲਯੁਗੀ ਜੀਵ ਗੰਦੀਆਂ ਗਾਲਾ ਤੱਕ ਕੱਢਦੇ ਹਨ। ਸਾਧੂਆਂ ਦੀਆਂ ਜੂਠੀਆਂ ਪਤਲਾਂ ਰਾਜਾ ਜਨਕ ਆਪ ਕੋਠੇ ਤੋਂ ਪਿਛਲੇ ਪਾਸੇ ਸੁਟਦਾ ਸੀ। ਜਿੱਥੇ ਸੁਖਦੇਵ ਮੁਨੀਂ ਖੜਾ ਸੀ, ਉਸਦੇ ਸਿਰ ਤੇ ਜੂਠੀਆਂ ਪਤਲਾਂ ਸੁਟਦਾ ਸੀ, ਕਚਾ ਪੱਕਾ ਦੇਖਣ ਲਈ, ਬਾਰਾਂ ਸਾਲ ਖੜਾ ਰਿਹਾ, ਪਤਲਾਂ ਦੇ ਵਿਚ ਲੁਕ ਗਿਆ। ਪਰ ਡੋਲਿਆ ਨਹੀਂ ਬਾਰਾਂ ਸਾਲ ਦਾ ਪੂਰਾ ਕੋਰਸ ਹੁੰਦਾ ਸੀ ਨਾਮ ਦੇਣ ਲਈ, ਗੋਰਖ ਨਾਥ ਬਾਰਾਂ ਸਾਲ ਰਾਜੇ ਮਹਰਾਜਿਆਂ ਤੋਂ ਭੰਡਾਰੇ ਆਦਕ ਦੀ ਸੇਵਾ ਕਰਾਕੇ ਬਾਰਾਂ ਸਾਲ ਬਾਦ ਨਾਮ ਦਿੰਦਾ ਸੀ। ਰਾਜੇ ਜਨਕ ਨੇ ਬਾਰੀਂ ਸਾਲੀ ਸੁਕਦੇਵ ਮੁਨੀ ਨੂੰ ਬਲਾਕੇ ਇਕ ਤੇਲ ਦੀ ਥਾਲੀ ਭਰੀ ਹੋਈ ਦਿੱਤੀ। ਕਿਹਾ ਕੇ ਮੇਰੇ ਬੰਦੇ ਜਿੱਥੇ ਤੈਨੂੰ ਲੈ ਕੇ ਜਾਣਗੇ, ਤੈਂ ਉਨ੍ਹਾਂ ਦੇ ਪਿੱਛੇ ਜਾਣਾ ਹੈ। ਸੁਕਦੇਵ ਜੀ ਨੇ ਸਤ ਬਚਨ ਕਹਿ ਕੇ ਨਮਸ਼ਕਾਰ ਕਰਕੇ, ਥਾਲੀ ਹੱਥਾਂ ਵਿਚ ਚੁੱਕ ਲਈ। ਰਾਜੇ ਨੇ ਹੁਕਮ ਕੀਤਾ ਜੇ ਥਾਲੀ ਵਿਚੋਂ ਤੇਲ ਨਾ ਡੁੱਲਿਆਂ ਤਾਂ ਆ ਜਾਈਂ, ਜੇ ਡੁਲ ਗਿਆ ਤਾਂ ਵਾਪਸ ਚਲਾ ਜਾਈਂ। ਜਿਹੜਾ ਰਸਤਾ ਸੁਕਦੇਵ ਦੇ ਜਾਣ ਲਈ ਚੁਣਿਆ ਸੀ। ਉਸ ਰਸਤੇ ਦੀ ਸਫਾਈ ਕਰਕੇ ਸਾਰੇ ਰਸਤੇ ਨੂੰ ਸਿੰਗਾਰ ਦਿੱਤਾ, ਰੋਸ਼ਨੀਆਂ ਕਰ ਦਿੱਤੀਆਂ। ਵੇਸ਼ਵਾਵਾਂ ਦੇ ਮੁੱਜ਼ਰੇ ਲਵਾ ਦਿਤੇ ਅਤੇ ਕਿਹਾ ਜਿਹੜੀ ਸੁਕਦੇਵ ਮੁਨੀ ਨੂੰ ਆਪਣੇ ਹਾਵ ਭਾਵ ਵਿਚ ਆਪਣੀ ਸੁੰਦਰਤਾ ਤੇ ਜਾਂ ਆਪਣੀਆਂ ਸੁਰੀਲੀਆਂ ਅਵਾਜਾਂ ਦੁਆਰਾ ਗੀਤਾਂ ਦੁਆਰਾ ਭਰਮਾ ਲਵੇਗੀ, ਬੇਅੰਤ ਧੰਨ ਦੌਲਤ ਦੇਵਾਂਗਾ। ਸਾਰੇ ਕਲਾਕਾਰਾਂ ਨੇ ਅਤੇ ਵੇਸ਼ਵਾਵਾਂ ਨੇ ਆਪੋ ਆਪਣੀਆਂ ਕਲਾ ਦੁਆਰਾ ਸੁਕਦੇਵ ਮੁਨੀ ਨੂੰ ਭਰਮਾਉਣ ਦੀ ਕੋਸ਼ਿਸ਼ ਕੀਤੀ। ਪਰ ਸੁਕਦੇਵ ਜੀ ਤਾਂ ਪਹਿਲਾਂ ਹੀ ਦੁਨਿਆਵੀ ਰੰਗਾਂ ਤੋਂ ਉੱਪਰ ਉਠੇ ਹੋਏ ਸਨ। ਉਨ੍ਹਾਂ ਨੇ ਆਪਣਾ ਮਨ ਤੇਲ ਦੀ ਥਾਲੀ ਵਿਚ ਟਕਾਕੇ ਰੱਖਿਆ। ਮਨ ਸਾਬਤ ਰਿਹਾ ਅਤੇ ਤੇਲ ਡੁਹਲਿਆ ਨਹੀਂ। ਸਾਬਤੀ ਥਾਲੀਲਿਆ ਕੇ ਰਾਜੇ ਜਨਕ ਜੀ ਦੇ ਚਰਨਾਂ ਵਿਚ ਹਾਜ਼ਰ ਹੋ ਗਿਆ। ਰਾਜੇ ਜਨਕ ਨੇ ਸੁਕਦੇਵ ਮੁਨੀ ਨੂੰ ਗਲਵੱਕੜੀ ਵਿਚ ਲੈ ਲਿਆ ਅਤੇ ਗੁਰ ਉਪਦੇਸ਼ ਦੀ ਬਖਸ਼ਸ ਕਰ ਦਿਤੀ। ਏਸੇ ਸੁਖਦੇਵ ਮੁਨੀਂ ਨੇ ਰਾਜੇ ਪ੍ਰੀਖਅਤ ਨੂੰ ਕਥਾ ਸੁਣਾ ਕੇ ਭਾਗਵਤ ਪੁਰਾਨ ਦੀ ਮੁਕਤ ਦੀ ਦਾਤ ਬਖਸ਼ੀ ਸੀ। ਸੱਪ ਦੇ ਡੱਸਣ ਕਰਕੇ ਗੱਤੀ ਨਹੀਂ ਹੁੰਦੀ, ਪਰ ਪੂਰਣ ਪੁਰਖ ਸੁਖਦੇਵ ਜੀ ਨੇ ਕਥਾਂ ਸਣਾਕੇ ਰਾਜੇ ਪ੍ਰੀਖਅਤ ਨੂੰ ਗਤੀ ਦੇ ਦਿੱਤੀ ਸੀ। ਅਜ ਕਲ ਯੁਗ ਵਿਚ ਇਹੋ ਜਿਹੇ ਸ੍ਰੇਸ਼ਟ ਮਹਾਂ ਪੁਰਖ ਤੱਤ ਵੇਤੇ ਕਥਾ ਵਾਚਕ ਨਹੀਂ ਮਿਲਦੇ ਸਾਨੂੰ, ਨਹਿਲੇ ਤੇ ਦਹਿਲਾ ਮਾਰਨ ਵਾਲੇ ਬੇਅੰਤ ਫਿਰਦੇ ਹਨ ਅਤੇ ਅਪਣੇ ਗੁਰੂਆਂ ਨਾਲ ਲੁਕਮਚਾਈਆਂ ਖੇਡਕੇ ਝੂਠ ਬੋਲਕੇ ਕਨੈਡਾ ਅਮੈਰਕਾ ਵਿਚ ਸੈਟਲ ਹੋਣ ਦੀ ਹੋੜ ਲਗੀ ਹੈ। ਗੁਰੂਆਂ ਪੀਰਾਂ ਪਾਸੋਂ ਵੀ ਵੱਡੇ ਹੋਣ ਦੀਆਂ ਅਰਦਾਸਾਂ ਕਰਦੇ ਹਨ। ਨਾਮ ਦੀ ਦਾਤ ਤਾਂ ਕੋਈ ਵਿਰਲਾ ਹੀ ਮੰਗਦਾ ਹੈ। ਪਰ ਤੇਰੀ ਮੱਦਦ ਤਾਂ ਨਾਮ ਹੀ ਕਰੇਗਾ।

ਸਤਿਗੁਰੂ ਕਾ ਉਪਦੇਸੁ ਸਣਿ ਤੂ ਹੋਵੈ ਤੇਰੈ ਨਾਲੇ॥ ਕਹੈ ਨਾਨਕੁ ਮਨ ਪਿਆਰੇ ਤੂ ਸਦਾ ਸਚੁ ਸਮਾਲੇ॥੧੧॥ ਪੰਨਾ ੯੧੮

ਸਚਾ ਇਕ ਨਾਮ ਹੀ ਹੈ ਜੋ ਗੁਰੂ ਧਾਰਨ ਕਰਕੇ ਕੰਨਾ ਦੁਆਰਾ ਸੁਣਿਆਂ ਜਾਂਦਾ ਹੈ। ਗੁਰੂ ਜੀ ਕਹਿੰਦੇ ਹਨ ਤੂੰ ਸਚੇ ਨਾਮ ਨੂੰ ਸੰਮਾਲੇ ਭਾਵ ਯਾਦ ਕਰ।

ਤਥਾ:- ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ॥ ਨਿਹਚਲੁ ਸਚੁ ਖੁਦਾਇ ਏਕੁ, ਖਦਾਇ ਬੰਦਾ ਅਬਿਨਾਸੀ॥

ਪੰਨਾ ੧੧੦੦

ਤਥਾ:- ਜੋ ਦੀਸੈ ਸੋ ਵਿਣਸਣਾ ਸਭ ਬਿਨਸਿ ਬਿਨਾਸੀ॥ ਥਿਰੁ ਪਾਰਬ੍ਰਹਮੁ ਪਰਮੇਸਰੋ ਸੇਵਕੁ ਥਿਰੁ ਹੋਸੀ॥

ਪੰਨਾ ੧੧੦੦

ਅਰਥ:- ਜੋ ਵੀ ਦੇਖਣ ਵਿਚ ਆਉਂਦਾ ਹੈ, ਮਹਾਂ ਪਰਲੋਂ ਸਮੇਂ ਸਭ ਬਿਨਸ ਜਾਏਗਾ। ਇਕ ਪਾਰਬ੍ਰਹਮ ਪਰਮੇਸ਼ਰ ਥਿਰੁ ਭਾਵ ਅਚੱਲ ਰਹੇਗਾ, ਜਾਂ ਉਸਦੇ ਪੱਕੇ ਸੇਵਕ ਉਸਦੇ ਸਰੂਪ ਵਿਚ ਮਿਲਕੇ ਰਹਿਣਗੇ। ਹੇ ਦੂਨੀਆਂ ਦੇ ਲੋਗੋ ਬਿਨਸ ਜਾਣ ਵਾਲੇ ਪਾਸਾਰੇ ਚੋਂ ਮੋਹ ਜਾਲ ਘਟ ਕਰਦੋ ਜਾਂ ਛੱਡਦੋ। ਲੋਭ, ਲਾਲਚ ਦਾ ਤਿਆਗ ਕਰੋ, ਮਨੁਖਾ ਦੇਹੀ ਕਰੋੜਾਂ ਬਰਸਾਂ ਬਾਦ ਮਿਲਦੀ ਹੈ। ਪਹਿਲੇ ਸਮੇਂ ਵਿਚ ਨਾਮ ਦੀ ਦਾਤ ਮੁਸ਼ਕਲ ਨਾਲ ਮਿਲਦੀ ਸੀ। ਭਾਈ ਲਹਿਣਾ ਜੀ ਨੂੰ ਮੁਰਦਾ ਖਾਣ ਲਈ ਕਿਹਾ ਸੀ ਔਖੀ ਪ੍ਰੀਖਿਆ ਸੀ। ਗੋਰਖ ਨਾਥ ਨੇ ਰਾਜੇ ਗੋਪੀ ਚੰਦ ਤੋਂ ਬਾਰਾ ਬਰਸ ਭਿਖਿਆ ਮੰਗਾਈ ਸੀ। ਬਾਰਾ ਸਾਲ ਬਾਦ ਔਖੀ ਪ੍ਰੀਖਿਆ ਪਾਈ, ਕਿਹਾ ਆਪਦੀ ਰਾਣੀ ਨੂੰ ਮਾਤਾ ਕਹਿਕੇ ਭਿਖਿਆ ਮੰਗ। ਰਾਜੇ ਨੇ ਆਪਣੇ ਰਾਜ ਮਹਿਲਾਂ ਵਿਚ ਜਾ ਕੇ ਅਲਖ ਜਗਾਈ, ਮਹਾਂਰਾਣੀ ਬਾਹਰ ਆਈ ਰਾਜੇ ਕਿਹਾ ਮਾਤਾ ਜੀ ਭਿਖਿਆ ਦਿਓ ਜੋਗੀਆਂ ਤਾਈਂ, ਰਾਣੀ ਨੇ ਦੇਖਿਆ ਪਿੰਡੇ ਤੇ ਸੁਆ ਮਲੀ ਹੈ ਚਿਪੀ ਅਤੇ ਡੰਡਾ ਹੱਥ ਵਿਚ ਹੈ, ਰਾਣੀ ਰਾਜੇ ਦੀ ਦਿਸ਼ਾ ਵੇਖ ਕੇ ਧਾਹਾਂ ਮਾਰ ਕੇ ਰੋਈ। ਕਹਿੰਦੀ ਹੈ ਮਹਾਰਾਜਾ ਜੀ ਅੰਦਰ ਆਓ ਸੁੰਦਰ ਬਸਤਰ ਪਹਿਨੋਂ ਛੱਡੋ ਜੋਗ ਨੂੰ ਪਰੇ। ਰਾਣੀ ਭਿਖਿਆ ਨਹੀਂ ਪਾਂਦੀ ਰਾਜਾ ਜ਼ਾਰੋ ਜ਼ਾਰ ਰੋਇਆ, ਕਹਿੰਦਾ ਹੈ, ਮਾਤਾ ਜੀ ਜੇ ਤੁਸੀਂ ਭਿਖਿਆ ਨਾ ਦਿੱਤੀ ਤਾਂ ਮੈਂ ਨਰਕਾਂ ਨੂੰ ਜਾਵਾਂਗਾ। ਮੇਰੇ ਗੁਰੂ ਗੋਰਖ ਨਾਥ ਦਾ ਹੁਕਮ ਹੈ, ਕੇ ਰਾਣੀ ਨੂੰ ਮਾਤਾ ਕਹਿ ਕੇ ਭਿਖਿਆ ਲਿਆ ਕੇ ਦੇਹ, ਮਹਿਲਾਂ ਵਿਚ ਪੈਰ ਨਹੀਂ ਪਾਣਾ ਦਰਵਾਜੇ ਦੇ ਬਾਹਰ ਖੜਨਾਂ ਹੈ। ਰਾਣੀ ਨੇ ਰੋਦੀਂ ਹੋਈ ਨੇਂ ਹੀਰੇ ਜਵਾਹਰਾਤ, ਸੁੱਚੇ ਮੋਤੀਆਂ ਦੀ ਥਾਲੀ ਭਰਕੇ ਪਾਈ। ਰਾਜੇ ਗੋਪੀ ਚੰਦ ਨੇ ਗੁਰੂ ਗੋਰਖ ਦੇ ਚਰਨਾਂ ਵਿਚ ਭੇਂਟ ਕੀਤੇ ਹੀਰੇ ਜਵਾਹਰਾਤ, ਤਾਂ ਗੋਰਖ ਨਾਥ ਨੇ ਜੋਗਿ ਦਿੱਤਾ ਸੀ। ਸੰਤ ਮਜਰਾਜ ਈਸ਼ਰ ਸਿੰਘ ਜੀ ਧਰਨਾਂ ਪੜ੍ਹਦੇ ਸਨ।

ਧਾਰਨਾ:- ਰਾਜੇ ਰੋਂਦੇ ਨੇ ਕੰਨ ਪੜਵਾਕੇ, ਮਹਿਲਾਂ ਵਿਚ ਰੋਣ ਰਾਣੀਆਂ॥੨॥


ਅੰਤਰਾ:- ਮਹਿਲਾਂ ਵਿਚ ਜੀ ਰੋਣ ਰਾਣੀਆਂ, ਮਹਿਲਾਂ ਵਿਚ ਜੀ ਰੋਣ ਰਾਣੀਆਂ॥੨॥

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ : ਮਹੱਲਾ ੧

ਪੰਨਾ ੯੫੪

ਤਥਾ:- ਰੋਵਹਿ ਰਾਜੇ ਕੰਨ ਪੜਾਇ॥ ਘਰਿ ਘਰਿ ਮਾਗਹਿ ਭੀਖਿਆ ਜਾਇ॥

# ਅਵਾਜ਼ਾਰ ਹੋਏ ਲੋਕ ਅਗਲੀਆਂ ਚੋਣਾਂ ਬਾਰੇ ਅਗੇਤੇ ਹੀ ਗੱਲਾਂ ਕਰਨ ਲੱਗੇ ਹਨ




ਜਤਿੰਦਰ ਪੰਨੂ

ਹਾਲਾਤ ਇਸ ਵਕਤ ਬਿਨਾਂ ਸ਼ੱਕ ਸਾਡੇ ਦੇਸ਼ ਦੇ ਵੀ ਚੰਗੇ ਨਹੀਂ ਤੇ ਦੁਨੀਆ ਦੇ ਵੀ ਸੁਖਾਵੇਂ ਨਹੀਂ। ਨਰਿੰਦਰ ਮੋਦੀ ਸਰਕਾਰ ਨੇ ਨਾਗਰਿਕਤਾ ਸੋਧ ਕਾਨੂੰਨ ਪਾਸ ਕਰਨ ਪਿੱਛੋਂ ਧੱਕੇ ਨਾਲ ਲਾਗੂ ਕਰਨ ਦਾ ਰਾਹ ਵੀ ਫੜ ਲਿਆ ਹੈ। ਇਸ ਬਾਰੇ ਨੋਟੀਫਿਕੇਸ਼ਨ ਜਿਸ ਤਰ੍ਹਾਂ ਕਾਹਲੀ ਵਿੱਚ ਜਾਰੀ ਕੀਤਾ ਗਿਆ ਅਤੇ ਰਾਜ ਸਰਕਾਰਾਂ ਦੇ ਵਿਰੋਧ ਨੂੰ ਟਿੱਚ ਜਾਣਿਆ ਹੈ, ਇਸ ਦੇ ਨਾਲ ਵਿਰੋਧ ਦੀ ਲਹਿਰ ਹੋਰ ਵਧ ਸਕਦੀ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿੱਚ ਹੋਈ ਹਿੰਸਾ ਬਾਰੇ ਦਿੱਲੀ ਦੇ ਪੁਲਸ ਅਧਿਕਾਰੀ ਭਾਵੇਂ ਕੇਂਦਰੀ ਹਾਕਮਾਂ ਦੇ ਇਸ਼ਾਰੇ ਉੱਤੇ ਇੱਕ-ਤਰਫਾ ਰਿਪੋਰਟਾਂ ਦੇਈ ਜਾ ਰਹੇ ਹਨ, ਭਾਜਪਾ ਦੇ ਨਾਲ ਨੇੜਤਾ ਵਾਲੇ ਨਿਊਜ਼ ਚੈਨਲ ਦੇ ਸਟਿੰਗ ਅਪਰੇਸ਼ਨ ਤੋਂ ਵੀ ਸਾਫ ਹੋ ਗਿਆ ਹੈ ਕਿ ਹਿੰਸਾ ਭੜਕਾਉਣ ਲਈ ਬਾਹਰੋਂ ਆਉਣ ਵਾਲੇ ਲੋਕ ਭਾਜਪਾ ਦੀ ਵਿਦਿਆਰਥੀ ਜਥੇਬੰਦੀ ਨਾਲ ਸੰਬੰਧ ਵਾਲੇ ਸਨ ਤੇ ਉਹ ਇਸ ਨੂੰ ਲੁਕਾਉਂਦੇ ਵੀ ਨਹੀਂ। ਭਾਜਪਾ ਦੇ ਨਾਲ ਬਹੁਤਾ ਹੇਜ ਵਿਖਾਉਣ ਵਾਲੇ ਨਿਤੀਸ਼ ਕੁਮਾਰ ਦੀਆਂ ਜੜ੍ਹਾਂ ਟੁੱਕਣ ਲਈ ਉਸ ਦੀ ਸਰਕਾਰ ਵਿਚਲੇ ਇੱਕ ਭਾਜਪਾਈ ਮੰਤਰੀ ਨੇ ਇਹ ਬਿਆਨ ਦੇ ਦਿੱਤਾ ਹੈ ਕਿ ਬਿਹਾਰ ਦੇ ਲੋਕ ਅਗਲੀ ਵਾਰੀ ਭਾਜਪਾ ਦਾ ਮੁੱਖ ਮੰਤਰੀ ਚਾਹੁੰਦੇ ਹਨ। ਪੱਛਮੀ ਬੰਗਾਲ ਅਤੇ ਕੇਰਲਾ ਦੀਆਂ ਸਰਕਾਰਾਂ ਇਸ ਵਕਤ ਨਿਸ਼ਾਨੇ ਉੱਤੇ ਦੱਸੀਆਂ ਜਾ ਰਹੀਆਂ ਹਨ ਤੇ ਭਾਜਪਾ ਨਾਲ ਨੇੜ ਵਾਲੀ ਧਾੜ ਇਸ ਵੇਲੇ ਉਨ੍ਹਾਂ ਦੋ ਰਾਜਾਂ ਵੱਲ ਨੂੰ ਧਾਈ ਕਰੀ ਜਾ ਰਹੀ ਹੈ। ਉਨ੍ਹਾਂ ਨੂੰ ਇੱਕ ਸਾਲ ਦੌਰਾਨ ਛੇ ਰਾਜਾਂ ਵਿੱਚ ਆਪਣੀਆਂ ਸਰਕਾਰਾਂ ਡਿੱਗਣ ਦੇ ਦੁੱਖ ਨਾਲੋਂ ਵੱਧ ਚਿੰਤਾ ਇਸ ਵਕਤ ਦਿੱਲੀ ਵਿੱਚ ਕੁਝ ਕਰ ਵਿਖਾਉਣ ਦੀ ਵੀ ਹੈ।

ਅਸੀਂ ਅਮਰੀਕਾ ਅਤੇ ਈਰਾਨ ਵਿਚਾਲੇ ਚੱਲ ਰਹੀ ਖਿੱਚੋਤਾਣ ਬਾਰੇ ਵੀ ਅਵੇਸਲੇ ਨਹੀਂ ਹੋ ਸਕਦੇ, ਪਰ ਇਸ ਸਾਰੇ ਕੁਝ ਦੀ ਚਿੰਤਾ ਦੌਰਾਨ ਪੰਜਾਬ ਵਿੱਚ ਜੋ ਕੁਝ ਹੋ-ਵਾਪਰ ਰਿਹਾ ਹੈ, ਉਸ ਨੂੰ ਅੱਖੋਂ ਪਰੋਖੇ ਕਰਨਾ ਔਖਾ ਹੈ। ਆਮ ਆਦਮੀ ਪਾਰਟੀ ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਰਾਜ ਦੇ ਲੋਕਾਂ ਦੀਆਂ ਵੋਟਾਂ ਨਾਲ ਮੁੱਖ ਵਿਰੋਧੀ ਧਿਰ ਬਣਨ ਦੇ ਬਾਅਦ ਆਪਣੀ ਜ਼ਿਮੇਵਾਰੀ ਨੂੰ ਕਦੇ ਸਮਝ ਵੀ ਨਹੀਂ ਸਕੀ ਤੇ ਨਿਭਾ ਵੀ ਨਹੀਂ ਸਕੀ। ਪਹਿਲਾਂ ਉਸ ਅੰਦਰ ਪਾਟਕ ਪੈ ਗਿਆ ਅਤੇ ਫਿਰ ਜਦੋਂ ਕੁਝ ਲੋਕ ਬਾਹਰ ਨਿਕਲਣ ਮਗਰੋਂ ਬਾਕੀ ਪਾਰਟੀ ਇੱਕ-ਸੁਰ ਜਾਪਦੀ ਸੀ, ਇਹ ਏਦਾਂ ਸੋਚ ਬੈਠੀ ਕਿ ਉਸ ਨੂੰ ਕੁਝ ਕਰਨ ਦੀ ਲੋੜ ਨਹੀਂ, ਵਿਰੋਧੀ ਧਿਰ ਦਾ ਦਰਜਾ ਸਾਡਾ ਹੈ, ਇਹ ਕਿਤੇ ਜਾਣਾ ਨਹੀਂ। ਕਈ ਹਫਤਿਆਂ ਤੀਕਰ ਪੰਜਾਬ ਵਿੱਚ ਦੋ ਪੁਰਾਣੀਆਂ ਰਾਜਸੀ ਧਿਰਾਂ ਦਾ ਆਢਾ ਲੱਗਾ ਰਿਹਾ ਅਤੇ ਬਿਆਨਬਾਜ਼ੀ ਚੱਲਦੀ ਰਹੀ, ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦਾ ਦਰਜਾ ਰੱਖਦੀ ਇਹ ਪਾਰਟੀ ਕਦੇ ਰੜਕੀ ਹੀ ਨਹੀਂ। ਇਸ ਹਫਤੇ ਇਸ ਨੇ ਪੰਜਾਬ ਦੇ ਮੁੱਖ ਮੰਤਰੀ ਦੀ ਸਰਕਾਰੀ ਕੋਠੀ ਘੇਰਨ ਦਾ ਇੱਕ ਪ੍ਰੋਗਰਾਮ ਕੀਤਾ ਹੈ। ਅੱਗੋਂ ਇਹ ਕੀ ਕਰੇਗੀ, ਕਿਸੇ ਨੂੰ ਪਤਾ ਨਹੀਂ। ਸ਼ਾਇਦ ਇਹ ਦਿੱਲੀ ਦੀਆਂ ਚੋਣਾਂ ਹੋਣ ਤੱਕ ਅਗਲਾ ਸਮਾਂ ਓਥੇ ਲਾਵੇਗੀ ਤੇ ਪੰਜਾਬ ਦਾ ਮੈਦਾਨ ਫਿਰ ਦੋ ਰਿਵਾਇਤੀ ਧਿਰਾਂ ਲਈ ਵਿਹਲਾ ਰਹੇਗਾ।

ਇਸ ਦੌਰਾਨ ਪੰਜਾਬ ਵਿੱਚ ਦੋਵਾਂ ਰਿਵਾਇਤੀ ਧਿਰਾਂ ਦੀ ਖਹਿਬੜ ਅੰਤ




ਨੂੰ ਇੱਕ ਕਾਂਗਰਸੀ ਆਗੂ ਅਤੇ ਦੋ ਅਕਾਲੀ ਆਗੂਆਂ, ਜਿਹੜੇ ਅਸਲ ਵਿੱਚ ਇੱਕ ਪਰਵਾਰ ਦੇ ਜੀਅ ਹਨ, ਵਿਚਾਲੇ ਸੀਮਤ ਹੋ ਗਈ ਹੈ। ਕਾਂਗਰਸ ਵੱਲੋਂ ਇੱਕ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਬਿਆਨਬਾਜ਼ੀ ਕਰਦਾ ਹੈ ਅਤੇ ਅਕਾਲੀ ਦਲ ਵੱਲੋਂ ਸੁਖਬੀਰ ਸਿੰਘ ਬਾਦਲ ਅਤੇ ਬਿਕਰਮ ਸਿੰਘ ਮਜੀਠੀਆ ਦੇ ਬਿਆਨ ਸਿਆਸੀ ਲੜਾਈ ਲੜਨ ਦੀ ਥਾਂ ਇਸ ਗੱਲ ਦੁਆਲੇ ਘੁੰਮਦੇ ਹਨ ਕਿ ਗੁੰਡਿਆਂ ਦੇ ਗੈਂਗਾਂ ਨੂੰ ਕੌਣ ਕਿੰਨੀ ਸਰਪ੍ਰਸਤੀ ਦੇਂਦਾ ਹੈ ਤੇ ਇਸ ਸਾਰੀ ਲੜਾਈ ਵਿੱਚ ਬਾਕੀ ਕਾਂਗਰਸ ਚੁੱਪ ਰਹਿੰਦੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਲੋਕਾਂ ਦੇ ਮਸਲਿਆਂ ਦੀ ਚਰਚਾ ਹੋਣ ਦੀ ਥਾਂ ਬਦਮਾਸ਼ਾਂ ਨਾਲ ਰਾਜਸੀ ਆਗੂਆਂ ਦੇ ਸੰਬੰਧਾਂ ਦੀ ਚਰਚਾ ਵੱਧ ਮਹੱਤਵ ਵਾਲੀ ਬਣਨ ਲੱਗ ਪਈ ਹੈ। ਪੰਜਾਬ ਦੀ ਰਾਜਨੀਤੀ ਵਿੱਚ ਬਦਮਾਸ਼ਾਂ ਦਾ ਦਖਲ ਮਾੜੀ ਗੱਲ ਹੈ, ਪਰ ਏਦਾਂ ਦਾ ਦਖਲ ਤਾਂ ਪ੍ਰਤਾਪ ਸਿੰਘ ਕੈਰੋਂ ਦੇ ਵਕਤ ਤੋਂ ਚੱਲਦਾ ਹੈ, ਜਦੋਂ ਇੱਕ ਵਾਰ ਫੌਜ ਦੀਆਂ ਟੁਕੜੀਆਂ ਵੱਲੋਂ ਅੰਮ੍ਰਿਤਸਰ ਦੇ ਇੱਕ ਸਿਨੇਮਾ ਘਰ ਨੂੰ ਘੇਰਾ ਪਾਉਣ ਦੀ ਨੌਬਤ ਆਈ ਸੀ। ਅੱਜ ਦੀ ਤਰੀਕ ਵਿੱਚ ਇਨ੍ਹਾਂ ਦੋਵਾਂ ਧਿਰਾਂ ਵਿੱਚੋਂ ਜਿਹੜਾ ਵੀ ਇਹ ਕਹੇ ਕਿ ਉਸ ਦਾ ਬਦਮਾਸ਼ਾਂ ਨਾਲ ਕੋਈ ਸੰਬੰਧ ਨਹੀਂ, ਝੂਠ ਕਹੇਗਾ, ਪੰਜਾਬ ਦੇ ਲੋਕਾਂ ਨੂੰ ਪਤਾ ਹੈ ਕਿ ਦੋਵਾਂ ਧਿਰਾਂ ਦੇ ਨਾਲ ਛੱਟੇ-ਫੂਕੇ ਬੰਦੇ ਸਰੇਆਮ ਤੁਰੇ ਫਿਰਦੇ ਹਨ। ਇੱਕ ਦਿਨ ਇਹ ਗੱਲ ਸੁਣੀ ਜਾਂਦੀ ਹੈ ਕਿ ਅਕਾਲੀ ਦਲ ਦਾ ਇੱਕ ਆਗੂ ਜਾਂ ਵਰਕਰ ਕਿਸੇ ਥਾਂ ਬਦਮਾਸ਼ੀ ਕਰਦਾ ਲੋਕਾਂ ਨੇ ਘੇਰਿਆ ਹੈ ਤੇ ਉਸ ਗੁੰਡੇ ਦੇ ਨਾਂਅ ਦੇ ਨੀਂਹ-ਪੱਥਰ ਓਸੇ ਇਲਾਕੇ ਵਿੱਚ ਚਮਕਦੇ ਪਏ ਹਨ ਤੇ ਦੂਸਰੇ ਦਿਨ ਕਿਸੇ ਇਹੋ ਜਿਹੇ ਕਾਂਗਰਸੀ ਬਦਮਾਸ਼ ਦੀ ਖਬਰ ਮਿਲ ਜਾਂਦੀ ਹੈ। ਭਾਰਤ ਦੀ ਪਾਰਲੀਮੈਂਟ ਵਿੱਚ ਪਿਛਲੀ ਵਾਰੀ ਇੱਕ ਸੌ ਤਿਰਾਸੀ ਉਹ ਲੋਕ ਚੁਣੇ ਗਏ ਸਨ, ਜਿਨ੍ਹਾਂ ਦੇ ਖਿਲਾਫ ਕਤਲ ਤੇ ਬਲਾਤਕਾਰ ਸਮੇਤ ਹਰ ਕਿਸੇ ਕਿਸਮ ਦੇ ਅਪਰਾਧਾਂ ਦੇ ਕੇਸ ਚੱਲਦੇ ਸਨ ਅਤੇ ਇਸ ਵਾਰੀ ਉਨ੍ਹਾਂ ਦੀ ਗਿਣਤੀ ਪੰਜਾਹ ਹੋਰ ਵਧ ਕੇ ਦੋ ਸੌ ਤੇਤੀ ਹੋ ਗਈ ਹੈ, ਸ਼ਾਇਦ ਅਗਲੀ ਵਾਰੀ ਪੰਜਾਹ ਹੋਰ ਵਧ ਕੇ ਉਨ੍ਹਾਂ ਦੀ ਆਪਣੀ 'ਬਹੁ-ਸੰਮਤੀ' ਹੋ ਜਾਵੇਗੀ। ਪੰਜਾਬ ਦੀ ਵਿਧਾਨ ਸਭਾ ਵਿੱਚ ਇਹੋ ਜਿਹੇ ਕਿੰਨੇ ਹਨ, ਸਾਨੂੰ ਇਸ ਦਾ ਰਿਕਾਰਡ ਤਾਂ ਨਹੀਂ ਮਿਲ ਸਕਿਆ, ਪਰ ਜਾਣਨ ਵਾਲੇ ਸਾਫ ਕਹਿੰਦੇ ਹਨ ਕਿ ਇਸ ਪੱਖ ਤੋਂ ਸਾਡੇ ਪੰਜਾਬ ਦੀ ਵਿਧਾਨ ਸਭਾ ਵੀ ਦਾਗੀ ਹੋਣ ਤੋਂ ਬਚੀ ਨਹੀਂ ਰਹਿ ਸਕੀ। ਸਭ ਥਾਂਈਂ ਇਹੋ ਹਾਲ ਹੈ।

ਜਿੱਥੋਂ ਤੱਕ ਆਮ ਲੋਕਾਂ ਦੇ ਮੁੱਦਿਆਂ ਦਾ ਸਵਾਲ ਹੈ, ਉਹ ਕਿਸੇ ਪਾਸੇ ਨਹੀਂ ਲੱਗ ਸਕੇ। ਸੜਕਾਂ ਪਿਛਲੀ ਸਰਕਾਰ ਦੇ ਵਕਤ ਵੀ ਟੁੱਟੀਆਂ ਸਨ ਤੇ ਇਸ ਸਰਕਾਰ ਦੇ ਤਿੰਨ ਸਾਲ ਲੰਘਣ ਦੇ ਬਾਅਦ ਵੀ ਟੁੱਟੀਆਂ ਹਨ। ਜਿਹੜੀ ਸੜਕ ਬਣਦੀ ਦਿਖਾਈ ਦੇਂਦੀ ਹੈ, ਪੁੱਛਣ ਉੱਤੇ ਪਤਾ ਲੱਗਦਾ ਹੈ ਕਿ ਫਲਾਣੇ ਮੰਤਰੀ, ਚੇਅਰਮੈਨ ਜਾਂ ਵਿਧਾਇਕ ਦੇ ਘਰ ਜਾਂ ਰਿਸ਼ਤੇਦਾਰ ਦੇ ਘਰ ਨੂੰ ਜਾਣ ਵਾਲੀ ਹੈ, ਇਸ ਲਈ ਬਣਾਈ ਜਾਣੀ ਹੈ, ਬਾਕੀ ਟੁੱਟੀਆਂ ਰਹਿੰਦੀਆਂ ਹਨ। ਨੌਕਰੀਆਂ ਨਾ ਮਿਲਣ ਕਰ ਕੇ ਹੁਨਰਮੰਦ ਲੋਕ ਪਿਛਲੀ ਸਰਕਾਰ ਦੇ ਵਕਤ ਵੀ ਸੜਕਾਂ ਉੱਤੇ ਮੁਜ਼ਾਹਰੇ ਕਰਦੇ ਤੇ ਪੁਲਸ ਦੀ ਕੁੱਟ ਖਾਂਦੇ ਮਿਲਦੇ ਸਨ ਤੇ ਇਸ ਸਰਕਾਰ ਦੇ ਵੇਲੇ ਵੀ ਉਨ੍ਹਾਂ ਦਾ ਨਸੀਬ ਨਹੀਂ ਬਦਲ ਸਕਿਆ। ਭ੍ਰਿਸ਼ਟਾਚਾਰ ਪਿਛਲੀ ਸਰਕਾਰ ਦੇ ਵਕਤ ਜਿੰਨਾ ਸੀ, ਇਸ ਸਰਕਾਰ ਦੇ ਆਉਣ ਨਾਲ ਮਕਾਨਾਂ ਦੇ ਮਾਲਕ ਬਦਲਣ ਨਾਲ ਮਕਾਨ-ਕਿਰਾਇਆ ਵਧਣ ਵਾਂਗ ਇਹ ਵੀ ਵਧਣ ਦੀ ਗੱਲ ਸਾਰਿਆਂ ਨੂੰ ਪਤਾ ਹੈ। ਖਜ਼ਾਨਾ ਆਮ ਲੋਕਾਂ ਵਾਸਤੇ ਪਿਛਲੀ ਸਰਕਾਰ ਵੇਲੇ ਵੀ ਖਾਲੀ ਸੀ, ਅੱਜ ਵੀ ਖਜ਼ਾਨਾ ਭਰਨ ਦੀ ਥਾਂ ਖਾਲੀ ਗਾਗਰ ਖੜਕਦੀ ਸੁਣੀ ਜਾਂਦੀ ਹੈ। ਲੋਕ ਇਸ ਦਾ ਕਾਰਨ ਨਹੀਂ ਜਾਣ ਸਕਦੇ। ਜਿਨ੍ਹਾਂ ਨੂੰ ਕਾਰਨਾਂ ਬਾਰੇ ਪਤਾ ਹੈ ਤੇ ਉਨ੍ਹਾਂ ਦੀ ਇਹ ਕਾਰਨ ਦੂਰ ਕਰਨ ਦੀ ਜ਼ਿਮੇਵਾਰੀ ਹੈ, ਉਹ ਮੁੱਦੇ ਦੀ ਗੱਲ ਕਰਨ ਦੀ ਥਾਂ ਰਾਜਨੀਤਕ ਬਿਆਨਾਂ ਦੀ ਲੜੀ ਬੰਨ੍ਹਣ ਰੁੱਝੇ ਰਹਿੰਦੇ ਹਨ। ਸਰਕਾਰ ਦੇ ਤਿੰਨ ਸਾਲ ਬੀਤਣ ਨੂੰ ਆਏ ਹੋਣ ਤਾਂ ਪਿਛਲੀ ਸਰਕਾਰ ਦੇ ਮਿਹਣੇ ਮਾਰ ਕੇ ਡੰਗ ਸਾਰਨ ਦਾ ਯਤਨ ਕਰਨਾ ਲੋਕਾਂ ਦੇ ਮਨਾਂ ਨੂੰ ਤਸੱਲੀ ਨਹੀਂ ਦੇ ਸਕਦਾ। ਕੁਝ ਤਾਂ ਕਰਨਾ ਚਾਹੀਦਾ ਹੈ।

ਹਾਲ ਦੀ ਘੜੀ ਇਹ ਅੰਦਾਜ਼ਾ ਲਾਉਣ ਔਖਾ ਹੈ ਕਿ ਅਕਾਲੀ ਦਲ ਵਿੱਚ ਚੱਲ ਰਹੀ ਟੁੱਟ-ਭੱਜ ਕੀ ਸਿੱਟੇ ਕੱਢੇਗੀ ਤੇ ਆਮ ਆਦਮੀ ਪਾਰਟੀ ਕਿਸੇ ਤਰ੍ਹਾਂ ਏਕੇ ਵੱਲ ਮੁੜੇਗੀ ਜਾਂ ਹੋਰ ਖੱਖੜੀਆਂ ਦਾ ਖਿਲਾਰਾ ਬਣੇਗੀ, ਪਰ ਆਮ ਲੋਕ ਏਦਾਂ ਦੇ ਕਿਆਫੇ ਲਾਉਣ ਦੀ ਥਾਂ ਅਗਲੀ ਵਿਧਾਨ ਸਭਾ ਚੋਣ ਬਾਰੇ ਗੱਲਾਂ ਕਰਦੇ ਸੁਣੇ ਜਾਣ ਲੱਗ ਪਏ ਹਨ। ਏਨੇ ਅਗੇਤੇ ਆਮ ਲੋਕ ਓਦੋਂ ਗੱਲਾਂ ਕਰਦੇ ਹਨ, ਜਦੋਂ ਬਾਹਲੇ ਅਵਾਜ਼ਾਰ ਹੋਣ ਅਤੇ ਬਿਨਾਂ ਸ਼ੱਕ ਇਸ ਵਾਰ ਉਹ ਅਵਾਜ਼ਾਰ ਹੋ ਚੁੱਕੇ ਹਨ।

## ਗੁਰਦੁਆਰਾ ਮੰਜੀ ਸਾਹਿਬ, ਮਾਣਕ ਦੇਕੇ, ਜ਼ਿਲ੍ਹਾ ਕਸੂਰ



ਇਹ ਪਿੰਡ ਕੰਗਣਪੁਰ ਤੋਂ ਕੋਈ ਦੋ ਕਿਲੋਮੀਟਰ ਦੀ ਵਿੱਥ ਉੱਤੇ ਹੈ। ਇਸ ਨੂੰ ਰੇਲਵੇ ਸਟੇਸ਼ਨ ਕੰਗਣਪੁਰ ਲੱਗਦਾ ਹੈ। ਤਹਿਸੀਲ ਤੇ ਜ਼ਿਲ੍ਹਾ ਕਸੂਰ ਹੈ। ਇੱਥੋਂ ਦੇ ਲੋਕਾ ਨੂੰ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਉਜੜ ਜਾਣ ਦੀ ਦੁਆ ਦਿੱਤੀ। ਇਹ ਪਿੰਡ ਅੱਜ ਵੀ ਉੱਜੜਿਆ ਨਜ਼ਰ ਆਉਦਾ ਹੈ। ਪੂਰਾ ਪਿੰਡ ਕੱਚਾ ਹੈ। ਲੋਕ ਦੂਜੇ ਸ਼ਹਿਰਾਂ 'ਚ ਨੌਕਰੀਆਂ ਤੇ ਕੰਮਕਾਜ ਕਰਦੇ ਹਨ। ਇੱਥੇ ਪਿੰਡ ਤੋਂ ਬਾਹਰ ਹੀ ਗੌਰਮਿੰਟ ਪ੍ਰਾਇਮਰੀ ਸਕੂਲ ਦੇ ਸਾਹਮਣੇ ਵਾਲੀ ਗਲੀ ਵਿੱਚ ਹੀ ਮੰਜੀ ਸਾਹਿਬ ਸਤਿਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੱਕਾ ਬਣਿਆ ਹੋਇਆ ਹੈ। ਇਸ ਅੰਦਰ ਹੁਣ ਮੇਵਾਤ ਤੋ ਆਏ ਸ਼ਰਨਾਰਥੀ ਆਬਾਦ ਹਨ। ਕਦੇ ਪ੍ਰਕਾਸ਼ ਹੁੰਦਾ ਸੀ, ਹੁਣ ਪੰਜਾਹ ਸਾਲ ਹੋ ਗਏ ਹਨ ਪ੍ਰਕਾਸ਼ ਨਹੀ ਹੋਇਆ। ਨਗਰ ਵਾਸੀ ਅੱਜ ਵੀ ਪ੍ਰੇਮੀ ਹਨ।

# ਖ਼ੁਸ਼ੀਆਂ ਵੰਡਦੀ ਲੋਹੜੀ

-ਸੁਖਦੇਵ ਮਾਦਪੁਰੀ



ਲੋਹੜੀ ਪੰਜਾਬੀਆਂ ਦਾ ਹਰਮਨ ਪਿਆਰਾ ਤਿਓਹਾਰ ਹੈ। ਇਹ ਤਿਓਹਾਰ ਪੋਹ ਮਹੀਨੇ ਦੀ ਆਖਰੀ ਰਾਤ ਮਨਾਇਆ ਜਾਂਦਾ ਹੈ। ਪੰਜਾਬ ਦੇ ਲੋਕ ਜੀਵਨ ਵਿੱਚ ਇਸ ਤਿਓਹਾਰ ਦੀ ਬਹੁਤ ਮਹੱਤਤਾ ਹੈ। ਲੋਹੜੀ ਮਨਾਉਣ ਬਾਰੇ ਕਈ ਧਾਰਨਾਵਾਂ ਪ੍ਰਚੱਲਿਤ ਹਨ। ਕਿਹਾ ਜਾਂਦਾ ਹੈ ਕਿ ਹੋਲਿਕਾ ਤੇ ਲੋਹੜੀ ਹਰਨਾਕਸ਼ ਦੀਆਂ ਦੋ ਭੈਣਾਂ ਸਨ। ਇਨ੍ਹਾਂ ਨੂੰ ਵਰ ਮਿਲਿਆ ਸੀ ਕਿ ਅੱਗ ਉਨ੍ਹਾਂ ਨੂੰ ਸਾੜ ਨਹੀਂ ਸਕਦੀ। ਹਰਨਾਕਸ਼ ਦਾ ਪੁੱਤਰ ਪ੍ਰਹਿਲਾਦ ਰੱਬ ਦਾ ਭਗਤ ਸੀ। ਉਹ ਆਪਣੇ ਪਿਤਾ ਦੀ ਥਾਂ ਰੱਬ ਨੂੰ ਪੂਜਦਾ ਸੀ, ਜਿਸ ਕਰਕੇ ਹਰਨਾਸ਼ਕ ਉਸ ਨੂੰ ਘ੍ਰਿਣਾ ਕਰਦਾ ਸੀ ਅਤੇ ਮਰਵਾਉਣਾ ਚਾਹੁੰਦਾ ਸੀ। ਇੱਕ ਦਿਨ ਹਰਨਾਕਸ਼ ਨੇ ਹੋਲਿਕਾ ਨੂੰ ਕਿਹਾ ਕਿ ਉਹ ਪ੍ਰਹਿਲਾਦ ਨੂੰ ਗੋਦੀ ਵਿੱਚ ਲੈ ਕੇ ਬਲਦੀ ਚਿਖਾ ਵਿੱਚ ਬੈਠ ਜਾਵੇ। ਉਹ ਬਲਦੀ ਹੋਈ ਚਿਖਾ ਵਿੱਚ ਬੈਠ ਗਈ, ਵਰ ਦੇ ਬਾਵਜੂਦ ਉਹ ਸੜ ਗਈ, ਪਰ ਪ੍ਰਹਿਲਾਦ ਦਾ ਵਾਲ ਵਿੰਗਾ ਨਾ ਹੋਇਆ। ਇਸ ਮਗਰੋਂ ਹਰਨਾਕਸ਼ ਨੇ ਲੋਹੜੀ ਨੂੰ ਵੀ ਏਦਾਂ ਕਰਨ ਲਈ ਕਿਹਾ। ਉਹ ਪ੍ਰਹਿਲਾਦ ਨੂੰ ਗੋਦੀ ਵਿੱਚ ਲੈ ਕੇ ਚਿਖਾ ਵਿੱਚ ਜਾ ਬੈਠੀ, ਪਰ ਲੋਹੜੀ ਆਪ ਸੜ ਗਈ ਤੇ ਪ੍ਰਹਿਲਾਦ ਬਚ ਗਿਆ। ਉਦੋਂ ਤੋਂ ਲੋਕ ਆਪਣੀ ਲੰਬੀ ਉਮਰ ਦੀ ਕਾਮਨਾ ਲਈ ਲੋਹੜੀ ਬਾਲਣ ਲੱਗੇ ਤਾਂ ਜੋ ਸਾਰਿਆਂ ਦੀ ਉਮਰ ਪ੍ਰਹਿਲਾਦ ਵਾਂਗ ਲੰਬੀ ਹੋਵੇ। ਇਸ ਦਿਨ ਭੈਣਾਂ ਆਪਣੇ ਭਰਾਵਾਂ ਤੇ ਮਾਪੇ ਆਪਣੇ ਬੱਚਿਆਂ ਦੀ ਲੰਮੇਰੀ ਉਮਰ ਲਈ ਪ੍ਰਾਰਥਨਾਵਾਂ ਕਰਦੇ ਹਨ।

ਕਈ ਕਹਿੰਦੇ ਹਨ ਕਿ ਲੋਹੜੀ ਦੀ ਕਹਾਣੀ ਉਸ ਲੋਹਨੀ ਦੇਵੀ ਨਾਲ ਸਬੰਧ ਰੱਖਦੀ ਹੈ ਜਿਸ ਨੇ ਇੱਕ ਭੈੜੇ ਦੈਂਤ ਨੂੰ ਸਾੜ ਕੇ ਸਵਾਹ ਕਰ ਦਿੱਤਾ ਸੀ। ਉਦੋਂ ਤੋਂ ਲੋਕ ਉਸ ਦੀ ਯਾਦ ਨੂੰ ਸੁਲਘਾ-ਸੁਲਘਾ ਕੇ ਯਾਦ ਕਰਦੇ ਹਨ।

ਪੰਜਾਬ ਵਿੱਚ ਗਾਏ ਜਾਂਦੇ ਲੋਹੜੀ ਦੇ ਗੀਤਾਂ ਵਿੱਚ 'ਸੁੰਦਰ ਮੁੰਦਰੀਏ' ਨਾਂ ਦਾ ਗੀਤ ਬੜਾ ਪ੍ਰਸਿੱਧ ਹੈ। ਇਹ ਲੋਹੜੀ ਦੇ ਪਿਛੋਕੜ ਨਾਲ ਜੁੜੀ ਇੱਕ ਕਹਾਣੀ ਬਿਆਨ ਕਰਦਾ ਹੈ। ਇਹ ਕਹਾਣੀ ਮੁਗ਼ਲ ਸਮਰਾਟ ਅਕਬਰ ਦੇ ਸਮਕਾਲੀ ਦੁੱਲਾ ਭੱਟੀ ਨਾਲ ਸਬੰਧਤ ਹੈ:

ਸੁੰਦਰ ਮੁੰਦਰੀਏ ਹੋ<br>
ਤੇਰਾ ਕੌਣ ਵਿਚਾਰਾ ਹੋ<br>
ਦੁੱਲਾ ਭੱਟੀ ਵਾਲਾ ਹੋ<br>
ਦੁੱਲੇ ਦੀ ਧੀ ਵਿਆਹੀ ਹੋ<br>
ਸੇਰ ਸ਼ੱਕਰ ਪਾਈ ਹੋ

ਲੋਹੜੀ ਦੇ ਤਿਓਹਾਰ ਨਾਲ ਮਨੁੱਖ ਦੀ ਆਪਣੀ ਵੰਸ਼ ਨੂੰ ਚਾਲੂ ਰੱਖਣ ਦੀ ਭਾਵਨਾ ਜੁੜੀ ਹੋਈ ਹੈ। ਇਹ ਤਿਓਹਾਰ ਨਵੇਂ ਵਿਆਹਾਂ ਤੇ ਨਵ ਜਨਮੇਂ ਬੱਚਿਆਂ ਦੀ ਖ਼ੁਸ਼ੀ ਵਿੱਚ ਮਨਾਇਆ ਜਾਂਦਾ ਹੈ। ਬੱਚਾ ਕਿਸੇ ਕਿਸਾਨ ਦੇ ਘਰ ਪੈਦਾ ਹੋਵੇ ਜਾਂ ਕਿਸੇ ਕਾਮੇ ਦੇ, ਖ਼ੁਸ਼ੀ ਵਿੱਚ ਸਾਰੇ ਰਲ਼ ਕੇ ਨਵ ਜਨਮੇ ਬੱਚੇ ਦੇ ਘਰੋਂ ਵਧਾਈਆਂ ਦਾ ਗੁੜ ਮੰਗ ਕੇ ਲਿਆਉਂਦੇ ਹਨ।

ਦਾਨ ਕਰਨ ਨਾਲ ਸਾਰੇ ਕਾਰਜ ਰਾਸ ਆਉਂਦੇ ਹਨ। ਸਮੁੱਚੇ ਪਰਵਾਰ ਲਈ ਸ਼ੁਭ ਕਾਮਨਾਵਾਂ ਦਿੰਦੀਆਂ ਹੋਈਆਂ ਕੁੜੀਆਂ ਗਾਉਂਦੀਆਂ ਹਨ:

ਪਾ ਨੀਂ ਮਾਏ ਪਾ<br>
ਕਾਲੇ ਕੁੱਤੇ ਨੂੰ ਵੀ ਪਾ<br>
ਕਾਲਾ ਕੁੱਤਾ ਦਏ ਵਧਾਈ<br>
ਤੇਰੀ ਜੀਵੇ ਮੱਝੀਂ ਗਾਈਂ<br>
ਮੱਝੀਂ ਗਾਈਂ ਨੇ ਦਿੱਤਾ ਦੁੱਧ<br>
ਤੇਰੇ ਜੀਵਣ ਸੱਤੇ ਪੁੱਤ<br>
ਸੱਤਾਂ ਪੁੱਤਾਂ ਦੀ ਕੁੜਮਾਈ<br>
ਸਾਨੂੰ ਸੇਰ ਸ਼ੱਕਰ ਪਾਈ<br>
ਡੋਲ ਛਮ-ਛਮ ਕਰਦੀ ਆਈ।

ਜਿਸ ਘਰ ਬਾਲ ਨਹੀਂ ਹੁੰਦੇ, ਉਨ੍ਹਾਂ ਦੇ ਦਰ ਜਾ ਕੇ ਬੱਚੇ ਲੋਹੜੀ ਮੰਗਦੇ ਹੋਏ ਪ੍ਰਾਰਥਨਾ ਕਰਦੇ ਹਨ:


ਕੋਠੇ ਹੇਠ ਡੱਕਾ<br>
ਥੋਨੂੰ ਰਾਮ ਦਊਗਾ ਬੱਚਾ<br>
ਸਾਡੀ ਲੋਹੜੀ ਮਨਾ ਦੋ

ਕੁੜੀਆਂ ਲੋਹੜੀ ਦੇ ਗੀਤ ਗਾਉਂਦੀਆਂ ਹੋਈਆਂ ਕਲਪਨਾ ਵਿੱਚ ਨਿੱਕੇ ਕਾਕੇ ਦਾ ਵਿਆਹ ਹੀ ਰਚਾ ਦਿੰਦੀਆਂ ਹਨ। ਅੱਗੋਂ ਮੁੰਡੇ ਦੀ ਮਾਂ ਦਿਲ ਖੋਲ੍ਹ ਕੇ ਰਿਉੜੀਆਂ ਤੇ ਸ਼ੱਕਰ ਗੁੜ ਦਿੰਦੀ ਹੈ।

ਤਿਲ ਦੇਹ ਛੰਡ ਛੰਡਾਏ<br>
ਗੁੜ ਦੇਹ ਮੁੰਡੇ ਦੀਏ ਮਾਏਂ<br>
ਅਸੀਂ ਗੁੜ ਨਹੀਂ ਲੈਣਾ ਥੋੜ੍ਹਾ<br>
ਅਸੀਂ ਲੈਣਾ ਗੁੜ ਦਾ ਰੋੜਾ

ਲੋਹੜੀ ਵਿੱਚ ਬੱਚੇ ਵੱਧ ਚੜ੍ਹ ਕੇ ਭਾਗ ਲੈਂਦੇ ਹਨ। ਜਿੱਧਰ ਦੇਖੋ, ਬੱਚਿਆਂ ਦੀਆਂ ਟੋਲੀਆਂ ਗੀਤ ਗਾਉਂਦੀਆਂ ਦਿੱਸ ਪੈਂਦੀਆਂ ਹਨ। ਵਧਾਈਆਂ ਦੇ ਗੁੜ ਤੋਂ ਬਿਨਾਂ ਬੱਚੇ ਭੂਤ ਪਿੰਨੇ, ਰਿਉੜੀਆਂ, ਤਲੂਏ ਬੱਕਲੀਆਂ, ਦਾਣੇ ਤੇ ਪਾਥੀਆਂ ਘਰ-ਘਰ ਜਾ ਕੇ ਗੀਤ ਗਾ ਕੇ ਮੰਗਦੇ ਹਨ। ਦਿਨ ਖੜ੍ਹੇ ਹੀ ਲੋਹੜੀ ਮੰਗ ਰਹੇ ਬੱਚਿਆਂ ਦੀਆਂ ਆਵਾਜ਼ਾਂ ਸੁਣਾਈ ਦੇਣ ਲੱਗਦੀਆਂ ਹਨ। ਕੁੜੀਆਂ ਦੀਆਂ ਵੱਖਰੀਆਂ-ਵੱਖਰੀਆਂ ਟੋਲੀਆਂ ਹੁੰਦੀਆਂ ਹਨ। ਵੱਡੀਆਂ ਕੁੜੀਆਂ ਅਤੇ ਸੁਆਣੀਆਂ ਇਕੱਠੀਆਂ ਹੋ ਕੇ ਵਧਾਈ ਵਾਲੇ ਘਰ ਜਾ ਕੇ ਗੁੜ ਦੀ ਭੇਲੀ ਮੰਗਦੀਆਂ ਤੇ ਘਰ ਦੇ ਦਲਾਨ ਵਿੱਚ ਜਾ ਕੇ ਗਿੱਧਾ ਪਾਉਂਦੀਆਂ ਹਨ। ਗਿੱਧੇ ਵਿੱਚ ਵਧੇਰੇ ਕਰਕੇ ਵੀਰ ਪਿਆਰ ਦੀਆਂ ਬੋਲੀਆਂ ਪਾਈਆਂ ਜਾਂਦੀਆਂ ਹਨ। ਸੱਥ ਵਿੱਚ ਸਾਰੀਆਂ ਭੇਲੀਆਂ ਇਕੱਠੀਆਂ ਕਰਕੇ ਗੁੜ ਦੀਆਂ ਰੋੜੀਆਂ ਬਣਾ ਲਈਆਂ ਜਾਂਦੀਆਂ ਹਨ। ਇਸ ਮਗਰੋਂ ਸਭ ਨੂੰ ਸਾਂਝੀਆਂ ਵਧਾਈਆਂ ਦਾ ਗੁੜ ਇਕੋ ਜਿਹਾ ਵਰਤਾ ਦਿੱਤਾ ਜਾਂਦਾ ਹੈ।

ਪਿੰਡ ਵਿੱਚ ਵੱਖ-ਵੱਖ ਥਾਵਾਂ ਉੱਤੇ ਲੱਕੜ ਦੇ ਵੱਡੇ-ਵੱਡੇ ਖੁੰਢਾਂ ਨੂੰ ਅੱਗ ਲਾ ਕੇ ਸਾਰੇ ਸੇਕ ਰਹੇ ਹੁੰਦੇ ਹਨ। ਕਿਸੇ ਵਡਾਰੂ ਪਾਸੋਂ ਕੋਈ ਰੌਚਕ ਵਾਰਤਾਲਾਪ ਸੁਣੀ ਜਾਂਦੇ ਹਨ ਤੇ ਨਾਲ ਅੱਗ ਉਪਰ ਤਿਲ ਸੁੱਟੀ ਜਾਂਦੇ ਹਨ। ਬਲਦੀ ਲੋਹੜੀ 'ਤੇ ਤਿਲ ਸੁੱਟਣ ਦਾ ਵਿਸ਼ੇਸ਼ ਮਹੱਤਵ ਸਮਝਿਆ ਜਾਂਦਾ ਹੈ। ਕਹਾਵਤ ਹੈ ਕਿ ਜਿੰਨੇ ਜੇਠਾਣੀ, ਤਿਲ ਸੁੱਟੇਗੀ, ਓਨੇ ਦਰਾਣੀ ਪੁੱਤ ਜਣੇਗੀ। ਇਹ ਤਿਓਹਾਰ ਸਭ ਪੰਜਾਬੀਆਂ ਲਈ ਖ਼ੁਸ਼ੀਆਂ ਤੇ ਖੇੜਿਆਂ ਦਾ ਢੋਆ ਲੈ ਕੇ ਆਉਂਦਾ ਹੈ। ਅੱਜਕੱਲ੍ਹ ਜਾਗਰੂਕਤਾ ਕਾਰਨ ਕੁੜੀਆਂ ਦੀਆਂ ਲੋਹੜੀਆਂ ਵੀ ਬੜੇ ਚਾਵਾਂ ਨਾਲ ਮਨਾਈਆਂ ਜਾਣ ਲੱਗੀਆਂ ਹਨ। ਇਹ ਤਿਓਹਾਰ ਸਾਰੇ ਪੰਜਾਬੀਆਂ ਦੀ ਭਾਵਨਾਤਮਕ ਏਕਤਾ ਦਾ ਪ੍ਰਤੀਕ ਹੈ।





## 18 ਸਿੱਖ ਗਦਰੀ ਯੋਧਿਆਂ ਦੀਆਂ ਫੋਟੋ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਲਾਈਆਂ ਗਈਆਂ

ਅੰਮ੍ਰਿਤਸਰ, 12 ਜਨਵਰੀ (ਪੋਸਟ ਬਿਊਰੋ)- ਲਗਭਗ ਇੱਕ ਸਦੀ ਪਹਿਲਾਂ ਕੈਨੇਡਾ ਵਿੱਚੋਂ ਭਾਰਤ ਦੀ ਆਜ਼ਾਦੀ ਵਾਸਤੇ ਸੰਘਰਸ਼ ਸ਼ੁਰੂ ਕਰਨ ਵਾਲੇ ਬਾਬਾ ਸੋਹਣ ਸਿੰਘ ਭਕਨਾ ਅਤੇ 1915 ਵਿੱਚ ਸ਼ਹੀਦ ਹੋਣ ਵਾਲੇ ਗਦਰੀ ਸ਼ਹੀਦ ਮੇਵਾ ਸਿੰਘ ਲੋਪੋਕੇ ਸਮੇਤ 18 ਸਿੱਖ ਗਦਰੀ ਬਾਬਿਆਂ ਨੂੰ ਸਿੱਖ ਪੰਥ ਵੱਲੋਂ ਪਹਿਲੀ ਵਾਰ ਮਾਨਤਾ ਦਿੰਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਕੱਲ੍ਹ ਇਨ੍ਹਾਂ ਦੀਆਂ ਤਸਵੀਰਾਂ ਸ੍ਰੀ ਹਰਿਮੰਦਰ ਸਾਹਿਬ ਕੰਪਲੈਕਸ ਵਿੱਚ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਲਾਈਆਂ ਗਈਆਂ। ਇਸੇ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਐਲਾਨ ਕੀਤਾ ਕਿ ਸਿੱਖ ਗਦਰੀ ਬਾਬਿਆਂ ਤੇ ਬੱਬਰ ਅਕਾਲੀ ਲਹਿਰ ਦਾ ਇਤਿਹਾਸ ਜਲਦ ਛਾਪਿਆ ਜਾਵੇਗਾ, ਤਾਂ ਕਿ ਇਨ੍ਹਾਂ ਦੀਆਂ ਮਹਾਨ ਕੁਰਬਾਨੀਆਂ ਤੋਂ ਸੰਗਤਾਂ ਤੇ ਨਵੀਂ ਪੀੜ੍ਹੀ ਨੂੰ ਜਾਣੂ ਕਰਾਇਆ ਜਾ ਸਕੇ।

ਕੇਂਦਰੀ ਸਿੱਖ ਅਜਾਇਬ ਘਰ ਵਿਖੇ ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਗੁਰਮਿੰਦਰ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੈਨੇਡੀਅਨ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ ਦੀ ਹਾਜ਼ਰੀ ਵਿੱਚ ਅਦਾ ਕੀਤੀ। ਇਸ ਸਮਾਗਮ ਵਿੱਚ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਅਤੇ ਗਦਰ ਮੈਮੋਰੀਅਲ ਸੁਸਾਇਟੀ ਕੈਨੇਡਾ ਨਾਲ ਸੰਬੰਧਤ ਕਰੀਬ ਪੰਜਾਹ ਮੈਂਬਰੀ ਵਿਸ਼ੇਸ਼ ਜਥਾ ਤੇ ਗਦਰੀਆਂ ਦੇ ਪਰਵਾਰਕ ਮੈਂਬਰ ਵੀ ਸ਼ਾਮਲ ਹੋਏ। ਸਿੱਖ ਅਜਾਇਬਘਰ ਵਿਖੇ ਲਾਈਆਂ ਗਦਰੀ ਸ਼ਹੀਦਾਂ ਅਤੇ ਹੋਰ ਗਦਰੀ ਯੋਧਿਆਂ ਦੀਆਂ ਤਸਵੀਰਾਂ 'ਚ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ, ਗਦਰ ਪਾਰਟੀ ਦੇ ਬਾਨੀ ਬਾਬਾ ਸੋਹਣ ਸਿੰਘ ਭਕਨਾ, ਸ਼ਹੀਦ ਬਲਵੰਤ ਸਿੰਘ ਖੁਰਦਪੁਰ ਕੈਨੇਡਾ, ਸ਼ਹੀਦ ਭਾਗ ਸਿੰਘ ਭਿੱਖੀਵਿੰਡ ਕੈਨੇਡਾ, ਬੀਬੀ ਹਰਨਾਮ ਕੌਰ ਕੈਨੇਡਾ, ਜਗਤ ਸਿੰਘ ਸੁਰਸਿੰਘ ਕੈਨੇਡਾ, ਬਤਨ ਸਿੰਘ ਕਾਹਰੀ ਕੈਨੇਡਾ, ਈਸ਼ਰ ਸਿੰਘ ਢੁੱਡੀਕੇ ਕੈਨੇਡਾ, ਸ਼ਹੀਦ ਕਰਮ ਸਿੰਘ ਬੱਬਰ ਦੌਲਤਪੁਰ ਕੈਨੇਡਾ, ਜਵੰਦ ਸਿੰਘ ਨੰਗਲ ਕਲਾਂ ਕੈਨੇਡਾ, ਕਰਤਾਰ ਸਿੰਘ ਚੰਦ ਨਵਾਂ ਕੈਨੇਡਾ, ਰਾਮ ਸਿੰਘ ਧਲੇਤਾ ਕੈਨੇਡਾ, ਉਤਮ ਸਿੰਘ ਹਾਂਸ ਕੈਨੇਡਾ, ਬੀਰ ਸਿੰਘ ਬਾਹੋਵਾਲ ਕੈਨੇਡਾ, ਬੱਬਰ ਕਮਰ ਸਿੰਘ ਦੌਲਤਪੁਰ ਕੈਨੇਡਾ, ਬਤਨ ਸਿੰਘ ਦਲੇਲ ਸਿੰਘ ਵਾਲਾ ਕੈਨੇਡਾ, ਸਫਾ ਸਿੰਘ ਬਿਲਗਾ ਕੈਨੇਡੀਅਨ, ਪ੍ਰਿੰਸੀਪਲ ਸੰਤ ਤੇਜਾ ਸਿੰਘ ਮਸਤੂਆਣਾ ਕੈਨੇਡਾ ਆਦਿ ਸਿੱਖ ਗਦਰੀ ਬਾਬਿਆਂ ਦੀਆਂ ਤਸਵੀਰਾਂ ਸ਼ਾਮਲ ਹਨ। ਜਦੋਂ ਇਨ੍ਹਾਂ ਸਿੱਖ ਗਦਰੀ ਯੋਧਿਆਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬਗਰ ਵਿਖੇ ਲਾਈਆਂ ਗਈਆਂ ਤਾਂ ਅਰਦਾਸੀਏ ਭਾਈ ਕੁਲਵਿੰਦਰ ਸਿੰਘ ਅਤੇ ਸਿੰਘ ਸਾਹਿਬ ਨੇ ਸਾਰਿਆਂ ਨੂੰ ਸ਼ਹੀਦ ਗਦਰੀ ਬਾਬੇ ਹੀ ਕਿਹਾ, ਜਦੋਂ ਕਿ ਇਨ੍ਹਾਂ ਗਦਰੀਆਂ 'ਚੋਂ ਬਾਬਾ ਸੋਹਣ ਸਿੰਘ ਭਕਨਾ ਸਮੇਤ ਕਈ ਹੋਰਨਾਂ ਗਦਰੀ ਯੋਧਿਆਂ ਨੇ ਆਜ਼ਾਦੀ ਲਈ ਸੰਘਰਸ਼ ਤਾਂ ਕੀਤਾ, ਪਰ ਉਨ੍ਹਾਂ ਦਾ ਦੇਹਾਂਤ ਆਜ਼ਾਦੀ ਤੋਂ ਪਹਿਲਾਂ ਜਾਂ ਬਾਅਦ ਵਿੱਚ ਹੋਇਆ। ਕੈਨੇਡੀਅਨ ਐਮ ਪੀ ਸੁੱਖ ਧਾਲੀਵਾਲ ਨੇ ਕਿਹਾ ਕਿ ਗਦਰੀ ਬਾਬਿਆਂ ਨੇ 105 ਸਾਲ ਪਹਿਲਾਂ ਕੈਨੇਡਾ ਵਿੱਚ ਉਨ੍ਹਾਂ ਦੇ ਚੋਣ ਹਲਕੇ ਵਿੱਚੋਂ ਹੀ ਦੇਸ਼ ਦੀ ਆਜ਼ਾਦੀ ਲਈ ਸੰਘਰਸ਼ ਆਰੰਭ ਕੀਤਾ ਸੀ ਤੇ ਉਨ੍ਹਾਂ ਨੂੰ ਖੁਸ਼ੀ ਅਤੇ ਮਾਣ ਹੋ ਰਿਹਾ ਹੈ। ਸਮਾਗਮ ਦੌਰਾਨ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਦੇ ਪ੍ਰਧਾਨ ਬਲਬੀਰ ਸਿੰਘ ਨਿੱਝਰ, ਗਦਰ ਮੈਮੋਰੀਅਲ ਸੁਸਾਇਟੀ ਕੈਨੇਡਾ ਦੇ ਪ੍ਰਧਾਨ ਗੁਰਵਿੰਦਰ ਸਿੰਘ ਧਾਲੀਵਾਲ ਆਦਿ ਨੇ ਵੀ ਵਿਦੇਸ਼ਾਂ ਵਿੱਚ ਮਨੁੱਖੀ ਸਰੋਕਾਰਾਂ ਤੇ ਹੱਕਾਂ ਲਈ ਲੜਨ ਵਾਲੇ ਸਿੱਖ ਗਦਰੀ ਯੋਧਿਆਂ ਦੀਆਂ ਤਸਵੀਰਾਂ ਲਾਉਣ ਨੂੰ ਅਹਿਮ ਫੈਸਲਾ ਦੱਸਿਆ।

## ਬੇਅਦਬੀ ਮੁੱਦੇ ਉੱਤੇ ਛੋਟੇ ਢੀਂਡਸਾ ਵੱਲੋਂ ਚੁੱਪ ਤੋੜਦੇ ਸਾਰ ਪਾਰਟੀ ਨੇ ਪਿਓ-ਪੁੱਤਰ ਸਸਪੈਂਡ ਕੀਤੇ



ਅਕਾਲੀ ਦਲ ਪ੍ਰਧਾਨ ਸੁਖਬੀਰ ਸਿੰਘ ਬਾਦਲ ਕੋਰ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ।

ਜਲੰਧਰ, 12 ਜਨਵਰੀ, (ਪੋਸਟ ਬਿਊਰੋ)- ਸਾਢੇ ਚਾਰ ਸਾਲ ਪਹਿਲਾਂ ਅਕਾਲੀ-ਭਾਜਪਾ ਸਰਕਾਰ ਦੇ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਨਾ ਫੜਨ ਬਾਰੇ ਸਾਬਕਾ ਅਕਾਲੀ ਮੰਤਰੀ ਪਰਮਿੰਦਰ ਸਿੰਘ ਢੀਂਡਸਾ ਨੇ ਕੈਮਰੇ ਅੱਗੇ ਮੁਆਫੀ ਮੰਗੀ ਹੈ। ਇਸ ਦੇ ਇੱਕ ਦਿਨ ਬਾਅਦ ਅਕਾਲੀ ਦਲ ਨੇ ਪਰਮਿੰਦਰ ਸਿੰਘ ਢੀਂਡਸਾ ਅਤੇ ਉਸ ਦੇ ਪਿਤਾ ਸੁਖਦੇਵ ਸਿੰਘ ਢੀਂਡਸਾ ਨੂੰ ਪਾਰਟੀ ਵਿੱਚੋਂ ਸਸਪੈਂਡ ਕਰਨ ਦਾ ਐਲਾਨ ਜਾਰੀ ਕਰ ਦਿੱਤਾ ਹੈ।

ਵਰਨਣ ਯੋਗ ਹੈ ਕਿ ਇੱਕ ਦਿਨ ਪਹਿਲਾਂ ਇੱਕ ਪੱਤਰਕਾਰ ਨੂੰ ਦਿੱਤੇ ਇੰਟਰਵਿਊ ਦੌਰਾਨ ਬੇਅਦਬੀ ਮਾਮਲੇ ਵਿੱਚ ਪਰਮਿੰਦਰ ਸਿੰਘ ਢੀਂਡਸਾ ਨੇ ਮੁਆਫੀ ਮੰਗ ਕੇ ਕਿਹਾ ਸੀ ਕਿ ਉਨ੍ਹਾਂ ਦੀ ਸਰਕਾਰ ਉਸ ਵੇਲੇ ਬੇਅਦਬੀ ਕਰਨ ਦੇ ਦੋਸ਼ੀਆਂ ਨੂੰ ਫੜਨ ਵਿੱਚ ਨਾਕਾਮਯਾਬ ਰਹੀ ਸੀ। ਉਨ੍ਹਾਂ ਕਿਹਾ ਕਿ ਗਲਤੀ ਮੰਨਣ ਨਾਲ ਕੁਝ ਘਟਦਾ ਨਹੀਂ, ਸਗੋਂ ਇਸ ਨਾਲ ਲੋਕਾਂ ਦਾ ਗੁੱਸਾ ਠੰਢਾ ਹੁੰਦਾ ਤੇ ਪਾਰਟੀ ਵੀ ਮਜ਼ਬੂਤ ਹੁੰਦੀ, ਇਸ ਲਈ ਮੁਆਫੀ ਮੰਗ ਲੈਣੀ ਚਾਹੀਦੀ ਸੀ। ਅਕਾਲੀ ਵਿਧਾਇਕਾਂ ਦੇ ਗਰੁੱਪ ਦੇ ਮੁਖੀ ਵਜੋਂ ਅਸਤੀਫਾ ਦੇਣ ਪਿੱਛੋਂ ਪਰਮਿੰਦਰ ਸਿੰਘ ਢੀਂਡਸਾ ਨੇ ਇਸ ਇੰਟਰਵਿਊ ਵਿੱਚ ਕਿਹਾ ਕਿ ਅਕਾਲੀ ਦਲ ਇਕ ਪੰਥਕ ਪਾਰਟੀ ਵਜੋਂ ਜਾਣਿਆ ਜਾਂਦਾ ਸੀ ਤੇ ਅੱਜ ਹਾਲਤ ਇਹ ਹੈ ਕਿ ਪੰਥ ਵਿਰੋਧੀ ਤਾਕਤਾਂ ਵੀ ਅਕਾਲੀ ਦਲ ਨੂੰ ਪੰਥ ਵਿਰੋਧੀ ਕਹਿ ਰਹੀਆਂ ਹਨ। ਉਨ੍ਹਾਂ ਕਿਹਾ ਕਿ ਅਸੀਂ ਇਹ ਨਹੀਂ ਕਹਿੰਦੇ ਕਿ ਇਹ ਸਭ ਅਕਾਲੀ ਦਲ ਨੇ ਕਰਾਇਆ ਸੀ, ਪਰ ਇਹ ਸਭ ਅਕਾਲੀ ਦਲ ਦੇ ਰਾਜ ਵਿੱਚ ਹੋਇਆ ਹੈ। ਉਨ੍ਹਾਂ ਕਿਹਾ ਕਿ ਮੈਂ ਕਦੇ ਕੋਰ ਕਮੇਟੀ ਵਿੱਚ ਨਹੀਂ ਗਿਆ, ਇਕ ਵਾਰੀ ਕੋਰ ਕਮੇਟੀ ਵਿੱਚ ਸੱਦਿਆ ਗਿਆ ਤਾਂ ਓਥੇ ਮੈਂ ਕਿਹਾ ਸੀ ਕਿ ਇਕੱਲੀ ਬਾਦਲ ਫੈਮਿਲੀ ਨਹੀਂ, ਸਾਰੀ ਸਰਕਾਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਜਾ ਕੇ ਮੁਆਫੀ ਮੰਗਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਬਰਗਾੜੀ ਅਤੇ ਬੇਅਦਬੀ ਦੇ ਮਾਮਲੇ ਵਿੱਚ ਕੋਰ ਕਮੇਟੀ ਦੀ ਮੀਟਿੰਗ ਵਿੱਚ ਉਨ੍ਹਾਂ ਕਿਹਾ ਸੀ ਕਿ ਅਕਾਲ ਤਖਤ ਸਾਹਿਬ ਜਾ ਕੇ ਮੰਨਣਾ ਚਾਹੀਦਾ ਹੈ ਕਿ ਅਣਜਾਣੇ ਵਿੱਚ ਸਾਡੀ ਸਰਕਾਰ ਦੇ ਸਮੇਂ ਬੇਅਦਬੀ ਹੋਈ ਹੈ, ਜਿਸ ਦੀ ਅਸੀਂ ਮੁਆਫੀ ਮੰਗਦੇ ਹਾਂ। ਉਨ੍ਹਾਂ ਕਿਹਾ ਕਿ ਓਦੋਂ ਸੁਖਬੀਰ ਸਿੰਘ ਬਾਦਲ ਅਤੇ ਪ੍ਰਕਾਸ਼ ਸਿੰਘ ਬਾਦਲ ਨੇ ਕੁਝ ਨਹੀਂ ਕਿਹਾ ਸੀ, ਸਗੋਂ ਬਿਕਰਮ ਸਿੰਘ ਮਜੀਠੀਆ ਨੇ ਮੇਰਾ ਸਾਥ ਦਿੱਤਾ ਸੀ, ਪਰ ਕਈਆਂ ਨੇ ਵਿਰੋਧ ਕੀਤਾ ਕਿ ਏਦਾਂ ਕਰਨ ਨਾਲ ਪਾਰਟੀ ਦਾ ਹੋਰ ਨੁਕਸਾਨ ਹੋਵੇਗਾ। ਪਰਮਿੰਦਰ ਸਿੰਘ ਢੀਂਡਸਾ ਨੇ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਨੂੰ ਦਿੱਤੀ ਮੁਆਫੀ ਤੇ ਹੋਰ ਕਈ ਮੁੱਦਿਆਂ ਉੱਤੇ ਵੀ ਖੁੱਲ੍ਹ ਕੇ ਕਹੀ।

ਇਸ ਇੰਟਰਵਿਊ ਦੇ ਛਪਣ ਤੋਂ ਅਗਲੇ ਦਿਨ ਹੀ ਅਕਾਲੀ ਦਲ ਨੇ ਪਾਰਲੀਮੈਂਟ ਮੈਂਬਰ ਸੁਖਦੇਵ ਸਿੰਘ ਢੀਂਡਸਾ ਤੇ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੂੰ ਸਸਪੈਂਡ ਕਰ ਕੇ ਦੋਵਾਂ ਦੇ ਵਿਹਾਰ ਦੀ ਜਵਾਬਦੇਹੀ ਲਈ ਉਨ੍ਹਾਂ ਨੂੰ ਦੋਸ਼-ਪੱਤਰ ਭੇਜਣ ਦਾ ਫੈਸਲਾ ਕਰ ਲਿਆ ਹੈ। ਇਸ ਦਾ ਫੈਸਲਾ ਅੱਜ ਕੋਰ ਕਮੇਟੀ ਦੀ ਮੀਟਿੰਗ ਨੇ ਲਿਆ, ਜਿਸ ਦੀ ਪ੍ਰਧਾਨਗੀ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕੀਤੀ ਹੈ। ਜ਼ਿਲਾ ਸੰਗਰੂਰ ਦੇ ਆਬਜ਼ਰਵਰ ਤੇ ਸਾਬਕਾ ਮੰਤਰੀ ਸਿਕੰਦਰ ਸਿੰਘ ਮਲੂਕਾ ਨੇ ਕੋਰ ਕਮੇਟੀ ਨੂੰ ਦੱਸਿਆ ਕਿ ਬੀਤੇ ਦਿਨੀਂ ਜ਼ਿਲਾ ਸੰਗਰੂਰ ਯੂਨਿਟ ਦੀ ਮੀਟਿੰਗ ਵਿੱਚ ਪਾਰਟੀ ਵਿਰੋਧੀ ਸਰਗਰਮੀਆਂ ਦੇ ਲਈ ਸੁਖਦੇਵ ਸਿੰਘ ਢੀਂਡਸਾ ਤੇ ਪਰਮਿੰਦਰ ਸਿੰਘ ਢੀਂਡਸਾ ਨੂੰ ਪਾਰਟੀ ਤੋਂ ਕੱਢਣ ਦੀ ਸਿਫਾਰਸ਼ ਕਰਨ ਦਾ ਫੈਸਲਾ ਸਰਬ ਸੰਮਤੀ ਨਾਲ ਕੀਤਾ ਗਿਆ ਸੀ। ਅੱਜ ਕੋਰ ਕਮੇਟੀ ਮੀਟਿੰਗ ਮਗਰੋਂ ਅਕਾਲੀ ਦਲ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਨੇ ਦੱਸਿਆ ਕਿ ਡੂੰਘੀ ਵਿਚਾਰ ਮਗਰੋਂ ਦੋਵੇਂ ਆਗੂਆਂ ਨੂੰ ਦੋਸ਼-ਪੱਤਰ ਭੇਜਣ ਦਾ ਫੈਸਲਾ ਹੋਇਆ ਹੈ, ਉਨ੍ਹਾਂ ਨੂੰ ਆਪਣੇ ਇਸ ਵਿਹਾਰ ਦਾ ਸਪੱਸ਼ਟੀਕਰਨ ਦੇਣ ਲਈ ਦੋ ਹਫ਼ਤੇ ਦਿੱਤੇ ਜਾਣਗੇ ਅਤੇ ਦੋਵੇਂ ਆਗੂਆਂ ਦਾ ਜਵਾਬ ਮਿਲਣ ਦੇ ਬਾਅਦ ਪਾਰਟੀ ਵੱਲੋਂ ਅਗਲੀ ਕਾਰਵਾਈ ਕੀਤੀ ਜਾਵੇਗੀ।

ਇੰਟਰਵਿਊ ਵਿੱਚ ਪਰਮਿੰਦਰ ਸਿੰਘ ਢੀਂਡਸਾ ਨੇ ਇਹ ਵੀ ਕਹਿ ਦਿੱਤਾ ਸੀ ਕਿ ਪਾਰਟੀ ਤਾਂ ਕੋਈ ਵੀ ਨਹੀਂ ਛੱਡਣਾ ਚਾਹੁੰਦਾ ਹੁੰਦਾ, ਇਸ ਲਈ ਬਹੁਤ ਸੋਚ-ਵਿਚਾਰ ਮਗਰੋਂ ਉਨ੍ਹਾਂ ਨੇ ਫੈਸਲਾ ਲਿਆ ਹੈ। ਉਨ੍ਹਾ ਨੇ ਦਾਅਵਾ ਕੀਤਾ ਕਿ ਪੰਜਾਬ ਵਿੱਚ ਕੈਪਟਨ ਅਮਰਿੰਦਰ ਸਿੰਘ ਅਤੇ ਬਾਦਲ ਪਰਿਵਾਰ ਵਿੱਚ ਆਪਸੀ ਸਮਝੌਤਾ ਚੱਲ ਰਿਹਾ ਹੈ ਤੇ ਦੋਵੇਂ ਪਰਿਵਾਰਾਂ ਵਿੱਚ ਇਹ ਤੈਅ ਹੈ ਕਿ ਇੱਕ-ਦੂਸਰੇ ਦੇ ਖਿਲਾਫ ਕੋਈ ਕਾਰਵਾਈ ਨਹੀਂ ਕਰਨੀ। ਪਰਮਿੰਦਰ ਸਿੰਘ ਢੀਂਡਸਾ ਨੇ ਇਹ ਵੀ ਦੋਸ਼ ਲਾ ਦਿੱਤਾ ਕਿ ਅਕਾਲੀ ਦਲ ਅੱਜ ਕੱਲ੍ਹ ਚਮਚਿਆਂ ਦੀ ਪਾਰਟੀ ਬਣ ਚੁੱਕੀ ਹੈ।

## ਨਿਰਮਲ ਬਾਬਾ ਨਾਲ ਇੱਕ ਕਰੋੜ ਦੀ ਠੱਗੀ ਦੇ ਦੋਸ਼ੀ ਨੂੰ ਤਿੰਨ ਸਾਲ ਕੈਦ

ਲੁਧਿਆਣਾ , 12 ਜਨਵਰੀ (ਪੋਸਟ ਬਿਊਰੋ)- ਗੱਲੀਂ-ਬਾਤੀਂ ਕ੍ਰਿਪਾ ਕਰਨ ਵਾਲੇ ਨਿਰਮਲ ਬਾਬਾ ਦੇ ਨਾਲ ਸਾਲ 2012 ਵਿੱਚ ਕਰੀਬ ਇੱਕ ਕਰੋੜ ਸੱਤ ਲੱਖ ਰੁਪਏ ਦੀ ਠੱਗੀ ਕਰਨ ਦੇ ਦੋਸ਼ੀ ਅਤੇ ਪੌਸ਼ ਇਲਾਕੇ ਸਾਊਥ ਸਿਟੀ ਦੇ ਇੰਦਰਜੀਤ ਆਨੰਦ ਨੂੰ ਜੁਡੀਸ਼ਲ ਮਜਿਸਟ੍ਰੇਟ ਸ਼ਿਵਾਨੀ ਗਰਗ ਦੀ ਅਦਾਲਤ ਨੇ ਦੋਸ਼ੀ ਕਰਾਰ ਦੇ ਕੇ ਤਿੰਨ ਸਾਲ ਕੈਦ ਦੀ ਸਜਾ ਸੁਣਾਈ ਹੈ। ਸਾਥੀ ਦੋਸ਼ੀਆਂ ਕ੍ਰਿਸ਼ਨ ਕੁਮਾਰ, ਸੁਧੀਰ ਕੁਮਾਰ ਅਤੇ ਉਪੇਸ਼ ਕੁਮਾਰ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ। ਇਸ ਸੰਬੰਧ ਵਿੱਚ ਥਾਣਾ ਪੀ ਏ ਯੂ ਵਿੱਚ ਸਾਲ 2012 ਵਿੱਚ ਚਾਰਾਂ ਦੋਸ਼ੀਆਂ ਖ਼ਿਲਾਫ਼ ਕੇਸ ਦਰਜ ਕੀਤਾ ਗਿਆ ਸੀ ਕਿ ਇੰਦਰਜੀਤ ਆਨੰਦ ਨੇ ਪੰਜਾਬ ਨੇਸ਼ਨਲ ਬੈਂਕ ਦੀ ਦਿੱਲੀ ਬ੍ਰਾਂਚ ਦਾ ਇੱਕ ਕਰੋੜ ਸੱਤ ਲੱਖ 12 ਹਜ਼ਾਰ 500 ਦਾ ਚੈਕ ਲੁਧਿਆਣਾ ਦੇ ਬਾੜੇਵਾਲ ਰੋਡ ਵਾਲੀ ਇਸੇ ਬੈਂਕ ਦੀ ਬ੍ਰਾਂਚ ਵਿੱਚ ਆਪਣੇ ਖਾਤੇ ਵਿੱਚ ਲਾਇਆ ਸੀ। ਇਸ ਚੈੱਕ 'ਤੇ ਨਿਰਮਲ ਦਰਬਾਰ ਦੀ ਮੋਹਰ ਲੱਗੀ ਸੀ ਅਤੇ ਇਹ ਇਸੇ ਸਾਲ 14 ਫਰਵਰੀ ਨੂੰ ਕੈਸ਼ ਹੋ ਗਿਆ ਸੀ। ਦੋਸ਼ੀ ਨੇ ਇਹ ਰਕਮ ਚੈਕਾਂ ਅਤੇ ਆਰ ਜੀ ਟੀ ਐਸ ਦੇ ਰਾਹੀਂ ਕੱਢਵਾਈ ਸੀ। ਇਸ ਵਿੱਚ ਕੁਝ ਰਕਮ ਸਾਥੀ ਦੋਸ਼ੀ ਉਪੇਸ਼ ਕੁਮਾਰ ਨੂੰ ਦਿੱਤੀ ਸੀ।

## ਨਵ ਵਿਆਹੇ ਜੋੜੇ ਸਮੇਤ ਸੜਕ ਹਾਦਸੇ ਵਿੱਚ ਤਿੰਨ ਮੌਤਾਂ

ਮੋਗਾ, 12 ਜਨਵਰੀ (ਪੋਸਟ ਬਿਊਰੋ)- ਕੱਲ੍ਹ ਸ਼ਾਮ ਮੋਗਾ-ਲੁਧਿਆਣਾ ਰੋਡ 'ਤੇ ਇੱਕ ਸੜਕ ਹਾਦਸੇ ਵਿੱਚ ਤਿੰਨ ਜਣਿਆਂ ਦੀ ਮੌਤ ਅਤੇ ਦੋ ਜਣਿਆਂ ਦੇ ਗੰਭੀਰ ਜ਼ਖਮੀ ਹੋ ਜਾਣ ਦਾ ਸਮਾਚਾਰ ਮਿਲਿਆ ਹੈ। ਰਾਏਕੋਟ ਦਾ ਜਸਪਾਲ ਸਿੰਘ ਆਪਣੀ ਪਤਨੀ ਗੁਰਪ੍ਰੀਤ ਅਤੇ ਆਪਣੀ ਸਾਲੀ ਪ੍ਰਦੀਪ ਕੌਰ ਨਾਲ ਮੋਗਾ ਵਿਖੇ ਇੱਕ ਵਿਆਹ ਵਿੱਚ ਆਇਆ ਸੀ ਅਤੇ ਦੇਰ ਸ਼ਾਮ ਉਹ ਆਪਣੀ ਇੰਡੀਕਾ ਕਾਰ 'ਤੇ ਵਾਪਸ ਰਾਏਕੋਟ ਜਾ ਰਹੇ ਸਨ। ਜਦ ਉਹ ਪਿੰਡ ਮਹਿਣਾ ਕੋਲ ਗਏ ਤਾਂ ਕਾਰ ਚਲਾ ਰਹੇ ਜਸਪਾਲ ਸਿੰਘ ਤੋਂ ਕਾਰ ਬੇਕਾਬੂ ਹੋ ਕੇ ਫੁੱਟਪਾਥ ਨੂੰ ਤੋੜਦੀ ਹੋਈ ਦੂਸਰੇ ਪਾਸਿਓਂ ਲੁਧਿਆਣਾ ਵੱਲੋਂ ਆਈ ਸਕਾਰਪੀਓ ਗੱਡੀ ਨਾਲ ਜਾ ਟਕਰਾਈ, ਜਿਸ ਨਾਲ ਜਸਪਾਲ ਸਿੰਘ (30) ਅਤੇ ਉਸ ਨਾਲ ਅੱਗੇ ਬੈਠੀ ਪਤਨੀ ਗੁਰਪ੍ਰੀਤ ਕੌਰ (25) ਦੀ ਮੌਕੇ 'ਤੇ ਮੌਤ ਹੋ ਗਈ ਤੇ ਸਕਾਰਪੀਓ ਵਿੱਚ ਸਵਾਰ ਬਲਵਿੰਦਰ ਕੌਰ (64) ਦੀ ਵੀ ਮੌਤ ਹੋ ਗਈ। ਜ਼ਖਮੀ ਚਰਨਜੀਤ ਤੇ ਪ੍ਰਦੀਪ ਕੌਰ ਨੂੰ ਸਿਵਲ ਹਸਪਤਾਲ ਮੋਗਾ ਦੇ ਡਾਕਟਰਾਂ ਨੇ ਲੁਧਿਆਣਾ ਦੇ ਡੀ ਐੱਮ ਸੀ ਹਸਪਤਾਲ ਭੇਜ ਦਿੱਤਾ।

## ਭਗਵੰਤ ਮਾਨ ਤੇ ਸੱਤ ਵਿਧਾਇਕਾਂ ਸਣੇ ਆਮ ਆਦਮੀ ਪਾਰਟੀ ਦੇ ਕਈ ਲੋਕਾਂ ਉੱਤੇ ਕੇਸ ਦਰਜ



ਆਪ ਵਲੋਂ ਚੰਡੀਗੜ੍ਹ ਵਿਖੇ ਕੀਤੇ ਪ੍ਰਦਰਸ਼ਨ ਦਾ ਦ੍ਰਿਸ਼।

ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ)- ਥਾਣਾ ਸੈਕਟਰ-3 ਚੰਡੀਗੜ੍ਹ ਦੀ ਪੁਲਸ ਨੇ ਆਮ ਆਦਮੀ ਪਾਰਟੀ ਵੱਲੋਂ ਕੀਤੇ ਰੋਸ ਪ੍ਰਦਰਸ਼ਨ ਦੌਰਾਨ ਜ਼ਖਮੀ ਪੁਲਸ ਮੁਲਾਜ਼ਮਾਂ ਦੀ ਸ਼ਿਕਾਇਤ ਉੱਤੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਤੇ ਸੱਤ ਵਿਧਾਇਕਾਂ ਸਣੇ ਸੱਤ ਅੱਠ ਸੌ ਦੇ ਕਰੀਬ ਇਸ ਪਾਰਟੀ ਦੇ ਵਰਕਰਾਂ ਖਿਲਾਫ ਕੇਸ ਦਰਜ ਕੀਤਾ ਹੈ। ਪੁਲਸ ਵੱਲੋਂ ਨਾਮਜ਼ਦ ਕੀਤੇ ਵਿਧਾਇਕਾਂ 'ਚ ਹਰਪਾਲ ਸਿੰਘ ਚੀਮਾ, ਮਾਸਟਰ ਬਲਦੇਵ ਸਿੰਘ, ਬਲਜਿੰਦਰ ਕੌਰ, ਮਨਜੀਤ ਸਿੰਘ ਬਿਲਾਸਪੁਰ, ਅਮਨ ਅਰੋੜਾ, ਜੈ ਕਿਸ਼ਨ ਰੋੜੀ, ਸਰਬਜੀਤ ਕੌਰ ਅਤੇ ਪਾਰਟੀ ਆਗੂ ਨਰਿੰਦਰ ਸਿੰਘ ਸ਼ੇਰਗਿੱਲ ਦੇ ਨਾਂਅ ਸ਼ਾਮਲ ਹਨ। ਇਹ ਕੇਸ ਕਾਂਸਟੇਬਲ ਮਨਪ੍ਰੀਤ ਕੌਰ ਦੀ ਸ਼ਿਕਾਇਤ 'ਤੇ ਦਰਜ ਕੀਤਾ ਗਿਆ ਹੈ।

ਵਰਨਣ ਯੋਗ ਹੈ ਕਿ ਬਿਜਲੀ ਦਰਾਂ ਵਿੱਚ ਵਾਧੇ ਵਿਰੁੱਧ ਰੋਸ ਵਜੋਂ ਕੱਲ੍ਹ ਆਮ ਆਦਮੀ ਪਾਰਟੀ ਦੇ ਧਰਨੇ ਦੌਰਾਨ ਵਰਕਰਾਂ ਨੂੰ ਰੋਕਦੇ ਹੋਏ ਚੰਡੀਗੜ੍ਹ ਪੁਲਸ ਦੇ ਡੀ ਐਸ ਪੀ, ਇੰਸਪੈਕਟਰ ਤੇ ਕਈ ਪੁਲਸ ਵਾਲੇ ਜ਼ਖਮੀ ਹੋਏ ਸਨ। ਥਾਣਾ ਸੈਕਟਰ ਤਿੰਨ ਦੇ ਮੁਖੀ ਨੀਰਜ ਸਰਨਾ ਦੇ ਮੁਤਾਬਕ ਆਮ ਆਦਮੀ ਪਾਰਟੀ ਦੇ ਆਗੂਆਂ ਨੇ ਡਿਪਟੀ ਕਮਿਸ਼ਨਰ ਦੇ ਹੁਕਮਾਂ ਦੀ ਉਲੰਘਣਾ ਕਰ ਕੇ ਕਾਨੂੰਨ ਵਿਵਸਥਾ 'ਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕੀਤੀ ਹੈ ਤੇ ਇਨ੍ਹਾਂ ਖਿਲਾਫ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਬਿਜਲੀ ਦਰਾਂ ਦੇ ਵਿਰੋਧ 'ਚ ਇਸ ਪਾਰਟੀ ਦੇ ਆਗੂਆਂ ਅਤੇ ਵਲੰਟੀਅਰਾਂ ਨੇ ਸੈਕਟਰ-4 ਵਿਚਲੇ ਐਮ ਐਲ ਏ ਹੋਸਟਲ ਵਿੱਚ ਰੈਲੀ ਕਰ ਕੇ ਮੁੱਖ ਮੰਤਰੀ ਪੰਜਾਬ ਦੀ ਸਰਕਾਰੀ ਕੋਠੀ ਵੱਲ ਜਾਣ ਦੀ ਕੋਸ਼ਿਸ਼ ਕੀਤੀ ਸੀ। ਪੁਲਸ ਨੇ ਇਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕਰਦਿਆਂ ਪਾਣੀ ਦੀਆਂ ਬੁਛਾੜਾਂ ਮਾਰੀਆਂ ਸਨ। ਇਸ ਖਿੱਚੋਤਾਣ ਵਿੱਚ ਡੀ ਐਸ ਪੀ ਕ੍ਰਿਸ਼ਨ ਕੁਮਾਰ, ਇੰਸਪੈਕਟਰ ਮਲਕੀਤ ਸਿੰਘ, ਕਾਂਸਟੇਬਲ ਮਨਪ੍ਰੀਤ ਕੌਰ ਅਤੇ ਹੋਰ ਕਈ ਪੁਲਸ ਮੁਲਾਜ਼ਮਾਂ ਦੇ ਸੱਟਾਂ ਵੱਜੀਆਂ ਸਨ ਜਿਨ੍ਹਾਂ ਨੂੰ ਸੈਕਟਰ 16 ਦੇ ਹਸਪਤਾਲ 'ਚ ਭਰਤੀ ਕਰਾਇਆ ਗਿਆ ਸੀ।

## ਦਿੱਲੀ ਗੁਰਦੁਆਰਾ ਕਮੇਟੀ ਨੇ ਐਮਾਜ਼ੋਨ ਦੇ ਖਿਲਾਫ ਫੌਜਦਾਰੀ ਕੇਸ ਦਰਜ ਕਰਵਾਇਆ

ਜਲੰਧਰ, 12 ਜਨਵਰੀ (ਪੋਸਟ ਬਿਊਰੋ)- ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਨਲਾਈਨ ਸਾਮਾਨ ਵੇਚਣ ਵਾਲੀ ਕੰਪਨੀ ਐਮਾਜ਼ੋਨ ਡਾਟ ਕਾਮ ਵੱਲੋਂ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਵਰਤ ਕੇ ਇਸ ਦਾ ਨਿਰਾਦਰ ਤੇ ਬੇਅਦਬੀ ਕਰਨ 'ਤੇ ਫੌਜਦਾਰੀ ਕੇਸ ਦਰਜ ਕਰਵਾਇਆ ਤੇ ਬੇਅਦਬੀ ਦੇ ਦੋਸ਼ੀਆਂ ਦੀ ਗ੍ਰਿਫਤਾਰੀ ਦੀ ਮੰਗ ਕੀਤੀ ਹੈ। ਥਾਣਾ ਨਾਰਥ ਐਵੀਨਿਊ ਨੂੰ ਦਿੱਤੀ ਇਸ ਸ਼ਿਕਾਇਤ ਵਿੱਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਐਮਾਜ਼ੋਨ ਵੱਲੋਂ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਵਾਲੇ ਟਾਇਲਟ ਮੈਟ ਵੇਚੇ ਜਾ ਰਹੇ ਹਨ, ਜਿਸ ਨਾਲ ਸਿੱਖਾਂ ਦੇ ਹਿਰਦੇ ਵਲੂੰਧਰੇ ਗਏ ਹਨ। ਉਨ੍ਹਾਂ ਕਿਹਾ ਕਿ ਦਰਬਾਰ ਸਾਹਿਬ ਦੀ ਤਸਵੀਰ ਦੀ ਅਜਿਹੇ ਕੰਮਾਂ ਲਈ ਵਰਤੋਂ ਕਰਨਾ ਇਸ ਦਾ ਘੋਰ ਨਿਰਾਦਰ ਤੇ ਬੇਅਦਬੀ ਹੈ ਤੇ ਇਹ ਪਹਿਲੀ ਵਾਰ ਨਹੀਂ, ਜਦੋਂ ਐਮਾਜ਼ੋਨ ਨੇ ਸ੍ਰੀ ਦਰਬਾਰ ਸਾਹਿਬ ਦੀ ਤਸਵੀਰ ਦੀ ਦੁਰਵਰਤੋਂ ਕਰ ਕੇ ਸਿੱਖਾਂ ਦੇ ਮਨਾਂ ਨੂੰ ਠੇਸ ਪਹੁੰਚਾਈ ਹੈ। ਉਨ੍ਹਾਂ ਕਿਹਾ ਕਿ ਇਹ ਸਿੱਖਾਂ ਦੀਆਂ ਭਾਵਨਾਵਾਂ ਨੂੰ ਸੱਟ ਮਾਰਨ ਦੀ ਡੂੰਘੀ ਸਾਜ਼ਿਸ ਜਾਪਦੀ ਹੈ ਤੇ ਇਸ ਦੀ ਜਾਂਚ ਕਰਨੀ ਬਣਦੀ ਹੈ ਕਿ ਕੌਣ ਐਮਾਜ਼ੋਨ 'ਤੇ ਅਜਿਹੇ ਪ੍ਰੋਡਕਟ ਸਪਾਂਸਰ ਕਰ ਰਿਹਾ ਹੈ। ਸਿਰਸਾ ਨੇ ਕਿਹਾ ਕਿ ਪੁਲਸ ਐਮਾਜ਼ੋਨ ਚਲਾਉਣ ਅਤੇ ਪ੍ਰੋਡਕਟ ਬਣਾਉਣ ਅਤੇ ਵੇਚਣ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰੇ।

ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਐਮਾਜ਼ੋਨ ਆਨਲਾਈਨ ਕੰਪਨੀ ਵੱਲੋਂ ਟਾਇਲਟ ਸੀਟ ਕਵਰ ਅਤੇ ਪਾਇਦਾਨ ਉਪਰ ਸ੍ਰੀ ਹਰਿਮੰਦਰ ਸਾਹਿਬ ਦੀ ਤਸਵੀਰ ਛਾਪਣ ਦਾ ਸਖਤ ਨੋਟਿਸ ਲਿਆ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਦੇ ਨਿਰਦੇਸ਼ਾਂ ਅਨੁਸਾਰ ਐਮਾਜ਼ੋਨ ਨੂੰ ਕਾਨੂੰਨੀ ਨੋਟਿਸ ਭੇਜਿਆ ਗਿਆ ਹੈ। ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਐਮਾਜ਼ੋਨ ਦੀ ਇਸ ਘਟੀਆ ਹਰਕਤ 'ਤੇ ਪੁਲਸ ਸ਼ਿਕਾਇਤ ਵੀ ਦਰਜ ਕਰਵਾਈ ਜਾ ਰਹੀ ਹੈ।

## ਦਰਬਾਰ ਸਾਹਿਬ ਤੋਂ ਪ੍ਰਸਾਰਤ ਹੁਕਮਨਾਮੇ ਉੱਤੇ ਪੀ ਟੀ ਸੀ ਦੇ ਹੱਕ ਦਾ ਵਿਵਾਦ ਵੀ ਛਿੜਿਆ



ਜਲੰਧਰ, 12 ਜਨਵਰੀ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਤੋਂ ਰੋਜ਼ ਸਵੇਰੇ ਜਾਰੀ ਹੁੰਦੇ ਹੁਕਮਨਾਮੇ ਦੀ ਆਵਾਜ਼ ਅਤੇ ਲਿਖਤ ਨੂੰ ਸ਼੍ਰੋਮਣੀ ਕਮੇਟੀ ਦੀ ਵੈਬਸਾਈਟ ਤੋਂ ਲੈ ਕੇ ਹੂ ਬ ਹੂ ਵਰਤਣ ਦੇ ਪੀ ਟੀ ਸੀ ਚੈਨਲ ਦੇ ਇੱਕ ਅਧਿਕਾਰ ਉੱਤੇ ਇਤਰਾਜ਼ ਕਰਨ ਉੱਤੇ ਪਤਾ ਲੱਗਾ ਹੈ ਕਿ ਫੇਸਬੁੱਕ ਨੇ ਏਦਾਂ ਕਰਨ ਵਾਲੇ ਕਈ ਅਦਾਰਿਆਂ ਦੀ ਵੀਡੀਓ ਬਲਾਕ ਕਰ ਦਿੱਤੀ ਹੈ। ਸਿੱਖ ਸਿਆਸਤ ਵੈਬਸਾਈਟ ਦੇ ਸੰਪਾਦਕ ਪਰਮਜੀਤ ਸਿੰਘ ਨੇ ਦੱਸਿਆ ਕਿ ਅਸੀਂ ਫੇਸਬੁੱਕ ਨੂੰ ਆਪਣਾ ਸਪੱਸ਼ਟੀਕਰਨ ਭੇਜ ਦਿੱਤਾ ਹੈ ਤੇ ਵੀਡੀਓ ਤੋਂ ਪਾਬੰਦੀ ਹਟਾਉਣ ਦੀ ਅਪੀਲ ਕੀਤੀ ਹੈ। ਫੇਸਬੁੱਕ ਨੇ ਇਸ ਬਾਰੇ ਪੀ ਟੀ ਸੀ ਚੈਨਲ ਦਾ ਪ੍ਰਤੀਕਰਮ ਜਾਣਨ ਲਈ 16 ਜਨਵਰੀ 2020 ਦੀ ਤਰੀਕ ਮਿੱਥੀ ਹੈ।

ਇਸ ਸੰਬੰਧ ਵਿੱਚ ਪੀ ਟੀ ਸੀ ਦੇ ਮੈਨੇਜਰ ਰਾਬਿੰਦਰ ਨਰਾਇਣਨ ਨੇ ਦੱਸਿਆ ਕਿ ਸਵੇਰੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਣ ਵਾਲੇ ਕੀਰਤਨ ਅਤੇ ਹੁਕਮਨਾਮੇ ਦੇ ਕਾਪੀਰਾਈਟ ਸ਼੍ਰੋਮਣੀ ਕਮੇਟੀ ਨੇ ਪੀ ਟੀ ਸੀ ਨੂੰ ਦਿੱਤੇ ਹੋਏ ਹਨ ਅਤੇ ਕਿਸੇ ਵੀ ਹੋਰ ਦਾ ਇਸ ਉਪਰ ਅਧਿਕਾਰ ਨਹੀਂ ਹੈ। ਉਨ੍ਹਾਂ ਕਿਹਾ ਕਿ ਸਾਡੀ ਫੇਸਬੁੱਕ ਨੂੰ ਕੋਈ ਸ਼ੇਅਰ ਕਰ ਲਵੇ ਜਾਂ ਆਵਾਜ਼ ਤੇ ਲਿਖਤ ਆਪਣੀ ਤਿਆਰ ਕਰਕੇ ਪ੍ਰਸਾਰਿਤ ਕਰ ਲਵੇ ਤਾਂ ਸਾਨੂੰ ਇਤਰਾਜ਼ ਨਹੀਂ, ਪਰ ਬਹੁਤ ਸਾਰੇ ਹੋਰ ਅਦਾਰੇ ਹੂ ਬ ਹੂ ਆਵਾਜ਼ ਤੇ ਲਿਖਤ ਸਾਡੇ ਵਾਲੀ ਵਰਤ ਕੇ ਆਪਣੀ ਸਾਖ਼ ਵਧਾਉਂਦੇ ਜਾਂ ਵਪਾਰਕ ਕੰਮ ਕਰਦੇ ਹਨ। ਉਨ੍ਹਾਂ ਕਿਹਾ ਕਿ ਸਾਡੀ ਕੰਪਨੀ ਪੈਸਾ ਖਰਚ ਕੇ ਅਤੇ ਮਿਹਨਤ ਕਰ ਕੇ ਸਾਰਾ ਕੰਮ ਕਰਦੀ ਹੈ, ਕਿਸੇ ਨੂੰ ਇਹ ਹੁਕਮਨਾਮਾ ਹੂ ਬ ਹੂ ਵਰਤਣ ਦਾ ਹੱਕ ਨਹੀਂ ਦਿੱਤਾ ਜਾ ਸਕਦਾ। ਦੂਜੇ ਪਾਸੇ ਸਿੱਖ ਸਿਆਸਤ ਵੈਬਸਾਈਟ ਦੇ ਸੰਪਾਦਕ ਪਰਮਜੀਤ ਸਿੰਘ ਨੇ ਪੀ ਟੀ ਸੀ ਦੇ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਕਿ ਸ੍ਰੀ ਹਰਿ-ਮੰਦਰ ਸਾਹਿਬ ਨਾ ਪੀ ਟੀ ਸੀ ਦਾ ਸਟੂਡੀਓ ਹੈ ਅਤੇ ਨਾ ਓਥੇ ਪੜ੍ਹੀ ਜਾਣ ਵਾਲੀ ਲਿਖਤ ਪੀ ਟੀ ਸੀ ਦੀ ਹੈ। ਹੁਕਮਨਾਮਾ ਪੜ੍ਹਨ ਵਾਲਾ ਗ੍ਰੰਥੀ ਵੀ ਕਿਸੇ ਤਰ੍ਹਾਂ ਪੀ ਟੀ ਸੀ ਦਾ ਕਰਮਚਾਰੀ ਨਹੀਂ, ਫਿਰ ਹੁਕਮਨਾਮੇ ਉੱਤੇ ਉਹ ਆਪਣੀ ਅਜਾਰੇਦਾਰੀ ਕਿਵੇਂ ਸਾਬਤ ਕਰਦੇ ਹਨ। ਉਨ੍ਹਾਂ ਕਿਹਾ ਕਿ ਸਾਡੇ ਸਮੇਤ ਦੁਨੀਆ ਭਰ ਵਿੱਚ ਸੈਂਕੜੇ ਮੀਡੀਆ ਅਦਾਰੇ ਸ਼੍ਰੋਮਣੀ ਕਮੇਟੀ ਦੀ ਵੈੱਬਸਾਈਟ ਤੋਂ ਹੁਕਮਨਾਮੇ ਦੀ ਆਵਾਜ਼ ਤੇ ਟੈਕਸਟ ਲੈ ਕੇ ਆਪੋ-ਆਪਣੇ ਢੰਗ ਨਾਲ ਡਿਜ਼ਾਈਨ ਕਰਕੇ ਪੇਸ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਪੀ ਟੀ ਸੀ ਨਾਲ ਸਾਡਾ ਕੋਈ ਲਾਗਾ-ਦਾਗਾ ਨਹੀਂ, ਅਸੀਂ ਤਾਂ ਸਾਰਾ ਕੁਝ ਸ਼੍ਰੋਮਣੀ ਕਮੇਟੀ ਦੇ ਪਬਲਿਕ ਡੋਮੇਨ ਤੋਂ ਲੈ ਕੇ ਵਰਤਦੇ ਹਾਂ।

## ਪ੍ਰੇਮ ਸਬੰਧਾਂ ਤੋਂ ਤੰਗ ਆ ਕੇ ਪ੍ਰੇਮੀ ਨੇ ਹੀ ਕੀਤਾ ਸੀ ਪ੍ਰੇਮਿਕਾ ਦਾ ਕਤਲ


ਸ੍ਰੀ ਮੁਕਤਸਰ ਸਾਹਿਬ, 12 ਜਨਵਰੀ (ਪੋਸਟ ਬਿਊਰੋ)- ਪ੍ਰੇਮ ਸੰਬੰਧਾਂ ਤੋਂ ਪ੍ਰੇਸ਼ਾਨ ਪ੍ਰੇਮੀ ਨੇ ਆਪਣੀ ਪ੍ਰੇਮਿਕਾ ਦਾ ਕਤਲ ਕਰ ਕੇ ਉਸ ਦੀ ਲਾਸ਼ ਖੇਤਾਂ ਵਿੱਚ ਸੁੱਟ ਦਿੱਤੀ। ਪੁਲਸ ਨੇ ਦੋਸ਼ੀ ਨੂੰ 48 ਘੰਟਿਆਂ ਵਿੱਚ ਫੜ ਲਿਆ।

ਪਤਾ ਲੱਗਾ ਹੈ ਕਿ ਕਤਲ ਕੀਤੀ ਲੜਕੀ ਨਾਲ ਨੌਜਵਾਨ ਦੇ ਪ੍ਰੇਮ ਸੰਬੰਧ ਸਨ, ਜਿਸ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਸੀ। ਇਸ ਕਾਰਨ ਲੜਕੇ ਨੇ ਲੜਕੀ ਨੂੰ ਅੱਠ ਜਨਵਰੀ ਸ਼ਾਮ ਕਰੀਬ 6.30 ਵਜੇ ਘਰੋਂ ਬੁਲਾਇਆ ਅਤੇ ਮੋਟਰ ਸਾਈਕਲ 'ਤੇ ਬਿਠਾ ਕੇ ਲੈ ਗਿਆ ਤੇ ਖੇਤਾਂ ਵਿੱਚ ਜਾ ਕੇ ਉਸ ਦਾ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ ਸੀ। ਐੱਸ ਐੱਸ ਪੀ ਰਾਜਬਚਨ ਸਿੰਘ ਸੰਧੂ ਨੇ ਦੱਸਿਆ ਕਿ ਨੌਂ ਜਨਵਰੀ ਨੂੰ ਮਨਪ੍ਰੀਤ ਕੌਰ (22) ਦੀ ਲਾਸ਼ ਸੋਥਾ ਤੋਂ ਦੋਦਾ ਰੋਡ ਉੱਤੇ ਖੇਤਾਂ ਵਿੱਚੋਂ ਮਿਲੀ ਸੀ। ਮ੍ਰਿਤਕ ਲੜਕੀ ਦੀ ਗਰਦਨ 'ਤੇ ਤੇਜ਼ਧਾਰ ਹਥਿਆਰਾਂ ਨਾਲ ਵਾਰ ਕੀਤੇ ਹੋਏ ਸਨ। ਪੁਲਸ ਵੱਲੋਂ ਮ੍ਰਿਤਕ ਲੜਕੀ ਦੇ ਪਿਤਾ ਹਰਭਜਨ ਸਿੰਘ ਦੇ ਬਿਆਨਾਂ 'ਤੇ ਕੇਸ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ। ਇਸ ਅੰਨ੍ਹੇ ਕਤਲ ਦੀ ਗੁੱਥੀ ਨੂੰ ਸੁਲਝਾਉਣ ਲਈ ਐੱਸ ਪੀ (ਡੀ) ਗੁਰਮੇਲ ਸਿੰਘ ਦੀ ਨਿਗਰਾਨੀ ਹੇਠ ਬਣਾਈ ਗਈ ਟੀਮ ਨੇ ਕੇਸ ਸੁਲਝਾ ਲਿਆ ਅਤੇ ਕਾਤਲ ਜਗਮੀਤ ਸਿੰਘ ਉਰਫ ਗੋਰੀ ਪੁੱਤਰ ਧੀਰ ਸਿੰਘ ਵਾਸੀ ਮਹਿਰਾਜ ਵਾਲਾ ਨੂੰ ਗ੍ਰਿਫਤਾਰ ਕਰ ਲਿਆ। ਐੱਸ ਐੱਸ ਪੀ ਨੇ ਦੱਸਿਆ ਕਿ ਕਤਲ ਕਰਨ ਵਾਲੇ ਦੋਸ਼ੀ ਜਗਮੀਤ ਸਿੰਘ ਦੇ ਮਨਪ੍ਰੀਤ ਕੌਰ ਨਾਲ ਕਾਫੀ ਸਮੇਂ ਤੋਂ ਪ੍ਰੇਮ ਸੰਬੰਧ ਸਨ, ਪਰ ਦੋ ਸਾਲ ਪਹਿਲਾਂ ਜਗਮੀਤ ਸਿੰਘ ਦਾ ਵਿਆਹ ਹੋ ਗਿਆ ਸੀ ਤੇ ਉਸ ਦੇ ਇੱਕ ਬੱਚਾ ਹੈ। ਮਨਪ੍ਰੀਤ ਕੌਰ ਉਸ ਨੂੰ ਛੱਡਣਾ ਨਹੀਂ ਸੀ ਚਾਹੁੰਦੀ ਤੇ ਵਿਆਹ ਕਰਾਉਣ ਨੂੰ ਮਜਬੂਰ ਕਰਦੀ ਸੀ। ਇਸੇ ਤੋਂ ਪ੍ਰੇਸ਼ਾਨ ਜਗਮੀਤ ਸਿੰਘ ਨੇ ਉਸ ਨੂੰ ਕਤਲ ਕਰ ਦੇਣ ਦੀ ਵਿਉਂਤ ਬਣਾਈ। ਲਾਸ਼ ਨੂੰ ਖੁਰਦ ਬੁਰਦ ਕਰਨ ਲਈ ਉਸ ਨੂੰ ਆਪਣੀ ਮੋਟਰ ਸਾਈਕਲ 'ਤੇ ਰੱਖ ਕੇ ਨੇੜੇ ਨਹਿਰ ਵਿੱਚ ਸੁੱਟਣ ਲਈ ਲਿਜਾਣ ਦੀ ਕੋਸ਼ਿਸ਼ ਕੀਤੀ, ਪਰ ਉਹ ਮੋਟਰ ਸਾਈਕਲ 'ਤੇ ਲਿਜਾ ਨਹੀਂ ਸਕਿਆ ਤੇ ਖੇਤਾਂ ਵਿੱਚ ਸੁੱਟ ਕੇ ਫਰਾਰ ਹੋ ਗਿਆ ਅਤੇ ਘਰ ਜਾ ਕੇ ਖੂਨ ਨਾਲ ਲੱਥਪਥ ਕੱਪੜੇ ਵੀ ਸਾੜ ਦਿੱਤੇ, ਪਰ ਉਸ ਦੇ ਪੈਰ ਵਿੱਚ ਪਾਇਆ ਕੜਾ ਉਸ ਨੇ ਉਤਾਰਿਆ ਨਹੀਂ। ਸਵੇਰੇ ਪਿੰਡ ਵਾਲਿਆਂ ਨੂੰ ਪਤਾ ਲੱਗਾ ਕਿ ਲੜਕੀ ਦੀ ਲਾਸ਼ ਪਈ ਹੈ ਤਾਂ ਪਿੰਡ ਸੋਥਾ ਦੇ ਸਰਪੰਚ ਬਲਜੀਤ ਸਿੰਘ ਨੇ ਪੁਲਸ ਨੂੰ ਸੂਚਨਾ ਦਿੱਤੀ।


ਜ਼ਰੂਰ ਜਾਣੋ; ਗਿਆਨ ਗੰਗਾ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਇਦਟਿਅਟੌਨ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224



# ਨਾਗਰਿਕਤਾ ਸੋਧ ਕਾਨੂੰਨ ਪੂਰੇ ਦੇਸ਼ ਵਿੱਚ ਲਾਗੂ ਕਰ ਦਿੱਤਾ ਗਿਆ

* ਵਿਰੋਧ ਦੀ ਪ੍ਰਵਾਹ ਕੀਤੇ ਬਿਨਾਂ ਸਰਕਾਰ ਵੱਲੋਂ ਨੋਟੀਫਿਕੇਸ਼ਨ ਜਾਰੀ




ਨਵੀਂ ਦਿੱਲੀ, 12 ਜਨਵਰੀ, (ਪੋਸਟ ਬਿਊਰੋ)- ਨਾਗਰਿਕਤਾ ਸੋਧ ਕਾਨੂੰਨ ਭਾਰਤ ਵਿੱਚ ਲਾਗੂ ਹੋ ਗਿਆ ਹੈ। ਕੇਂਦਰ ਸਰਕਾਰ ਨੇ ਦੇਸ਼ ਵਿੱਚ ਇਸ ਕਾਨੂੰਨ ਨੂੰ 10 ਜਨਵਰੀ 2020 ਤੋਂ ਲਾਗੂ ਕਰ ਦਿੱਤਾ ਹੈ। ਕੇਂਦਰੀ ਗ੍ਰਹਿ ਮੰਤਰਾਲੇ ਨੇ ਇਸ ਦਾ ਨੋਟੀਫਿਕੇਸ਼ਨ ਜਾਰੀ ਕਰਦੇ ਹੋਏ ਕਿਹਾ ਕਿ ਇਸ ਕਾਨੂੰਨ ਹੇਠ ਪਾਕਿਸਤਾਨ, ਬੰਗਲਾ ਦੇਸ਼ ਅਤੇ ਅਫਗਾਨਿਸਤਾਨ ਤੋਂ ਆਏ ਗ਼ੈਰ-ਮੁਸਲਿਮ ਸ਼ਰਨਾਥੀਆਂ ਨੂੰ ਭਾਰਤੀ ਨਾਗਰਿਕਤਾ ਦੇ ਦਿੱਤੀ ਜਾਵੇਗੀ।

ਵਰਨਣ ਯੋਗ ਹੈ ਕਿ ਇਸ ਨਾਗਰਿਕਤਾ ਸੋਧ ਕਾਨੂੰਨ ਦੀ ਉਪ ਧਾਰਾ (2) ਹੇਠ ਕੇਂਦਰ ਸਰਕਾਰ ਨੇ 10 ਜਨਵਰੀ 2020 ਤੋਂ ਇਸ ਕਾਨੂੰਨ ਲਾਗੂ ਕਰਨ ਦਾ ਐਲਾਨ ਕੀਤਾ ਹੈ। ਇਹ ਨਾਗਰਿਕਤਾ ਕਾਨੂੰਨ ਪਾਰਲੀਮੈਂਟ ਨੇ 11 ਦਸੰਬਰ ਨੂੰ ਪਾਸ ਕੀਤਾ ਸੀ, ਜਿਸ ਹੇਠ ਪਾਕਿਸਤਾਨ, ਬੰਗਲਾ ਦੇਸ਼ ਅਤੇ ਅਫਗਾਨਿਸਤਾਨ ਤੋਂ 31 ਦਸੰਬਰ 2014 ਤਕ ਭਾਰਤ ਆਏ ਹਿੰਦੂ, ਸਿੱਖ, ਬੋਧੀ, ਜੈਨੀ, ਪਾਰਸੀ ਅਤੇ ਈਸਾਈ ਭਾਈਚਾਰੇ ਦੇ ਲੋਕਾਂ ਨੂੰ ਨਾਜਾਇਜ਼ ਰਫਿਊਜੀ ਨਹੀਂ ਕਿਹਾ ਜਾਵੇਗਾ। ਇਨ੍ਹਾਂ ਤਿੰਨ ਗੁਆਂਢੀ ਇਸਲਾਮਿਕ ਦੇਸ਼ਾਂ ਵਿੱਚ ਧਰਮ ਦੇ ਆਧਾਰ ਉੱਤੇ ਪਰੇਸ਼ਾਨ ਹੋਏ ਇਨ੍ਹਾਂ ਘੱਟ ਗਿਣਤੀਆਂ ਦੇ ਲੋਕਾਂ ਨੂੰ ਭਾਰਤੀ ਨਾਗਰਿਕਤਾ ਦੇ ਦਿੱਤੀ ਜਾਵੇਗੀ।

ਨਰਿੰਦਰ ਮੋਦੀ ਸਰਕਾਰ ਵੱਲੋਂ ਪਾਸ ਕੀਤੇ ਇਸ ਕਾਨੂੰਨ ਦੇ ਖ਼ਿਲਾਫ਼ ਸਾਰੇ ਦੇਸ਼ ਵਿੱਚ ਵਿਰੋਧ ਪ੍ਰਦਰਸ਼ਨ ਹੁੰਦੇ ਰਹੇ ਹਨ ਤੇ ਵਿਰੋਧ ਕਰਨ ਵਾਲਿਆਂ ਦਾ ਕਹਿਣਾ ਹੈ ਕਿ ਪਹਿਲੀ ਵਾਰ ਭਾਰਤ ਵਿੱਚ ਨਾਗਰਿਕਤਾ ਦਾ ਆਧਾਰ ਧਰਮ ਬਣਾਇਆ ਗਿਆ ਹੈ, ਜਿਸ ਨਾਲ ਦੇਸ਼ ਦੇ ਸੰਵਿਧਾਨ ਬੁਨਿਆਦੀ ਸੰਕਲਪ ਨੂੰ ਠੇਸ ਪਹੁੰਚੀ ਹੈ। ਕੇਂਦਰ ਸਰਕਾਰ ਤੇ ਦੇਸ਼ ਦੀ ਸਰਕਾਰ ਚਲਾ ਰਹੀ ਭਾਰਤੀ ਜਨਤਾ ਪਾਰਟੀ ਇਸ ਕਾਨੂੰਨ ਦੇ ਬਚਾਅ ਵਿੱਚ ਕਹਿੰਦੀ ਹੈ ਕਿ ਤਿੰਨ ਗੁਆਂਢੀ ਦੇਸ਼ਾਂ ਤੋਂ ਆਏ ਲੋਕਾਂ ਨੂੰ ਉਥੇ ਧਾਰਮਿਕ ਆਧਾਰ ਉੱਤੇ ਪਰੇਸ਼ਾਨ ਕੀਤਾ ਜਾਂਦਾ ਹੈ। ਇਨ੍ਹਾਂ ਲੋਕਾਂ ਕੋਲ ਆਪਣੀ ਜਾਨ ਤੇ ਸਨਮਾਨ ਨੂੰ ਬਚਾਉਣ ਲਈ ਭਾਰਤ ਦੇ ਇਲਾਵਾ ਕੋਈ ਬਦਲ ਨਹੀਂ ਹੈ। ਗ੍ਰਹਿ ਮੰਤਰਾਲੇ ਨੇ ਇਸ ਕਾਨੂੰਨ ਦੇ ਨਿਯਮ ਆਦਿ ਅਜੇ ਤੈਅ ਕਰਨੇ ਹਨ।

# ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਮਮਤਾ ਬੈਨਰਜੀ ਦੀ ਮੁਲਾਕਾਤ ਸੁਖਾਵੀਂ ਨਹੀਂ ਰਹੀ

* ਮਮਤਾ ਨੇ ਨਾਗਰਿਕਤਾ ਸੋਧ ਕਾਨੂੰਨ ਦੀ ਗੱਲ ਛੋਹੀ

* ਮੋਦੀ ਨੇ ਕਿਹਾ: ਦਿੱਲੀ ਆਇਓ, ਓਥੇ ਗੱਲ ਕਰਾਂਗੇ



ਕੋਲਕਾਤਾ, 12 ਜਨਵਰੀ, (ਪੋਸਟ ਬਿਊਰੋ)- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕੋਲਕਾਤਾ ਆਉਣ ਮੌਕੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਅੱਜ ਸ਼ਨਿਚਰਵਾਰ ਸ਼ਾਮ ਉਨ੍ਹਾਂ ਨਾਲ ਮੁਲਾਕਾਤ ਕੀਤੀ। ਨਰਿੰਦਰ ਮੋਦੀ ਕੋਲਕਾਤਾ ਪੋਰਟ ਟਰੱਸਟ ਦੇ 150ਵੇਂ ਸਾਲਾਨਾ ਸਮਾਗਮ ਵਿੱਚ ਹਿੱਸਾ ਲੈਣ ਲਈ ਆਏ ਹੋਏ ਸਨ। ਪਤਾ ਲੱਗਾ ਹੈ ਕਿ ਇਹ ਮੁਲਾਕਾਤ ਸੁਖਾਵੀਂ ਨਹੀਂ ਰਹੀ ਅਤੇ ਇਸ ਦੇ ਬਾਅਦ ਮਮਤਾ ਬੈਨਰਜੀ ਨੇ ਬਾਹਰ ਧਰਨਾ ਵੀ ਦਿੱਤਾ ਹੈ। ਪੱਛਮੀ ਬੰਗਾਲ ਰਾਜ ਭਵਨ ਵਿੱਚ ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਪਿੱਛੋਂ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ 'ਮੈਂ ਪ੍ਰਧਾਨ ਮੰਤਰੀ ਨੂੰ ਆਖਿਆ ਸੀ ਕਿ ਅਸੀਂ ਨਾਗਰਿਕਤਾ ਸੋਧ ਕਾਨੂੰਨ, ਐਨ ਆਰ ਸੀ ਅਤੇ ਐਨ ਪੀ ਆਰ ਲਾਗੂ ਕਰਨ ਦੇ ਖ਼ਿਲਾਫ਼ ਹਾਂ। ਮੈਂ ਉਨ੍ਹਾਂ ਨੂੰ ਕਿਹਾ ਕਿ ਉਹ ਇਹ ਤਿੰਨੇ ਮੁੱਦੇ ਵਾਪਸ ਲੈ ਲੈਣ, ਕਿਉਂਕਿ ਪੱਛਮੀ ਬੰਗਾਲ ਇਸ ਦੇ ਖ਼ਿਲਾਫ਼ ਹੈ। ਇਸ ਦਾ ਜਵਾਬ ਦਿੰਦਿਆਂ ਪ੍ਰਧਾਨ ਮੰਤਰੀ ਮੋਦੀ ਨੇ ਮੈਨੂੰ ਕਿਹਾ ਕਿ ਉਹ ਏਥੇ ਕਿਸੇ ਹੋਰ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਆਏ ਹਨ। ਇਸ ਮੁੱਦੇ ਉੱਤੇ ਦਿੱਲੀ ਵਿੱਚ ਗੱਲ ਹੋਵੇਗੀ। ਇਸ ਦੇ ਨਾਲ ਉਨ੍ਹਾ ਨੇ ਦਿੱਲੀ ਆਉਣ ਨੂੰ ਵੀ ਕਿਹਾ ਹੈ।' ਪ੍ਰਧਾਨ ਮੰਤਰੀ ਮੋਦੀ ਨਾਲ ਮੁਲਾਕਾਤ ਤੋਂ ਬਾਅਦ ਮਮਤਾ ਬੈਨਰਜੀ ਨੇ ਕੋਲਕਾਤਾ ਵਿੱਚ ਨਾਗਰਿਕਤਾ ਸੋਧ ਕਾਨੂੰਨ ਦੇ ਵਿਰੁੱਧ ਵਿਦਿਆਰਥੀਆਂ ਵੱਲੋਂ ਦਿੱਤੇ ਗਏ ਧਰਨੇ ਪ੍ਰਦਰਸ਼ਨ ਵਿੱਚ ਹਿੱਸਾ ਲਿਆ। ਇਸ ਧਰਨੇ ਵਿੱਚ ਜਾਣ ਦਾ ਮੁੱਖ ਮੰਤਰੀ ਦਾ ਪਹਿਲਾਂ ਦਾ ਪ੍ਰੋਗਰਾਮ ਸੀ ਜਾਂ ਇਸ ਮੁਲਾਕਾਤ ਦੇ ਕਾਰਨ ਅਚਾਨਕ ਬਣਾਇਆ ਗਿਆ ਸੀ, ਇਸ ਦਾ ਪਤਾ ਨਹੀਂ ਲੱਗ ਸਕਿਆ, ਪਰ ਪ੍ਰਧਾਨ ਮੰਤਰੀ ਨਾਲ ਅਣਸੁਖਾਵੀਂ ਮੁਲਾਕਾਤ ਦੀ ਹਰ ਪਾਸੇ ਚਰਚਾ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਨਿਚਰਵਾਰ ਨੂੰ ਦੋ ਰੋਜ਼ਾ ਦੌਰੇ ਵਾਸਤੇ ਕੋਲਕਾਤਾ ਵਿੱਚ ਕਈ ਪ੍ਰੋਗਰਾਮਾਂ ਦੇ ਸੰਬੰਧ ਵਿੱਚ ਆਏ ਹਨ। ਦੂਸਰੀ ਵਾਰ ਪ੍ਰਧਾਨ ਮੰਤਰੀ ਬਣਨ ਪਿੱਛੋਂ ਇਹ ਉਨ੍ਹਾਂ ਦਾ ਪਹਿਲਾ ਕੋਲਕਾਤਾ ਦੌਰਾ ਹੈ, ਜਿਸ ਨੂੰ ਵੇਖਦੇ ਹੋਏ ਉਨ੍ਹਾਂ ਖ਼ਿਲਾਫ਼ ਵਿਰੋਧ ਪ੍ਰਦਰਸ਼ਨ ਦੇ ਸ਼ੱਕ ਕਾਰਨ ਸੁਰੱਖਿਆ ਏਜੰਸੀਆਂ ਵੀ ਪੂਰੀ ਤਰ੍ਹਾਂ ਚੌਕਸ ਸਨ।

## ਪਾਕਿ ਫੌਜ ਦਾ ਬੈਟ ਸਕੁਆਡ ਭਾਰਤੀ ਫੌਜ ਦੇ ਕੁਲੀ ਦਾ ਸਿਰ ਵੱਢ ਕੇ ਲੈ ਗਿਆ

ਪੁਣਛ, 12 ਜਨਵਰੀ, (ਪੋਸਟ ਬਿਊਰੋ)- ਪਾਕਿਸਤਾਨੀ ਫ਼ੌਜ ਦਰਿੰਦਗੀ ਦੀ ਕਾਰਵਾਈ ਤੋਂ ਅਜੇ ਤੱਕ ਵੀ ਬਾਜ਼ ਨਹੀਂ ਆ ਰਹੀ। ਪੁਣਛ ਜ਼ਿਲ੍ਹੇ ਦੇ ਗੁਲਪੁਰ ਸੈਕਟਰ ਵਿੱਚ ਕੰਟਰੋਲ ਲਾਈਨ ਉੱਤੇ ਪਾਕਿਸਤਾਨੀ ਬਾਰਡਰ ਐਕਸ਼ਨ ਟੀਮ (ਬੈਟ) ਨੇ ਭਾਰਤੀ ਇਲਾਕੇ ਵਿਚ ਵੜ ਕੇ ਫ਼ੌਜ ਦੇ ਨਾਲ ਕੰਮ ਕਰਦੇ ਇਕ ਕੁਲੀ ਦਾ ਸਿਰ ਵੱਢ ਦਿੱਤਾ ਤੇ ਉਸ ਦੀ ਲਾਸ਼ ਨਾਲ ਵੀ ਛੇੜਛਾੜ ਕੀਤੀ ਹੈ। ਇਹ ਪਹਿਲਾ ਮੌਕਾ ਹੈ ਕਿ ਬੈਟ ਸਕੁਆਡ ਨੇ ਕਿਸੇ ਆਮ ਨਾਗਰਿਕ ਨਾਲ ਇਹ ਦਰਿੰਦਗੀ ਕੀਤੀ ਹੈ। ਇਸ ਮਾਮਲੇ ਵਿੱਚ ਦੋ ਕੁਲੀਆਂ ਦੀ ਮੌਤ ਅਤੇ ਤਿੰਨ ਹੋਰ ਜ਼ਖਮੀ ਹੋ ਗਏ ਸਨ। ਭਾਰਤੀ ਫ਼ੌਜ ਦੇ ਮੁਖੀ ਜਨਰਲ ਐੱਮ ਐੱਮ ਨਰਵਾਣੇ ਨੇ ਅੱਜ ਇਸ ਬਾਰੇ ਕਿਹਾ ਕਿ ਪੇਸ਼ੇਵਰ ਫ਼ੌਜਾਂ ਕਦੇ ਦਰਿੰਦਗੀ ਵਾਲੀਆਂ ਹਰਕਤਾਂ ਨਹੀਂ ਕਰਦੀਆਂ। ਅਸੀਂ ਇਸ ਸਥਿਤੀ ਨਾਲ ਫ਼ੌਜੀ ਤਰੀਕੇ ਨਾਲ ਨਿਪਟਾਂਗੇ। ਪੁਲਿਸ ਦੇ ਇਕ ਸੀਨੀਅਰ ਅਧਿਕਾਰੀ ਮੁਤਾਬਕ ਬੈਟ ਹਮਲੇ ਵਿੱਚ ਮਾਰੇ ਗਏ ਕੁਲੀ ਮੁਹੰਮਦ ਅਸਲਮ (28) ਦਾ ਸਿਰ ਗਾਇਬ ਹੈ ਤੇ ਲਾਸ਼ ਖਰਾਬ ਕੀਤੀ ਗਈ ਹੈ।

## ਟਾਟਾ ਸੰਨਜ਼ ਵਿੱਚ ਸਾਇਰਸ ਮਿਸਤਰੀ ਦੀ ਬਹਾਲੀ ਉਤੇ ਸੁਪਰੀਮ ਕੋਰਟ ਨੇ ਰੋਕ ਲਾਈ

ਨਵੀਂ ਦਿੱਲੀ, 12 ਜਨਵਰੀ, (ਪੋਸਟ ਬਿਊਰੋ)- ਸਾਇਰਸ ਮਿਸਤਰੀ ਨੂੰ ਟਾਟਾ ਗਰੁੱਪ ਦੇ ਕਾਰਜਕਾਰੀ ਚੇਅਰਮੈਨ ਵਜੋਂ ਬਹਾਲ ਕਰਨ ਦੇ ਨੈਸ਼ਨਲ ਕੰਪਨੀ ਲਾਅ ਐਪੀਲੇਟ ਟ੍ਰਿਬਿਊਨਲ (ਐਨਕਲੈਟ) ਦੇ ਫ਼ੈਸਲੇ 'ਤੇ ਸੁਪਰੀਮ ਕੋਰਟ ਨੇ ਰੋਕ ਲਗਾ ਦਿੱਤੀ ਹੈ। ਕੋਰਟ ਦਾ ਕਹਿਣਾ ਹੈ ਕਿ ਟ੍ਰਿਬਿਊਨਲ ਦੇ ਫ਼ੈਸਲੇ 'ਚ ਖਾਮੀਆਂ ਹਨ।

ਇਸ ਫ਼ੈਸਲੇ ਖ਼ਿਲਾਫ਼ ਟਾਟਾ ਸੰਨਜ਼ ਨੇ ਸੁਪਰੀਮ ਕੋਰਟ 'ਚ ਪਟੀਸ਼ਨ ਦਾਖਲ ਕੀਤੀ ਸੀ, ਜਿਸ ਉੱਤੇ ਚੀਫ ਜਸਟਿਸ ਐਸ ਏ ਬੋਬੜੇ, ਜਸਟਿਸ ਬੀ ਆਰ ਗਵਈ ਅਤੇ ਜਸਟਿਸ ਸੂਰੀਆਕਾਂਤ ਦੇ ਬੈਂਚ ਨੇ ਸੁਣਵਾਈ ਕੀਤੀ। ਟ੍ਰਿਬਿਊਨਲ ਨੇ ਸਾਇਰਸ ਇਨਵੈਸਟਮੈਂਟ ਪ੍ਰਾਈਵੇਟ ਲਿਮਟਡ ਅਤੇ ਸਾਇਰਸ ਮਿਸਤਰੀ ਨੂੰ ਰਾਹਤ ਦਿੰਦਿਆਂ 18 ਦਸੰਬਰ ਦੇ ਫ਼ੈਸਲੇ 'ਚ ਸਾਇਰਸ ਮਿਸਤਰੀ ਨੂੰ ਟਾਟਾ ਗਰੁੱਪ ਦੇ ਕਾਰਜਕਾਰੀ ਚੇਅਰਮੈਨ ਦੇ ਅਹੁਦੇ 'ਤੇ ਬਹਾਲ ਕਰਨ ਦਾ ਹੁਕਮ ਦਿੱਤਾ ਸੀ ਅਤੇ ਨਾਲ ਹੀ ਚੇਅਰਮੈਨ ਦੇ ਰੂਪ 'ਚ ਚੰਦਰਸ਼ੇਖਰਨ ਦੀ ਨਿਯੁਕਤੀ ਨੂੰ ਗ਼ੈਰ ਕਾਨੂੰਨੀ ਦੱਸਿਆ ਸੀ। ਟਾਟਾ ਸਨਸ ਨੇ ਟ੍ਰਿਬਿਊਨਲ ਦੇ ਇਸ ਫ਼ੈਸਲੇ ਵਿਰੁੱਧ ਸੁਪਰੀਮ ਕੋਰਟ 'ਚ ਅਰਜ਼ੀ ਦਿੱਤੀ ਸੀ। ਟਾਟਾ ਸੰਨਸ ਦਾ ਕਹਿਣਾ ਸੀ, 'ਮਾਮਲਾ ਨਤੀਜਿਆਂ ਤੱਕ ਪਹੁੰਚਾਉਣ ਦੀ ਥਾਂ ਟ੍ਰਿਬਿਊਨਲ ਦੇ ਫ਼ੈਸਲੇ ਨੇ ਕਈ ਨਾ ਖ਼ਤਮ ਹੋਣ ਵਾਲੀ ਸਮੱਸਿਆ ਦਾ ਬੀਅ ਬੀਜ ਦਿੱਤਾ ਅਤੇ ਸ਼ੇਅਰ ਧਾਰਕਾਂ ਵਿਚਕਾਰ ਟਕਰਾਅ ਦੀ ਸਥਿਤੀ ਬਣਾ ਦਿੱਤੀ ਹੈ।' ਟਾਟਾ ਸੰਨਜ਼ ਨੇ ਕਾਨੂੰਨੀ ਪੱਖਾਂ ਨੂੰ ਆਧਾਰ ਬਣਾ ਕੇ ਫ਼ੈਸਲੇ 'ਤੇ ਸਵਾਲ ਉਠਾਇਆ ਸੀ। ਪਟੀਸ਼ਨ 'ਤੇ ਸੁਣਵਾਈ ਵੇਲੇ ਸਾਇਰਸ ਇਨਵੈਸਟਮੈਂਟ ਦੇ ਵਕੀਲ ਸੀ ਏ ਸੁੰਦਰਮ ਨੇ ਅਦਾਲਤ ਨੂੰ ਕਿਹਾ ਕਿ ਟ੍ਰਿਬਿਊਨਲ ਫ਼ੈਸਲੇ 'ਤੇ ਰੋਕ ਲਾਉਣ ਦੀ ਥਾਂ ਨੋਟਿਸ ਜਾਰੀ ਕਰ ਕੇ ਦੋ ਹਫ਼ਤਿਆਂ 'ਚ ਜਵਾਬ ਮੰਗਿਆ ਜਾਣਾ ਚਾਹੀਦਾ ਹੈ। ਸੁਪਰੀਮ ਕੋਰਟ ਨੇ ਇਸ ਨੂੰ ਰੱਦ ਨਹੀਂ ਕੀਤਾ ਅਤੇ ਕਿਹਾ ਕਿ ਟ੍ਰਿਬਿਊਨਲ ਦੇ ਹੁਕਮ 'ਚ ਕਮੀਆਂ ਹਨ ਅਤੇ ਇਸ ਦੀ ਅਗਲੀ ਸੁਣਵਾਈ ਚਾਰ ਹਫ਼ਤੇ ਬਾਅਦ ਹੋਵੇਗੀ।

# ਸਰਕਾਰ ਨੇ ਰਿਜ਼ਰਵ ਬੈਂਕ ਕੋਲੋਂ 45 ਹਜ਼ਾਰ ਕਰੋੜ ਦੀ ਹੋਰ ਮਦਦ ਮੰਗੀ




ਨਵੀਂ ਦਿੱਲੀ, 12 ਜਨਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਦਾ ਖ਼ਜ਼ਾਨਾ ਬਹੁਤ ਤੇਜ਼ੀ ਨਾਲ ਖਾਲੀ ਹੋ ਰਿਹਾ ਹੈ ਅਤੇ ਕਮਾਈ ਆਸ ਤੋਂ ਘੱਟ ਹੋਣ ਕਾਰਨ ਖਰਚ ਪੂਰਾ ਕਰਨ 'ਚ ਪ੍ਰੇਸ਼ਾਨੀ ਹੋ ਰਹੀ ਹੈ। ਇਸ ਲਈ ਸਰਕਾਰ ਨੇ ਇੱਕ ਵਾਰ ਫਿਰ ਤੋਂ ਰਿਜ਼ਰਵ ਬੈਂਕ ਤੋਂ ਮਦਦ ਮੰਗਣ ਲਈ ਹੱਥ ਅੱਗੇ ਵਧਾਇਆ ਹੈ।

ਇੱਕ ਨਿਊਜ਼ ਏਜੰਸੀ ਰਾਈਟਰਸ ਦੇ ਮੁਤਾਬਕ ਰਿਜ਼ਰਵ ਬੈਂਕ ਤੋਂ ਚਾਲੂ ਵਿੱਤੀ ਸਾਲ (2019-20) ਲਈ ਕੇਂਦਰ ਸਰਕਾਰ ਨੂੰ ਪਹਿਲਾਂ 1.76 ਲੱਖ ਕਰੋੜ ਰੁਪਏ ਜਾਰੀ ਕੀਤੇ ਸਨ। ਇਸ ਵਿੱਤੀ ਸਾਲ ਵਿੱਚ ਅੱਜ ਤਕ 1,23,414 ਕਰੋੜ ਰੁਪਏ ਜਾਰੀ ਕੀਤੇ ਜਾ ਚੁੱਕੇ ਹਨ, ਜੋ ਅੱਜ ਤਕ ਇੱਕ ਸਾਲ 'ਚ ਕੀਤੇ ਗਏ ਟਰਾਂਸਫਰ ਵਿੱਚ ਸਭ ਤੋਂ ਵੱਧ ਹਨ। ਇਸ ਦੇ ਇਲਾਵਾ ਰਿਜ਼ਰਵ ਬੈਂਕ ਨੇ ਇੱਕ ਵਾਰ 52,637 ਕਰੋੜ ਰੁਪਏ ਵੱਖਰੇ ਟਰਾਂਸਫਰ ਕੀਤੇ ਸਨ, ਜਿਸ ਦਾ ਵਿਵਾਦ ਹੋਇਆ ਸੀ। ਵਿੱਤੀ ਸਾਲ 2019-20 ਲਈ ਸਰਕਾਰ ਨੇ ਰੈਵੇਨਿਊ ਟੀਚਾ 19.6 ਲੱਖ ਕਰੋੜ ਰੁਪਏ ਰੱਖਿਆ ਸੀ, ਪਰ ਆਰਥਿਕ ਸੁਸਤੀ ਹੇਠ ਕਮਾਈ ਆਸ ਮੁਤਾਬਕ ਨਹੀਂ ਹੋਈ। ਕਾਰਪੋਰੇਟ ਟੈਕਸ ਰੇਟ 'ਚ ਕਟੌਤੀ ਕਾਰਨ ਹਰ ਸਾਲ ਖ਼ਜ਼ਾਨੇ 'ਤੇ 1.5 ਲੱਖ ਕਰੋੜ ਦਾ ਬੋਝ ਵਧਿਆ ਹੈ ਅਤੇ ਜੀ ਐਸ ਟੀ ਵੱਲੋਂ ਵੀ ਹਰ ਮਹੀਨੇ ਆਸ ਮੁਤਾਬਕ ਕਮਾਈ ਨਹੀਂ ਹੋ ਰਹੀ।

ਇਸ ਕੇਸ ਨਾਲ ਜੁੜੇ ਸੂਤਰਾਂ ਮੁਤਾਬਕ ਭਾਰਤ ਸਰਕਾਰ ਰਿਜ਼ਰਵ ਬੈਂਕ ਨੂੰ ਇਹ ਕਹੇਗੀ ਕਿ ਸਾਲ 2019-20 ਨੂੰ ਇੱਕ ਵੱਖਰੇ ਕੇਸ ਮੰਨ ਕੇ ਬੈਂਕ ਦੇ ਲਾਭ ਦਾ ਹਿੱਸਾ ਜਾਰੀ ਕਰੇ। ਸਰਕਾਰ 35000-45000 ਕਰੋੜ ਰੁਪਏ ਰਿਜ਼ਰਵ ਬੈਂਕ ਤੋਂ ਮਦਦ ਮੰਗ ਸਕਦੀ ਹੈ। ਇਸ ਸਾਲ ਗਰੋਥ ਦਰ ਘੱਟ ਕੇ ਪੰਜ ਫੀਸਦੀ 'ਤੇ ਆ ਚੁੱਕਾ ਹੈ। ਨਵੰਬਰ ਮਹੀਨੇ 'ਚ ਮੈਨੂਫੈਕਚਰਿੰਗ ਸੈਕਟਰ ਵਿੱਚ ਤੇਜ਼ੀ ਆਈ ਹੈ, ਪਰ ਅਗਲੇ ਦਿਨਾਂ ਵਿੱਚ ਇਹ ਦੋ ਫੀਸਦੀ ਦਰ ਨਾਲ ਵਿਕਾਸ ਕਰੇਗਾ, ਜੋ ਪਿਛਲੇ ਸਾਲ ਕਰੀਬ ਛੇ ਫੀਸਦੀ ਦੀ ਦਰ ਨਾਲ ਵਿਕਾਸ ਕਰਦਾ ਸੀ। ਇਸ ਦਾ ਅਸਰ ਸਰਕਾਰ ਦੀ ਕਮਾਈ 'ਤੇ ਹੋਵੇਗਾ।

# ਪਾਕਿਸਤਾਨ ਵਿੱਚ ਦਹੇਜ ਮੰਗਿਆ ਸੀ, ਭਾਰਤ ਵਿੱਚ ਸਜਾ ਨਹੀਂ ਹੋ ਸਕਦੀ



ਨਵੀਂ ਦਿੱਲੀ, 12 ਜਨਵਰੀ (ਪੋਸਟ ਬਿਊਰੋ)- ਮੱਧ ਪ੍ਰਦੇਸ਼ ਦੇ ਇੰਦੌਰ ਵਿੱਚ ਸੈਸ਼ਨ ਕੋਰਟ ਨੇ ਇਸ ਟਿਪਣੀ ਨਾਲ ਫਸਟ ਕਲਾਸ ਜੱਜ ਦਾ ਫ਼ੈਸਲਾ ਪਲਟ ਦਿੱਤਾ ਕਿ ਪਾਕਿਸਤਾਨ ਵਿੱਚ ਦਹੇਜ ਮੰਗਣ ਬਦਲੇ ਦੋਸ਼ੀ ਨੂੰ ਭਾਰਤ ਦੀ ਕੋਰਟ ਤੋਂ ਸਜਾ ਨਹੀਂ ਹੋ ਸਕਦੀ। ਫਸਟ ਕਲਾਸ ਮੈਜਿਸਟਰੇਟ ਨੇ ਦੋਸ਼ੀਆਂ ਨੂੰ ਇੱਕ ਸਾਲ ਦੀ ਸਜਾ ਸੁਣਾਈ ਸੀ।

ਇਹ ਮਾਮਲਾ ਪਾਕਿਸਤਾਨੀ ਨਾਗਰਿਕ ਸੰਦੀਪ ਪਰਿਆਨੀ ਅਤੇ ਉਸ ਦੀ ਪਤਨੀ ਸਨਮ ਦਾ ਹੈ। ਦੋਵਾਂ ਦਾ ਵਿਆਹ ਜਨਵਰੀ 2012 ਵਿੱਚ ਪਾਕਿਸਤਾਨ ਦੇ ਸਿੰਧ ਪ੍ਰਾਂਤ ਦੇ ਜੈਕਬਾਬਾਦ ਵਿੱਚ ਹੋਇਆ ਸੀ। ਵਿਆਹ ਦੇ ਬਾਅਦ ਇਹ ਪਰਵਾਰ ਪਾਕਿਸਤਾਨ ਤੋਂ ਭਾਰਤ ਆ ਗਿਆ। ਕਰੀਬ ਡੇਢ ਸਾਲ ਬਾਅਦ ਸਨਮ ਨੇ ਪਤੀ ਸੰਦੀਪ, ਸੱਸ ਪੂਨਮ ਅਤੇ ਸਹੁਰਾ ਦੀਵਾਨ ਚੰਦ ਦੇ ਖ਼ਿਲਾਫ਼ ਧਾਰਾ 498 ਏ (ਦਹੇਜ ਦੀ ਮੰਗ) ਦੀ ਸ਼ਿਕਾਇਤ ਦਰਜ ਕਰਵਾਈ। ਉਸ ਦਾ ਕਹਿਣਾ ਸੀ ਕਿ ਦੋਸ਼ੀਆਂ ਨੇ ਦੋ ਲੱਖ ਰੁਪਏ ਦਹੇਜ ਲਿਆਉਣ ਲਈ ਦਬਾਅ ਬਣਾਇਆ ਸੀ। ਇਸ ਸ਼ਿਕਾਇਤ ਉੱਤੇ ਪੁਲਸ ਨੇ ਦੋਸ਼ੀਆਂ ਦੇ ਖ਼ਿਲਾਫ਼ ਦਹੇਜ ਲਈ ਤੰਗ ਕਰਨ ਦਾ ਕੇਸ ਦਰਜ ਕਰ ਲਿਆ ਸੀ। ਬਚਾਅ ਪੱਖ ਦੀ ਦਲੀਲ ਸੀ ਕਿ ਵਿਆਹ ਪਾਕਿਸਤਾਨ ਵਿੱਚ ਹੋਇਆ ਸੀ, ਜਿਨ੍ਹਾਂ ਤਰੀਕਾਂ 'ਤੇ ਦਹੇਜ ਮੰਗਣ ਦਾ ਦੋਸ਼ ਲੱਗਾ ਹੈ, ਉਨ੍ਹਾਂ ਦਿਨਾਂ ਵਿੱਚ ਉਹ ਪਾਕਿਸਤਾਨ ਵਿੱਚ ਸੀ। ਜਦੋਂ ਵਿਆਹ ਹੀ ਭਾਰਤ ਵਿੱਚ ਨਹੀਂ ਹੋਇਆ, ਦਹੇਜ ਇਥੇ ਨਹੀਂ ਮੰਗਿਆ ਗਿਆ ਤਾਂ ਇਥੇ ਦੀ ਕੋਰਟ ਸਜਾ ਕਿਸ ਤਰ੍ਹਾਂ ਸੁਣਾ ਸਕਦੀ ਹੈ। ਸੈਸ਼ਨ ਕੋਰਟ ਨੇ ਇਸ ਨਾਲ ਸਹਿਮਤ ਹੁੰਦੇ ਹੋਏ ਦੋਸ਼ੀਆਂ ਨੂੰ ਬਰੀ ਕਰ ਦਿੱਤਾ।

## ਕੇਰਲ ਵਿਚਲੇ ਦੋ ਗੈਰ ਕਾਨੂੰਨੀ ਲਗਜ਼ਰੀ ਅਪਾਰਟਮੈਂਟ ਡੇਗੇ ਗਏ

ਕੋਚੀ, 12 ਜਨਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਹੁਕਮਾਂ 'ਤੇ ਕੱਲ੍ਹ ਕੇਰਲ ਵਿੱਚ ਮਰਾਦੂ ਨਗਰ ਪਾਲਿਕਾ ਹੇਠ ਦੋ ਗ਼ੈਰ ਕਾਨੂੰਨੀ ਲਗਜ਼ਰੀ ਅਪਾਰਟਮੈਂਟਾਂ ਨੂੰ ਢਾਹ ਦਿੱਤਾ ਗਿਆ। ਇਨ੍ਹਾਂ ਨੂੰ ਸਮੁੰਦਰੀ ਕੰਢੇ ਦੇ ਰਿਜ਼ਰਵ ਜ਼ੋਨ ਦੇ ਮਾਪਦੰਡਾਂ ਦੀ ਉਲੰਘਣਾ ਕਰ ਕੇ ਬਣਾਇਆ ਗਿਆ ਸੀ ਤੇ ਕੋਰਟ ਨੇ ਢਾਹੁਣ ਦਾ ਹੁਕਮ ਦਿੱਤਾ ਸੀ। ਇਸ ਸੰਬੰਧ ਵਿੱਚ ਮਿਲੀ ਰਿਪੋਰਟ ਮੁਤਾਬਕ ਬਹੁ ਮੰਜ਼ਿਲਾ 'ਹੋਲੀ ਫੇਥ ਐੱਚ 2ਓ' ਅਤੇ 'ਅਲਫਾ ਸਰੀਨ' ਵਾਲੇ ਅਪਾਰਟਮੈਂਟਸ ਨੂੰ ਵਿਸਫੋਟਕ ਲਾ ਕੇ ਢਾਹ ਦਿੱਤਾ ਗਿਆ। ਸੁਪਰੀਮ ਕੋਰਟ ਦੇ ਹੁਕਮਾਂ ਮੁਤਾਬਕ ਦੋ ਹੋਰ ਅਪਾਰਟਮੈਂਟਸ 'ਜੈਨ ਕੋਰਲ ਕੋਵ' ਅਤੇ 'ਗੋਲਡਨ ਕਲੇਰੈਸ' ਨੂੰ ਵੀ ਢਾਹਿਆ ਜਾਵੇਗਾ। ਕੱਲ੍ਹ ਦੋਵੇਂ ਲਗਜ਼ਰੀ ਅਪਾਰਟਮੈਂਟਾਂ ਨੂੰ ਡਿੱਗਦਾ ਦੇਖਣ ਲਈ ਹਜ਼ਾਰਾਂ ਲੋਕ ਇਕੱਠੇ ਹੋਏ ਸਨ। ਇਸ ਦੌਰਾਨ ਦੋਵੇਂ ਅਪਾਰਟਮੈਂਟਾਂ ਤੋਂ 200 ਮੀਟਰ ਦੇ ਘੇਰੇ ਵਿੱਚ ਹੋਰਨਾਂ ਇਮਾਰਤਾਂ ਨੂੰ ਸੁਰੱਖਿਆ ਵਜੋਂ ਖਾਲੀ ਕਰਵਾ ਲਿਆ ਗਿਆ ਸੀ।

# ਦਿੱਲੀ ਦੀ ਹਿੰਸਾ ਬਾਰੇ ਪੁਲਸ ਦਾ ਬਿਆਨ ਤੇ ਸਟਿੰਗ ਅਪਰੇਸ਼ਨ ਦੀ ਰਿਪੋਰਟ ਵੱਖੋ ਵੱਖਰੀ




ਨਵੀਂ ਦਿੱਲੀ, 12 ਜਨਵਰੀ, (ਪੋਸਟ ਬਿਊਰੋ)- ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ ਐਨ ਯੂ) ਵਿੱਚ ਹੋਈ ਹਿੰਸਾ ਦੇ ਸਵਾਲ ਉੱਤੇ ਦੋ ਗੱਲਾਂ ਇਕੱਠੀਆਂ ਸਾਹਮਣੇ ਆਈਆਂ ਹਨ। ਇਕ ਪਾਸੇ ਦਿੱਲੀ ਪੁਲਸ ਨੇ ਇਸ ਦਾ ਦੋਸ਼ ਵਿਦਿਆਰਥੀ ਆਗੂਆਂ ਤੇ ਉਨ੍ਹਾਂ ਦੇ ਸਮਰਥਕਾਂ ਉੱਤੇ ਥੱਪ ਦਿੱਤਾ ਹੈ ਅਤੇ ਦੂਸਰੇ ਪਾਸੇ ਇੱਕ ਮੀਡੀਆ ਚੈਨਲ ਦੇ ਸਟਿੰਗ ਅਪਰੇਸ਼ਨ ਦੇ ਮੁਤਾਬਕ ਇਸ ਦੀ ਜ਼ਿੰਮੇਵਾਰੀ ਭਾਜਪਾ ਪੱਖੀ ਜਥੇਬੰਦੀ ਦਾ ਇੱਕ ਆਗੂ ਆਪਣੇ ਸਿਰ ਲੈ ਰਿਹਾ ਹੈ।

ਅੱਜ ਸ਼ੁੱਕਰਵਾਰ ਨੂੰ ਦਿੱਲੀ ਪੁਲਸ ਨੇ ਪ੍ਰੈੱਸ ਕਾਨਫਰੰਸ ਕਰ ਕੇ ਕਿਹਾ ਕਿ ਜੇ ਐਨ ਯੂ ਹਿੰਸਾ ਵਿੱਚ ਵਿਦਿਆਰਥੀ ਸ਼ਾਮਲ ਸਨ। ਪੁਲਸ ਅਧਿਕਾਰੀਆਂ ਨੇ ਕਿਹਾ ਕਿ ਜੇ ਐਨ ਯੂ ਹਿੰਸਾ ਦੀ ਸ਼ੁਰੂਆਤ ਇੱਕ ਜਨਵਰੀ ਨੂੰ ਹੋਈ ਸੀ। ਪੁਲਸ ਦੀ ਕ੍ਰਾਈਮ ਬਰਾਂਚ ਦੇ ਡੀ ਸੀ ਪੀ ਮੁਤਾਬਕ ਜੇ ਐਨ ਯੂ ਹਿੰਸਾ ਕੇਸ ਦੀ ਜਾਂਚ ਬਾਰੇ ਗਲਤ ਸੂਚਨਾ ਫੈਲਾਈ ਗਈ ਹੈ। ਇੱਕ ਜਨਵਰੀ ਤੋਂ 5 ਜਨਵਰੀ ਤੱਕ ਰਜਿਸਟਰੇਸ਼ਨ ਸੀ। ਐੱਸ ਐੱਫ ਆਈ (ਸਟੂਡੈਂਟਸ ਫੈਡਰੇਸ਼ਨ ਆਫ ਇੰਡੀਆ), ਏ ਆਈ ਐੱਸ ਐੱਫ (ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ), ਏ ਆਈ ਐੱਸ ਐੱਫ (ਆਲ ਇੰਡੀਆ ਸਟੂਡੈਂਟਸ ਫੈਡਰੇਸ਼ਨ) ਅਤੇ ਡੀ ਐੱਸ ਐੱਫ (ਡੈਮੋਕ੍ਰੇਟਿਕ ਸਟੂਡੈਂਟਸ ਫੈਡਰੇਸ਼ਨ) ਆਦਿ ਸੰਗਠਨਾਂ ਨੇ ਵਿਦਿਆਰਥੀਆਂ ਨੂੰ ਰਜਿਸਟਰੇਸ਼ਨ ਕਰਨ ਤੋਂ ਰੋਕਿਆ ਤੇ ਧਮਕਾਇਆ ਸੀ। ਇਸ ਮਗਰੋਂ ਵਿਵਾਦ ਵਧਦ ਗਿਆ ਅਤੇ 5 ਜਨਵਰੀ ਨੂੰ ਪੇਰੀਆਰ ਅਤੇ ਸਾਬਰਮਤੀ ਹੋਸਟਲਾਂ ਵਿੱਚ ਕੁਝ ਕਮਰਿਆਂ ਵਿੱਚ ਹਮਲਾ ਕੀਤਾ ਗਿਆ। ਪੁਲਸ ਕ੍ਰਾਈਮ ਬਰਾਂਚ ਦੇ ਡੀ ਸੀ ਪੀ ਨੇ ਕਿਹਾ ਕਿ ਜੇ ਐਨ ਯੂ ਵਿੱਚ ਹਿੰਸਾ ਕਰਨ ਲਈ ਵਟਸਐਪ ਗਰੁੱਪ ਵੀ ਬਣਾਏ ਗਏ। ਨਕਾਬਪੋਸ਼ ਜਾਣਦੇ ਸਨ ਕਿ ਉਨ੍ਹਾਂ ਨੇ ਕਿਸ-ਕਿਸ ਕਮਰੇ ਵਿੱਚ ਜਾਣਾ ਹੈ। ਹਿੰਸਾ ਦੇ ਸੀ ਸੀ ਟੀ ਵੀ ਫੁਟੇਜ ਨਹੀਂ ਮਿਲੇ, ਪਰ ਵਾਇਰਲ ਵੀਡੀਓ ਤੋਂ ਦੋਸ਼ੀਆਂ ਦੀ ਪਛਾਣ ਹੋਈ ਅਤੇ ਅਸੀਂ 30-32 ਗਵਾਹਾਂ ਨਾਲ ਗੱਲ ਕੀਤੀ ਹੈ। ਪੁਲਸ ਅਨੁਸਾਰ ਜੇ ਐਨ ਯੂ ਵਿੱਚ ਹਿੰਸਾ ਵਿੱਚ ਜਿਹੜੇ ਵਿਦਿਆਰਥੀਆਂ ਦੀ ਪਛਾਣ ਹੋਈ ਹੈ, ਉਨ੍ਹਾਂ ਵਿੱਚੋਂ ਚੁਨਚੁਨ ਕੁਮਾਰ, ਪੰਕਜ ਮਿਸ਼ਰਾ, ਆਇਸ਼ੀ ਘੋਸ਼, ਯੋਗੇਂਦਰ ਭਾਰਦਵਾਜ, ਪ੍ਰਿਯਾ ਰੰਜਨ, ਵਿਕਾਸ ਪਟੇਲ, ਡੋਲਨ ਸਾਵੰਤ, ਸੁਚੇਤਾ ਤਾਲੁਕਦਾਰ, ਵਸਕਰ ਵਿਜੇ ਆਦਿ ਦੇ ਨਾਂਅ ਸ਼ਾਮਲ ਹਨ।

ਵਰਨਣ ਯੋਗ ਹੈ ਕਿ ਐਤਵਾਰ ਰਾਤ ਜੇ ਐਨ ਯੂ ਵਿੱਚ ਨਕਾਬਪੋਸ਼ ਹਮਲਾਵਰਾਂ ਨੇ ਵਿਦਿਆਰਥੀਆਂ ਉੱਤੇ ਹਮਲਾ ਕੀਤਾ ਸੀ, ਜਿਸ ਵਿੱਚ ਜੇ ਐਨ ਯੂ ਵਿਦਿਆਰਥੀ ਯੂਨੀਅਨ ਦੀ ਪ੍ਰਧਾਨ ਆਇਸ਼ੀ ਘੋਸ਼ ਸਮੇਤ ਕਈ ਵਿਦਿਆਰਥੀ ਜ਼ਖਮੀ ਹੋਏ ਸਨ। ਇਸ ਹਮਲੇ ਵਿੱਚ ਆਇਸ਼ੀ ਘੋਸ਼ ਦੇ ਸਿਰ ਤੇ ਹੱਥ ਉੱਤੇ ਗੰਭੀਰ ਸੱਟਾਂ ਲੱਗੀਆਂ ਸਨ।

ਦੂਸਰੇ ਪਾਸੇ 'ਆਜ ਤਕ' ਨੇ ਇਕ ਸਟਿੰਗ ਆਪਰੇਸ਼ਨ ਕੀਤਾ ਹੈ, ਜਿਸ ਵਿੱਚ ਹਿੰਸਾ ਫੈਲਾਉਣ ਵਾਲਿਆਂ ਨੇ ਖੁਦ ਹਿੰਸਾ ਕਰਨ ਦੀ ਗੱਲ ਮੰਨੀ ਹੈ। ਆਪਣੇ ਆਪ ਨੂੰ ਏ ਬੀ ਵੀ ਪੀ ਦਾ ਵਰਕਰ ਦੱਸਦਾ ਅਕਸ਼ਤ ਅਵਸਥੀ ਵੀ ਹਮਲੇ ਵਿੱਚ ਸ਼ਾਮਲ ਸੀ। ਉਸ ਨੇ ਖੁਦ ਹਿੰਸਾ ਵਿੱਚ ਸ਼ਾਮਲ ਹੋਣਾ ਮੰਨਿਆ ਹੈ। ਹਮਲੇ ਵੇਲੇ ਅਕਸ਼ਤ ਨੇ ਹੈਲਮੇਟ ਪਹਿਨਿਆ ਸੀ। ਉਸ ਨੇ ਦੱਸਿਆ ਕਿ 20 ਲੋਕ ਜੇ ਐਨ ਯੂ ਦੇ ਅਤੇ 20 ਬਾਹਰੋਂ ਸੱਦੇ ਗਏ ਸਨ। ਅਕਸ਼ਤ ਜੇ ਐਨ ਯੂ ਵਿੱਚ ਬੀ ਏ (ਫਰੈਂਚ) ਦਾ ਫਸਟ ਈਅਰ ਦਾ ਵਿਦਿਆਰਥੀ ਹੈ। ਸਟਿੰਗ ਆਪਰੇਸ਼ਨ ਵਿੱਚ ਉਸ ਨੂੰ ਕਹਿੰਦੇ ਸੁਣਿਆ ਗਿਆ ਕਿ ਉਸ ਕੋਲ ਡੰਡਾ ਸੀ ਅਤੇ ਕਈ ਲੋਕਾਂ ਨੂੰ ਉਸ ਨੇ ਕੁੱਟਿਆ। ਅਕਸ਼ਤ ਅਵਸਥੀ ਨੇ ਦੱਸਿਆ ਕਿ ਪਹਿਲਾਂ ਪੇਰੀਆਰ ਵਿੱਚ ਹਮਲਾ ਹੋਇਆ, ਉਸ ਤੋਂ ਬਾਅਦ ਲੋਕ ਸਾਬਰਮਤੀ ਹੋਸਟਲ ਵੱਲ ਭੱਜੇ ਤਾਂ ਸਾਬਰਮਤੀ ਵਿੱਚ ਹਮਲਾ ਕੀਤਾ ਗਿਆ। ਖੱਬੇ ਪੱਖੀ ਵਿਦਿਆਰਥੀਆਂ ਨੂੰ ਅੰਦਾਜ਼ਾ ਵੀ ਨਹੀਂ ਸੀ ਕਿ ਏ ਬੀ ਵੀ ਪੀ ਪਲਟ ਵਾਰ ਕਰੇਗੀ।

ਇਸ ਸਟਿੰਗ ਅਪਰੇਸ਼ਨ ਦੇ ਬਾਵਜੂਦ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੀ ਹਿੰਸਾ ਬਾਰੇ ਦਿੱਲੀ ਪੁਲਸ ਵੱਲੋਂ ਸ਼ੱਕੀ ਹਮਲਾਵਰ ਦੇ ਰੂਪ ਵਿੱਚ ਪੇਸ਼ ਕੀਤੇ ਜਾਣ ਉੱਤੇ ਯੂਨੀਵਰਸਿਟੀ ਵਿਦਿਆਰਥੀਆਂ ਦੀ ਚੁਣੀ ਹੋਈ ਪ੍ਰਧਾਨ ਆਇਸ਼ੀ ਘੋਸ਼ ਨੇ ਕਿਹਾ ਕਿ 'ਮੈਨੂੰ ਦੇਸ਼ ਦੇ ਕਾਨੂੰਨ ਉੱਤੇ ਪੂਰਾ ਭਰੋਸਾ ਹੈ। ਮੇਰੀ ਸੋਚ ਹੈ ਕਿ ਜਾਂਚ ਨਿਰਪੱਖ ਹੋਵੇਗੀ ਤੇ ਮੈਨੂੰ ਨਿਆਂ ਮਿਲੇਗਾ।' ਉਸ ਨੇ ਪੁੱਛਿਆ, 'ਦਿੱਲੀ ਪੁਲਸ ਪੱਖਪਾਤ ਕਿਉਂ ਕਰਦੀ ਹੈ? ਮੈਂ ਕਿਸੇ ਉੱਤੇ ਹਮਲਾ ਨਹੀਂ ਕੀਤਾ।

## ਜਹਾਜ਼ ਸਵਾਰ ਔਰਤ ਨੇ ਕਿਹਾ: ਮੇਰੇ ਸਰੀਰ ਉੱਤੇ ਬੰਬ ਬੱਝੇ ਹਨ

ਕੋਲਕਾਤਾ, 12 ਜਨਵਰੀ, (ਪੋਸਟ ਬਿਊਰੋ)- ਕੋਲਕਾਤਾ ਤੋਂ ਮੁੰਬਈ ਜਾਂਦੀ ਏਅਰ ਏਸ਼ੀਆ ਦੀ ਫਲਾਈਟ ਨੂੰ ਰਾਹ ਵਿੱਚੋਂ ਵਾਪਸੀ ਕਰਨੀ ਪਈ ਤੇ ਕੋਲਕਾਤਾ ਵਿੱਚ ਐਮਰਜੈਂਸੀ ਲੈਂਡਿੰਗ ਕਰਨ ਲਈ ਮਜਬੂਰ ਹੋਣਾ ਪਿਆ।

ਅਸਲ ਵਿਚ ਇੱਕ 25 ਸਾਲਾ ਔਰਤ ਨੇ ਯਾਤਰੀ ਨੂੰ ਜਹਾਜ਼ ਉਡਾਉਣ ਦੀ ਧਮਕੀ ਦਿੱਤੀ ਸੀ, ਜਿਸ ਪਿੱਛੋਂ ਜਹਾਜ਼ ਨੂੰ ਵਾਪਸ ਮੋੜਨਾ ਪਿਆ। ਮਹਿਲਾ ਨੇ ਕੈਬਿਨ ਕਰੂਅ ਨੂੰ ਇਕ ਨੋਟ ਦਿੱਤਾ, ਜਿਸ ਵਿਚ ਉਸ ਨੇ ਦਾਅਵਾ ਕੀਤਾ ਕਿ ਉਸ ਦੇ ਸਰੀਰ ਉੱਤੇ ਬੰਬ ਬੱਝਾ ਹੋਇਆ ਹੈ। ਏਅਰ ਏਸ਼ੀਆ ਦੀ ਫਲਾਈਟ ਦੀ ਸਵਾਰ 25 ਸਾਲਾ ਮੋਹਿਨੀ ਮੰਡਲ ਨੇ ਇਹ ਨੋਟ ਦੇ ਕੇ ਕੈਬਿਨ ਕਰੂਅ ਨੂੰ ਕਿਹਾ ਕਿ ਇਹ ਨੋਟ ਫਲਾਈਟ ਕੈਪਟਨ ਨੂੰ ਦੇ ਦਿੱਤਾ ਜਾਵੇ। ਅਧਿਕਾਰੀਆਂ ਮੁਤਾਬਕ ਨੋਟ ਵਿੱਚ ਲਿਖਿਆ ਸੀ ਕਿ ਉਸ ਦੇ ਸਰੀਰ ਨਾਲ ਬੰਬ ਬੱਝੇ ਸਨ ਅਤੇ ਉਹ ਕਿਸੇ ਵੀ ਪਲ ਧਮਾਕਾ ਕਰ ਦੇਵੇਗੀ। ਇਸ ਨੂੰ ਪੜ੍ਹਨ ਤੋਂ ਬਾਅਦ ਪਾਇਲਟ ਨੇ ਕੋਲਕਾਤਾ ਵਾਪਸੀ ਦਾ ਫ਼ੈਸਲਾ ਕੀਤਾ।

ਅਧਿਕਾਰੀਆਂ ਨੇ ਦੱਸਿਆ ਕਿ ਮੋਹਿਨੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਫਲਾਈਟ ਨੇ ਸ਼ਨਿਚਰਵਾਰ ਰਾਤ ਜਦੋਂ ਉਡਾਨ ਭਰੀ ਤਾਂ ਇਕ ਘੰਟੇ ਬਾਅਦ ਪਾਇਲਟ ਨੇ ਏਅਰ ਟ੍ਰੈਫਿਕ ਕੰਟਰੋਲਰ (ਏ ਟੀ ਸੀ) ਨੂੰ ਸੂਚਿਤ ਕੀਤਾ ਕਿ ਫਲਾਈਟ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਕਾਰਨ ਜਹਾਜ਼ ਕੋਲਕਾਤਾ ਆ ਰਿਹਾ ਹੈ। ਰਾਤ 11 ਵਜੇ ਏ ਟੀ ਸੀ ਨੇ ਫੁੱਲ ਐਮਰਜੈਂਸੀ ਐਲਾਨ ਕਰ ਦਿੱਤੀ। ਹਵਾਈ ਅੱਡੇ ਉੱਤੇ ਜਹਾਜ਼ ਦੇ ਉਤਰਨ ਪਿੱਛੋਂ ਇਸ ਨੂੰ ਆਈਸੋਲੇਸ਼ਨ ਬੇਅ ਵੱਲ ਲਿਜਾਇਆ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਉਨ੍ਹਾਂ ਨੇ ਅਜਿਹੇ ਖ਼ਤਰਿਆਂ ਨਾਲ ਨਜਿੱਠਣ ਲਈ ਸਾਰੇ ਪ੍ਰੋਟੋਕੋਲ ਦੀ ਪਾਲਣਾ ਕੀਤੀ ਸੀ ਤੇ ਇਸ ਦੇ ਨਾਲ ਮੋਹਿਨੀ ਨੂੰ ਕੇਂਦਰੀ ਉਦਯੋਗਿਕ ਸੁਰੱਖਿਆ ਬਲ (ਸੀ ਆਈ ਐੱਸ ਐੱਫ) ਨੇ ਗ੍ਰਿਫਤਾਰ ਕਰ ਲਿਆ। ਫਿਰ ਇਸ ਜਹਾਜ਼ ਦੀ ਤਲਾਸ਼ੀ ਦੇ ਬਾਅਦ ਵਿੱਚ ਏਵੀਏਸ਼ਨ ਅਥਾਰਟੀ ਜਹਾਜ਼ ਨੂੰ ਉਡਾਨ ਦੀ ਮਨਜ਼ੂਰੀ ਦੇ ਦਿੱਤੀ।


ਮੋਹਿਨੀ ਦਾ ਦਾਅਵਾ ਇਕ ਅਫਵਾਹ ਤੋਂ ਵੱਧ ਨਹੀਂ ਸੀ, ਪਰ ਇਹ ਸਾਫ਼ ਨਹੀਂ ਹੋਇਆ ਕਿ ਉਸ ਨੇ ਏਦਾਂ ਕਿਉਂ ਕੀਤਾ ਕਿ ਅੱਧ ਵਿਚਾਲਿਓਂ ਜਹਾਜ਼ ਨੂੰ ਕੋਲਕਾਤਾ ਵਾਪਸ ਆਉਣਾ ਪੈ ਗਿਆ।

# ਈਰਾਨ ਨੇ 'ਮਨੁੱਖੀ ਭੁੱਲ' ਦੇ ਨਾਲ ਯੂਕਰੇਨ ਦਾ ਜਹਾਜ਼ ਡੇਗਣ ਦੀ ਜ਼ਿੰਮੇਵਾਰੀ ਲੈ ਲਈ

## * ਗਾਰਡ ਕਮਾਂਡਰ ਨੇ ਕਿਹਾ, 'ਕਾਸ਼, ਮੈਂ ਹੀ ਮਰ ਗਿਆ ਹੁੰਦਾ'* ਯੂਕਰੇਨ ਸਰਕਾਰ ਨੇ ਨੁਕਸਾਨ ਦਾ ਮੁਆਵਜ਼ਾ ਮੰਗਿਆ

ਤਹਿਰਾਨ, 12 ਜਨਵਰੀ, (ਪੋਸਟ ਬਿਊਰੋ)- ਈਰਾਨ ਦੀ ਫੌਜ, ਰਿਵਲਿਊਸ਼ਨਰੀ ਗਾਰਡਜ਼, ਦੇ ਕਮਾਂਡਰ ਨੇ ਕਿਹਾ ਹੈ ਕਿ ਉਨ੍ਹਾਂ ਦੀ ਯੂਨਿਟ ਪਿਛਲੇ ਦਿਨੀਂ ਯੂਕਰੇਨ ਦੇ ਯਾਤਰੀ ਜਹਾਜ਼ ਨੂੰ ਗਲਤੀ ਨਾਲ ਨਿਸ਼ਾਨਾ ਬਣਾਉਣ ਦੀ 'ਪੂਰੀ ਜ਼ਿੰਮੇਵਾਰੀ' ਆਪਣੇ ਸਿਰ ਲੈਂਦੀ ਹੈ ਅਤੇ ਇਹ ਜਹਾਜ਼ ਗਲਤੀ ਨਾਲ ਡੇਗ ਦਿੱਤਾ ਗਿਆ ਸੀ।

ਜਨਰਲ ਆਮਿਰ ਅਲੀ ਹਾਜੀਜਦੇਹ ਨੇ ਸਰਕਾਰੀ ਚੈਨਲ ਉੱਤੇ ਪੇਸ਼ ਕੀਤੇ ਸੰਬੋਧਨ ਵਿਚ ਕਿਹਾ ਕਿ 'ਮੈਨੂੰ ਇਕ ਜਹਾਜ਼ ਨੂੰ ਡੇਗਣ ਦੀ ਗੱਲ ਪਤਾ ਲੱਗੀ ਤਾਂ ਸੁਣ ਕੇ ਮੇਰਾ ਮਨ ਕੀਤਾ ਕਿ ਕਾਸ਼! ਮੈਂ ਮਰ ਗਿਆ ਹੁੰਦਾ।' ਇਸ ਘਟਨਾ ਵਿਚ ਜਹਾਜ਼ ਵਿਚ ਸਵਾਰ ਸਾਰੇ 176 ਯਾਤਰੀ ਮਾਰੇ ਗਏ ਸਨ। ਈਰਾਨੀ



ਜਨਰਲ ਆਮਿਰ ਅਲੀ ਹਾਜੀਜਦੇਹ

ਫੋਰਸਾਂ ਨੇ ਕਿਹਾ ਕਿ ਇਰਾਕ ਦੇ 2 ਫੌਜੀ ਅੱਡਿਆਂ ਉੱਤੇ ਈਰਾਨ ਵਲੋਂ ਕੀਤੇ ਬੈਲਿਸਟਿਕ ਮਿਜ਼ਾਇਲ ਹਮਲੇ ਤੋਂ ਬਾਅਦ ਪੈਦਾ ਹੋਏ ਤਣਾਅ ਦੌਰਾਨ ਉਨ੍ਹਾਂ ਨੇ ਯਾਤਰੀ ਜਹਾਜ਼ ਨੂੰ 'ਮਨੁੱਖੀ ਭੁੱਲ' ਦੇ ਨਾਲ ਆਪਣੇ ਲਈ ਖਤਰਾ ਮੰਨ ਲਿਆ ਸੀ।



ਹਮਲੇ ਵਿਚ ਕਰੈਸ਼ ਹੋਏ ਜਹਾਜ਼ ਦੇ ਮਲਬੇ ਦਾ ਇਕ ਦ੍ਰਿਸ਼।

ਵਰਨਣ ਯੋਗ ਹੈ ਕਿ ਈਰਾਨ ਨੇ ਬਗਦਾਦ ਵਿਚ ਅਮਰੀਕੀ ਹਮਲੇ ਵਿਚ ਮਾਰ ਦਿੱਤੇ ਗਏ ਆਪਣੀ ਫੌਜ ਦੇ ਮੇਜਰ ਜਨਰਲ ਕਾਸਿਮ ਸੁਲੇਮਾਨੀ ਦੀ ਹੱਤਿਆ ਦਾ ਬਦਲਾ ਲੈਣ ਲਈ ਇਰਾਕ ਦੇ ਫੌਜੀ ਅੱਡਿ-ਆਂ ਉੱਤੇ ਹਮਲਾ ਕੀਤਾ ਸੀ, ਜਿਸ ਦੇ ਬਾਅਦ ਦੁਵੱਲਾ ਤਣਾਅ ਵਧ ਗਿਆ ਸੀ। ਅੱਜ ਈਰਾਨ ਨੇ ਮੰਨ ਲਿਆ ਹੈ ਕਿ ਤਣਾਅ ਦੌਰਾਨ ਯੂਕਰੇਨੀ ਜਹਾਜ਼ ਬੋਇੰਗ 737 ਨੂੰ ਉਸ ਦੀ ਫੌਜ ਨੇ ਗਲਤੀ ਨਾਲ ਨਿਸ਼ਾਨਾ ਬਣਾਇਆ ਸੀ। ਇਸ ਜਹਾਜ਼ ਦੇ ਸਵਾਰ 176 ਲੋਕਾਂ ਦੀ ਮੌਤ ਹੋ ਗਈ ਸੀ। ਫੌਜ ਨੇ ਬਿਆਨ ਜਾਰੀ ਕਰਕੇ ਇਸ ਨੂੰ 'ਮਨੁੱਖੀ ਭੁੱਲ' ਕਿਹਾ ਹੈ। ਉਂਜ ਕਈ ਮਾਹਰਾਂ ਦਾ ਇਹ ਕਹਿਣਾ ਹੈ ਕਿ ਜਹਾਜ਼ ਦੇ ਰਸਤੇ ਵਿਚ ਕੋਈ ਫੌਜੀ ਬੇਸ ਨਹੀਂ ਸੀ, ਇਸ ਲਈ ਈਰਾਨ ਪੂਰਾ ਸੱਚ ਨਹੀਂ ਬੋਲ ਰਿਹਾ।

ਦੂਸਰੇ ਪਾਸੇ ਯੂਕਰੇਨ ਨੇ ਜਹਾਜ਼ ਹਾਦਸੇ ਵਿਚ ਮਾਰੇ ਗਏ ਲੋਕਾਂ ਤੇ ਜਹਾਜ਼ ਨੂੰ ਹੋਏ ਨੁਕਸਾਨ ਨੂੰ ਲੈ ਕੇ ਈਰਾਨ ਤੋਂ ਹਰਜਾਨੇ ਦੀ ਮੰਗ ਕੀਤੀ ਹੈ। ਯੂਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜੇਲੇਂਸਕੀ ਨੇ ਮੰਗ ਕੀਤੀ ਕਿ ਯੂਕਰੇਨ ਦੇ ਜਹਾਜ਼ ਨੂੰ ਤਬਾਹ ਕਰਨ ਦੇ ਦੋਸ਼ੀਆਂ ਨੂੰ ਈਰਾਨ ਸਜ਼ਾ ਦੇਵੇ। ਇਸ ਦੇ ਨਾਲ ਉਨ੍ਹਾ ਨੇ ਮੁਆਵਜ਼ੇ ਦੀ ਵੀ ਮੰਗ ਕੀਤੀ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਯੂਕਰੇਨ ਦੇ ਜਹਾਜ਼ ਨੂੰ ਈਰਾਨ ਵਲੋਂ ਡੇਗਣ ਦੀ ਜ਼ਿੰਮੇਵਾਰੀ ਤੈਅ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਇਸ ਮਾਮਲੇ ਵਿਚ ਉਨ੍ਹਾਂ ਪਰਿਵਾਰਾਂ ਲਈ ਪਾਰਦਰਸ਼ਤਾ ਤੇ ਨਿਆਂ ਦੀ ਮੰਗ ਕੀਤੀ ਹੈ, ਜਿਨ੍ਹਾਂ ਨੇ ਆਪਣੇ ਪਿਆਰਿਆਂ ਨੂੰ ਗੁਆ ਦਿੱਤਾ ਹੈ ਅਤੇ ਉਨ੍ਹਾਂ ਵਿਚੋਂ ਕਈ ਲੋਕਾਂ ਕੋਲ ਕੈਨੇਡਾ ਦੀ ਦੋਹਰੀ ਨਾਗਰਿਕਤਾ ਸੀ।

ਟਰੂਡੋ ਨੇ ਇਕ ਅਧਿਕਾਰਿਤ ਬਿਆਨ ਵਿਚ ਕਿਹਾ ਕਿ ਇਹ ਇਕ ਰਾਸ਼ਟਰੀ ਦੁੱਖ ਹੈ, ਕੈਨੇਡਾ ਦੇ ਸਭ ਲੋਕ ਸੋਗ ਮਨਾ ਰਹੇ ਹਨ। ਜਹਾਜ਼ ਹਾਦਸੇ ਵਿਚ ਮਾਰੇ ਗਏ ਲੋਕਾਂ ਵਿਚ ਲਗਭਗ 63 ਕੈਨੇਡੀਅਨ ਨਾਗਰਿਕ ਸ਼ਾਮਲ ਸਨ।

## ਪਾਕਿ ਵਿੱਚ ਗੈਰ ਮੁਸਲਿਮ ਵਕੀਲ ਚੋਣ ਨਹੀਂ ਲੜ ਸਕਣਗੇ

ਇਸਲਾਮਾਬਾਦ, 12 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਵਿੱਚ ਘੱਟ ਗਿਣਤੀਆਂ ਨਾਲ ਵਿਤਕਰੇ ਦਾ ਇੱਕ ਹੋਰ ਮਾਮਲਾ ਸਾਹਮਣੇ ਆਇਆ ਹੈ। ਮੁਲਤਾਨ ਬਾਰ ਐਸੋਸੀਏਸ਼ਨ ਨੇ ਮਤਾ ਪਾਸ ਕੀਤਾ ਹੈ, ਜਿਸ ਨਾਲ ਹਿੰਦੂ ਤੇ ਅਹਿਮਦੀਆ ਸਣੇ ਗੈਰ ਮੁਸਲਿਮ ਵਕੀਲ ਬਾਰ ਕੌਂਸਲ ਦੀ ਚੋਣ ਨਹੀਂ ਲੜ ਸਕਣਗੇ।

ਸਥਾਨਕ ਅਖਬਾਰਾਂ ਵਿੱਚ ਛਪੀ ਰਿਪੋਰਟ ਮੁਤਾਬਕ ਬਾਰ ਕੌਂਸਲ ਦੀ ਚੋਣ ਲੜਨ ਦੇ ਇਛੁੱਕ ਵਕੀਲਾਂ ਲਈ ਵੀ ਇਸਲਾਮ ਵਿੱਚ ਆਪਣੀ ਆਸਥਾ ਨੂੰ ਸਾਬਤ ਕਰਨ ਲਈ ਇੱਕ ਐਫੀਡੇਵਿਟ ਪੇਸ਼ ਕਰਨਾ ਲਾਜ਼ਮੀ ਹੋਵੇਗਾ। ਵਰਨਣ ਯੋਗ ਹੈ ਕਿ ਮੁਲਤਾਨ ਦੀ ਜ਼ਿਲ੍ਹਾ ਬਾਰ ਐਸੋਸੀਏਸ਼ਨ ਦੇ ਵਕੀਲਾਂ ਨੇ ਇਹ ਮਤਾ ਲਿਆਂਦਾ ਸੀ ਜਿਸ ਨੂੰ ਪਾਸ ਕਰ ਦਿੱਤਾ ਗਿਆ। ਪਾਕਿਸਤਾਨ ਵਿੱਚ ਧਾਰਮਿਕ ਘੱਟ ਗਿਣਤੀਆਂ ਉੱਤੇ ਅਤਿਆਚਾਰ ਦੇ ਮਾਮਲੇ ਲਗਾਤਾਰ ਸਾਹਮਣੇ ਆਉਂਦੇ ਰਹਿੰਦੇ ਹਨ। ਬਹੁਗਿਣਤੀ ਸੁੰਨੀ ਭਾਈਚਾਰੇ ਦੇ ਨਿਸ਼ਾਨੇ ਉੱਤੇ ਮੁੱਖ ਤੌਰ ਉੱਤੇ ਹਿੰਦੂ ਸਿੱਖ, ਜੈਨ, ਬੁੱਧ ਅਤੇ ਅਹਿਮਦੀਆ ਭਾਈਚਾਰੇ ਦੇ ਲੋਕ ਰਹਿੰਦੇ ਹਨ।

## ਗ਼ੈਰ-ਕਾਨੂੰਨੀ ਪਰਚੀਆਂ ਕੱਟਣ ਵਾਲਾ ਭਾਰਤੀ ਡਾਕਟਰ ਗ੍ਰਿਫ਼ਤਾਰ

ਵਾਸ਼ਿੰਗਟਨ, 12 ਜਨਵਰੀ (ਪੋਸਟ ਬਿਊਰੋ)- ਅਮਰੀਕਾ ਦੇ ਅਧਿਕਾਰੀਆਂ ਨੇ ਦਵਾਈ ਦੀਆਂ ਗ਼ੈਰ-ਕਾਨੂੰਨੀ ਪਰਚੀਆਂ ਕੱਟਣ ਦੇ ਦੋਸ਼ ਵਿੱਚ ਇੱਕ ਭਾਰਤੀ-ਅਮਰੀਕੀ ਡਾਕਟਰ ਨੂੰ ਗ੍ਰਿਫ਼ਤਾਰ ਕੀਤਾ ਹੈ।

ਗੁਰਪ੍ਰੀਤ ਸਿੰਘ ਬਾਜਵਾ (48) ਉੱਤੇ ਦੋਸ਼ ਹੈ ਕਿ ਉਸ ਨੇ ਇੱਕ ਹਜ਼ਾਰ ਤੋਂ ਵੱਧ ਮਰੀਜ਼ਾਂ ਨੂੰ 15 ਹਜ਼ਾਰ ਤੋਂ ਵੱਧ ਦਵਾਈ ਦੀਆਂ ਪਰਚੀਆਂ ਗ਼ੈਰ-ਕਾਨੂੰਨੀ ਢੰਗ ਨਾਲ ਕੱਟ ਦਿੱਤੀਆਂ ਅਤੇ ਹਰ ਮਹੀਨੇ ਔਸਤ 700 ਪਰਚੀਆਂ ਕੱਟੀਆਂ ਸਨ। ਵਰਜੀਨੀਆ ਦੇ ਓਕਟਨ ਵਿੱਚ ਕਈ ਸਥਾਨਕ ਕੈਮਿਸਟਾਂ ਨੇ ਬਾਜਵਾ ਦੀਆਂ ਪਰਚੀਆਂ ਉੱਤੇ ਪਹਿਲਾਂ ਹੀ ਰੋਕ ਲਾ ਦਿੱਤੀ ਸੀ। ਇਸ ਰਾਜ ਦੇ ਸਿਹਤ ਵਿਭਾਗ ਨੇ 2012 ਵਿੱਚ ਬਾਜਵਾ ਦਾ ਮੈਡੀਕਲ ਲਾਇਸੈਂਸ ਰੱਦ ਕਰ ਦਿੱਤਾ ਸੀ। ਸਾਲ 2018 ਦੀ ਗਰਮੀਆਂ ਵਿੱਚ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਦੋ ਅਧਿਕਾਰੀ ਡਾ. ਬਾਜਵਾ ਤੋਂ ਟਾਈਮ ਲੈ ਕੇ ਮਰੀਜ਼ ਵਜੋਂ ਉਸ ਨੂੰ ਮਿਲਣ ਗਏ। ਇਸ ਦੌਰਾਨ ਡਾ. ਬਾਜਵਾ ਨੇ ਉਨ੍ਹਾਂ ਨੂੰ ਬਿਨ੍ਹਾਂ ਕਿਸੇ ਟੈਸਟ ਦੇ 30 ਦਿਨਾਂ ਦੀ ਦਵਾਈ ਲਿਖ ਦਿੱਤੀ। ਇਨ੍ਹਾਂ ਵਿਚੋਂ ਇੱਕ ਔਰਤ ਅਫਸਰ ਉਨ੍ਹਾਂ ਤੋਂ ਬਿਨਾਂ ਦਿਖਾਏ ਆਪਣੇ ਮਿੱਤਰ ਲਈ ਵੀ ਪਰਚੀ ਲੈ ਗਈ। ਬਾਜਵਾ 'ਤੇ ਗ਼ੈਰ-ਕਾਨੂੰਨੀ ਢੰਗ ਨਾਲ ਦਵਾਈ ਦੀਆਂ ਪਰਚੀਆਂ ਕੱਟਣ ਦੇ ਦੋਸ਼ ਤੈਅ ਹੋਏ ਹਨ। ਦੋਸ਼ੀ ਸਾਬਤ ਹੋਣ 'ਤੇ ਉਸ ਨੂੰ 20 ਸਾਲ ਕੈਦ ਦੀ ਸਜ਼ਾ ਹੋ ਸਕਦੀ ਹੈ।

# ਟਰੰਪ ਨੇ ਕਿਹਾ, ਮੇਰਾ ਨੋਬੇਲ ਅਮਨ ਇਨਾਮ ਕਿਸੇ ਹੋਰ ਨੂੰ ਦਿੱਤਾ ਗਿਐ

ਵਾਸ਼ਿੰਗਟਨ, 12 ਜਨਵਰੀ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਲੱਗਦਾ ਹੈ ਕਿ ਬੀਤੇ ਸਾਲ ਦਾ ਨੋਬੇਲ ਅਮਨ ਇਨਾਮ ਉਨ੍ਹਾਂ ਨੂੰ ਮਿਲਣਾ ਚਾਹੀਦਾ ਸੀ, ਪਰ ਉਨ੍ਹਾਂ ਦੀ ਦਾਅਵੇਦਾਰੀ ਅਣਦੇਖੀ ਕੀਤੀ ਗਈ ਹੈ। ਇਸ ਬਾਰੇ ਡੋਨਾਲਡ ਟਰੰਪ ਨੇ ਇਕ ਬਾਕਾਇਦਾ ਬਿਆਨ ਵੀ ਦਾਗ ਦਿੱਤਾ ਹੈ।

ਓਹਾਯੋ ਦੇ ਟੋਲੇਡੋ ਵਿੱਚ ਆਪਣੇ ਸਮਰਥਕਾਂ ਕੋਲ ਉਨ੍ਹਾਂ ਕਿਹਾ ਕਿ 'ਮੈਂ ਤੁਹਾਨੂੰ ਲੋਕਾਂ ਨੂੰ ਨੋਬੇਲ ਅਮਨ ਇਨਾਮ ਬਾਰੇ ਦੱਸਣਾ ਚਾਹੁੰਦਾ ਹਾਂ। ਮੈਂ ਸਮਝੌਤਾ ਕੀਤਾ, ਮੈਂ ਇਕ ਦੇਸ਼ ਨੂੰ ਬਚਾਇਆ ਤੇ ਉਸ ਪਿੱਛੋਂ ਮੈਨੂੰ ਸੁਣਨ ਨੂੰ ਮਿਲਿਆ ਕਿ ਉਸ ਦੇਸ਼ ਦੇ ਮੁਖੀ ਨੂੰ ਨੋਬੇਲ ਇਨਾਮ ਦਿੱਤਾ ਜਾ ਰਿਹਾ ਹੈ, ਦੇਸ਼ ਨੂੰ ਬਚਾਉਣ ਲਈ ਉਦੋਂ ਮੈਂ ਖੁਦ ਕਿਹਾ ਕਿ ਕੀ ਮੈਂ ਇਸ ਵਿੱਚ ਕੁਝ ਕਰ ਸਕਦਾ ਹਾਂ? ਫਿਰ ਵੀ ਅਰਥ ਇਹ ਰੱਖਦਾ ਹੈ ਕਿ ਸਾਡੇ ਲੋਕਾਂ ਨੂੰ ਇਹ ਪਤਾ ਹੈ। ਮੈਂ ਇਕ ਵੱਡੀ ਜੰਗ ਟਾਲੀ ਹੈ।' ਡੋਨਾਲਡ ਟਰੰਪ ਦਾ ਇਹ ਵੀਡੀਓ ਟਵਿੱਟਰ ਉੱਤੇ ਸ਼ੇਅਰ ਵੀ ਕੀਤਾ ਗਿਆ ਹੈ।

ਇਸ ਦੌਰਾਨ ਡੋਨਾਲਡ ਟਰੰਪ ਨੇ ਨਾ ਕਿਸੇ ਨੋਬੇਲ ਇਨਾਮ ਜੇਤੂ ਦਾ ਨਾਂ ਲਿਆ ਅਤੇ ਨਾ ਉਨ੍ਹਾਂ ਦੇ ਦੇਸ਼ ਦਾ ਨਾਂਅ ਲਿਆ, ਪਰ ਸਾਫ ਹੈ ਕਿ ਉਹ ਇਥੋਪੀਆ ਦੇ ਪ੍ਰਧਾਨ ਮੰਤਰੀ ਅਬੀ ਅਹਿਮਦ ਦੀ ਗੱਲ ਕਰ ਰਹੇ ਸਨ। ਅਬੀ ਅਹਿਮਦ (43 ਸਾਲ) ਅਫਰੀਕਾ ਵਿੱਚ ਸਭ ਤੋਂ ਘੱਟ ਉਮਰ ਵਿੱਚ ਕਿਸੇ ਦੇਸ਼ ਦੇ ਪ੍ਰਧਾਨ ਮੰਤਰੀ ਬਣਨ ਵਾਲੇ ਸ਼ਖਸ ਹਨ।



ਅਪ੍ਰੈਲ 2018 ਵਿੱਚ ਉਹ ਇਥੋਪੀਆ ਵਿੱਚ ਕਈ ਮਹੀਨਿਆਂ ਤੱਕ ਚੱਲੇ ਸਰਕਾਰ ਵਿਰੋਧੀ ਪ੍ਰਦਰਸ਼ਨ ਮਗਰੋਂ ਪ੍ਰਧਾਨ ਮੰਤਰੀ ਬਣੇ ਸਨ। ਵਿਰੋਧ ਪ੍ਰਦਰਸ਼ਨ ਹੇਠ ਸਾਬਕਾ ਪ੍ਰਧਾਨ ਮੰਤਰੀ ਨੂੰ ਅਹੁਦਾ ਛੱਡਣਾ ਪਿਆ ਸੀ। ਪ੍ਰਧਾਨ ਮੰਤਰੀ ਬਣਨ ਪਿੱਛੋਂ ਉਨ੍ਹਾਂ ਨੇ ਇਥੋਪੀਆ ਵਿੱਚ ਵੱਡੇ ਪੈਮਾਨੇ ਉੱਤੇ ਉਦਾਰੀਕਰਨ ਸ਼ੁਰੂ ਕੀਤਾ ਅਤੇ ਜੇਲ ਵਿੱਚ ਬੰਦ ਹਜ਼ਾਰਾਂ ਲੋਕਾਂ ਨੂੰ ਰਿਹਾਅ ਕਰ ਦਿੱਤਾ ਤੇ ਨਵੇਂ ਚੁਣੀ ਗਈ ਸਰਕਾਰ ਤੋਂ ਅਸੰਤੁਸ਼ਟ ਲੋਕਾਂ ਨੂੰ ਦੇਸ਼ ਵਿੱਚ ਵਾਪਸ ਮੁੜਨ ਦੀ ਇਜਾਜ਼ਤ ਦਿੱਤੀ। ਉਨ੍ਹਾਂ ਦੇਸ਼ ਵਿੱਚ ਮੀਡੀਆ ਨੂੰ ਆਜ਼ਾਦੀ ਨਾਲ ਕੰਮ ਕਰਨ ਦਿੱਤਾ ਤੇ ਅਹਿਮ ਅਹੁਦਿਆਂ ਉੱਤੇ ਔਰਤਾਂ ਨੂੰ ਨਿਯੁਕਤ ਕੀਤਾ ਸੀ। ਬੀਤੇ ਸਾਲ ਅਕਤੂਬਰ ਵਿੱਚ ਉਨ੍ਹਾਂ ਨੂੰ ਨੋਬੇਲ ਅਮਨ ਇਨਾਮ ਮਿਲਿਆ ਸੀ। ਨੋਬੇਲ ਕਮੇਟੀ ਨੇ ਉਨ੍ਹਾ ਦੇ ਨਾਂ ਦਾ ਐਲਾਨ ਕਰਦੇ ਹੋਏ ਕਿਹਾ ਕਿ ਅਬੀ ਨੂੰ ਗੁਆਂਢੀ ਇਰੀਟ੍ਰੀਆ ਨਾਲ ਸਰਹੱਦੀ ਵਿਵਾਦ ਖਤਮ ਕਰਨ ਬਾਰੇ ਉਨ੍ਹਾਂ ਦੇ ਨਿਰਣਾਇਕ ਪਹਿਲ ਲਈ ਇਨਾਮ ਦਿੱਤਾ ਗਿਆ ਹੈ। ਅਬੀ ਅਹਿਮਦ ਨੇ ਇਥੋਪੀਆਈ ਪ੍ਰਧਾਨ ਮੰਤਰੀ ਵਜੋਂ ਗੁਆਂਢੀ ਇਰੀਟ੍ਰੀਆ ਨਾਲ 2 ਦਹਾਕੇ ਤੋਂ ਵੀ ਵੱਧ ਸਮੇਂ ਤੋਂ ਚੱਲਦੇ ਸੰਘਰਸ਼ ਨੂੰ ਖਤਮ ਕਰ ਕੇ ਸ਼ਾਂਤੀ ਸਥਾਪਤ ਕੀਤੀ ਸੀ।

ਮਾਹਰਾਂ ਦੇ ਮੁਤਾਬਕ ਸੱਚ ਇਹ ਹੈ ਕਿ ਡੋਨਾਲਡ ਟਰੰਪ ਨੇ ਇਸ ਸਮਝੌਤੇ ਵਿੱਚ ਕੋਈ ਮਦਦ ਨਹੀਂ ਕੀਤੀ ਸੀ, ਕਿਉਂਕਿ ਸ਼ਾਂਤੀ ਵਾਰਤਾ ਵਿੱਚ ਅਮਰੀਕਾ ਦਾ ਪ੍ਰਭਾਵ ਘੱਟ ਸੀ। ਬੀ ਬੀ ਸੀ ਮੁਤਾਬਕ ਦੋਵਾਂ ਦੇਸ਼ਾਂ ਦਾ ਸ਼ਾਂਤੀ ਸਮਝੌਤਾ ਕਰਾਉਣ ਵਿੱਚ ਸਾਊਦੀ ਅਰਬ ਦਾ ਵੱਡਾ ਰੋਲ ਸੀ। ਇਸ ਸ਼ਾਂਤੀ ਸਮਝੌਤੇ ਨਾਲ ਇਰੀਟ੍ਰੀਆ ਉੱਤੇ 2009 ਤੋਂ ਲੱਗੀਆਂ ਪਾਬੰਦੀਆਂ ਹਟਾਈਆਂ ਗਈਆਂ ਸਨ। ਸਮਝੌਤੇ ਤੋਂ 4 ਮਹੀਨਿਆਂ ਬਾਅਦ ਨਵੰਬਰ 2018 ਵਿੱਚ ਯੂ ਐੱਨ ਸਕਿਓਰਟੀ ਕੌਂਸਲ ਨੇ ਪਾਬੰਦੀਆਂ ਹਟਾਉਣ ਦਾ ਫੈਸਲਾ ਲਿਆ ਸੀ।

# ਪਾਕਿ ਵਿੱਚ ਇਮਰਾਨ ਦੇ ਭਤੀਜੇ ਦੀ ਸੜਕ ਉੱਤੇ ਗੁੰਡਾਗਰਦੀ ਦਾ ਵੀਡੀਓ ਵਾਇਰਲ

ਇਸਲਾਮਾਬਾਦ, 12 ਜਨਵਰੀ, (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਦਾ ਭਤੀਜਾ ਹਸਨ ਨਿਆਜ਼ੀ ਇਕ ਵਾਰ ਫਿਰ ਸੁਰਖੀਆਂ ਵਿਚ ਹੈ। ਇਸ ਵਾਰ ਉਸ ਦਾ ਇਕ ਮੋਬਾਈਲ ਵੀਡੀਓ ਪੇਸ਼ ਹੋਇਆ ਹੈ। ਇਸ ਵਿਚ ਉਹ ਇਕ ਸੜਕ ਹਾਦਸੇ ਪਿੱਛੋਂ ਡਰਾਈਵਰ ਨਾਲ ਗੁੰਡਾਗਰਦੀ ਕਰਦਾ ਦਿੱਸ ਰਿਹਾ ਹੈ। ਸ਼ਨੀਵਾਰ ਨੂੰ ਪਾਕਿਸਤਾਨ ਦੇ ਡਾਨ ਨਿਊਜ ਨੇ ਇਸ ਸਬੰਧੀ ਜਾਣਕਾਰੀ ਦਿੱਤੀ ਹੈ।

ਵੀਡੀਓ ਵਿਚ ਹਸਨ ਨਿਆਜ਼ੀ ਇਕ ਕਾਰ ਡਰਾਈਵਰ ਨਾਲ ਇਤਰਾਜ਼ ਯੋਗ ਸ਼ਬਦਾਂ ਦੀ ਵਰਤੋਂ ਕਰਦਾ ਦਿੱਸਦਾ ਹੈ। ਇਹੀ ਨਹੀਂ, ਨਿਆਜ਼ੀ ਨੂੰ ਦੋ ਪੁਲਸ ਵਾਲਿਆਂ ਸਾਹਮਣੇ



ਉਸ ਕਾਰ ਨੂੰ ਲੱਤ ਮਾਰਦੇ ਵੀ ਦੇਖਿਆ ਜਾਂਦਾ ਹੈ। ਵੀਡੀਓ ਵਿਚ ਇਮਰਾਨ ਦੇ ਭਤੀਜੇ ਹਸਨ ਨਿਆਜ਼ੀ ਤੇ ਡਰਾਈਵਰ ਦੀ ਝੜਪ ਦੌਰਾਨ ਹੋਰ ਲੋਕ ਬਚਾਅ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਇਕ ਪੁਲਸ ਅਧਿਕਾਰੀ ਨੇ ਕਿਹਾ ਕਿ ਜਿਆਫ ਅਲੀ ਰੋਡ ਉੱਤੇ ਨਿਆਜ਼ੀ ਤੇ ਦੂਜੇ ਵਿਅਕਤੀ ਦੀ ਕਾਰ ਵਿਚ ਮਾਮੂਲੀ ਟੱਕਰ ਪਿੱਛੋਂ ਇਹ ਝੜਪ ਹੋਈ ਸੀ। ਨਿਆਜ਼ੀ ਆਪਣੀ ਕਾਰ ਤੋਂ ਬਾਹਰ ਆਏ ਤੇ ਹਾਦਸੇ ਲਈ ਦੂਜੇ ਵਿਅਕਤੀ ਨੂੰ ਜ਼ਿੰਮੇਵਾਰ ਕਹਿੰਦੇ ਹੋਏ ਉਸ ਤੋਂ ਚਾਬੀ ਖੋਹ ਲਈ। ਪੁਲਸ ਅਧਿਕਾਰੀ ਮੁਤਾਬਕ ਇਸ ਗੱਲ ਬਾਰੇ ਦੋਵਾਂ ਦੀ ਬਹਿਸ ਹੋਈ। ਫਿਲਹਾਲ ਪੁਲਸ ਨੇ ਕੇਸ ਨੂੰ ਸੁਲਝਾ ਲਿਆ ਹੈ।

ਵਰਨਣ ਯੋਗ ਹੈ ਕਿ ਨਿਆਜ਼ੀ ਅੱਗੇ ਵੀ ਏਦਾਂ ਕਰ ਚੁੱਕੇ ਹਨ। ਇਸ ਤੋਂ ਪਹਿਲਾਂ ਪੰਜਾਬ ਇੰਸਟੀਚਿਊਟ ਆਫ ਕਾਰਡੀਆਲੋਜੀ ਉੱਤੇ ਹਮਲਾ ਕਰਨ ਅਤੇ ਵਕੀਲਾਂ ਦੀ ਰੈਲੀ ਵਿਚ ਹਿੱਸਾ ਲੈਣ ਦੌਰਾਨ ਨਿਆਜ਼ੀ ਦਾ ਇਕ ਹੋਰ ਵੀਡੀਓ ਵਾਇਰਲ ਹੋਇਆ ਸੀ, ਜਿਸ ਵਿਚ ਉਹ ਵਕੀਲਾਂ ਨਾਲ ਪੁਲਸ ਕਾਰ ਦੀ ਭੰਨਤੋੜ ਕਰ ਰਹੇ ਸਨ। ਇਸ ਪਿੱਛੋਂ ਉਨ੍ਹਾਂ ਨੂੰ ਹਸਪਤਾਲ ਉੱਤੇ ਹਮਲਾ ਕਰਨ ਵਾਲੇ ਕਈ ਵਕੀਲਾਂ ਵਿਰੁੱਧ ਦਰਜ ਕੇਸ ਦਾ ਦੋਸ਼ੀ ਮੰਨਿਆ ਗਿਆ ਸੀ।

# ਇਕ ਦਰਜਨ ਸਾਊਦੀ ਫ਼ੌਜੀਆਂ ਨੂੰ ਅਮਰੀਕਾ ਵਾਪਸ ਭੇਜੇਗਾ

ਵਾਸ਼ਿੰਗਟਨ, 12 ਜਨਵਰੀ, (ਪੋਸਟ ਬਿਊਰੋ)- ਕੱਟੜਪੰਥੀਆਂ ਦੇ ਸੰਪਰਕ ਅਤੇ ਚਾਈਲਡ ਪੋਰਨੋਗ੍ਰਾਫ਼ੀ ਦੇ ਦੋਸ਼ ਵਿਚ ਅਮਰੀਕਾ ਓਥੇ ਸਿਖਲਾਈ ਲੈ ਰਹੇ ਸਾਊਦੀ ਅਰਬ ਦੇ ਇਕ ਦਰਜਨ ਫ਼ੌਜੀ ਜਵਾਨਾਂ ਨੂੰ ਵਾਪਸ ਭੇਜੇਗਾ।

ਪਿਛਲੇ ਸਾਲ ਦਸੰਬਰ ਵਿਚ ਫਲੋਰੀਡਾ ਦੇ ਸਮੁੰਦਰੀ ਫੌਜੀ ਅੱਡੇ ਵਿਚ ਸਾਊਦੀ ਜਵਾਨ ਵੱਲੋਂ ਕੀਤੀ ਗੋਲ਼ੀਬਾਰੀ ਦੇ ਕੇਸ ਦੀ ਜਾਂਚ ਪਿੱਛੋਂ ਇਹ ਫ਼ੈਸਲਾ ਹੋਇਆ ਹੈ। ਛੇ ਦਸੰਬਰ ਨੂੰ ਸਾਊਦੀ ਅਰਬ ਦੇ 21 ਸਾਲਾ ਲੈਫਟੀਨੈਂਟ ਮੁਹੰਮਦ ਅਲ ਸ਼ਮਰਾਨੀ ਨੇ ਪੈਂਸਾਕੋਲਾ ਸਮੁੰਦਰੀ ਫੌਜੀ ਅੱਡੇ ਉੱਤੇ ਗੋਲ਼ੀਬਾਰੀ ਕਰ ਕੇ ਤਿੰਨ ਅਮਰੀਕੀ ਸੈਨਿਕਾਂ ਦੀ ਜਾਨ ਲੈ ਲਈ ਅਤੇ ਅੱਠਾਂ ਨੂੰ ਜ਼ਖਮੀ ਕਰ ਦਿੱਤਾ ਸੀ। ਬਾਅਦ ਵਿਚ ਉਹ ਖੁਦ ਵੀ ਮਾਰਿਆ ਗਿਆ ਸੀ।

ਸਥਾਨਕ ਮੀਡੀਆ ਮੁਤਾਬਕ ਸਾਊਦੀ ਅਰਬ ਦੇ ਜਿਨ੍ਹਾਂ ਫ਼ੌਜੀ ਜਵਾਨਾਂ ਨੂੰ ਵਾਪਸ ਭੇਜਣ ਦਾ ਫ਼ੈਸਲਾ ਹੋਇਆ ਹੈ, ਉਨ੍ਹਾਂ ਉੱਤੇ ਸ਼ਮਰਾਨੀ ਦੇ ਸਾਥੀ ਹੋਣ ਦਾ ਦੋਸ਼ ਸਾਬਤ ਨਹੀਂ ਹੋਇਆ। ਵਾਸ਼ਿੰਗਟਨ ਪੋਸਟ ਦੇ ਮੁਤਾਬਕ



ਅਮਰੀਕਾ ਦੀ ਫੈਡਰਲ ਜਾਂਚ ਏਜੰਸੀ (ਐੱਫ ਬੀ ਆਈ) ਦੀ ਜਾਂਚ ਤੋਂ ਇਹ ਪਤਾ ਲੱਗਾ ਹੈ ਕਿ ਇਸ ਕੇਸ ਵਿਚ ਸ਼ਮਰਾਨੀ ਦੇ ਵਿਹਾਰ ਵਿਚ ਆਏ ਬਦਲਾਅ ਦੀ ਹੋਰਨਾਂ ਟ੍ਰੇਨੀ ਜਵਾਨਾਂ ਨੇ ਸੂਚਨਾ ਨਹੀਂ ਦਿੱਤੀ ਸੀ। ਐੱਫ ਬੀ ਆਈ ਨੇ ਫੋਨ ਨਿਰਮਾਤਾ ਕੰਪਨੀ ਐਪਲ ਤੋਂ ਸ਼ਮਰਾਨੀ ਦੇ ਦੋ ਆਈਫੋਨ ਦਾ ਡਾਟਾ ਹਾਸਲ ਕਰਨ ਵਿਚ ਮਦਦ ਮੰਗੀ, ਪ੍ਰੰਤੂ ਕੰਪਨੀ ਨੇ ਭੇਤ ਗੁਪਤ ਰੱਖਣ ਦਾ ਹਵਾਲਾ ਦੇ ਕੇ ਇਸ ਤੋਂ ਇਨਕਾਰ ਕਰ ਦਿੱਤਾ ਸੀ। ਐਪਲ ਦਾ ਕਹਿਣਾ ਹੈ ਕਿ ਉਸ ਨੇ ਪਹਿਲੇ ਕਲਾਊਡ ਸਟੋਰੇਜ ਵਿੱਚ ਮੌਜੂਦ ਡਾਟਾ ਜਾਂਚ ਏਜੰਸੀ ਨਾਲ ਸਾਂਝਾ ਕਰ ਦਿੱਤਾ ਹੈ। ਇਸ ਹਮਲੇ ਪਿੱਛੋਂ ਅਮਰੀਕੀ ਰੱਖਿਆ ਵਿਭਾਗ ਪੈਂਟਾਗਨ ਨੇ ਕਿਹਾ ਸੀ ਕਿ ਏਥੇ ਸਿਖਲਾਈ ਲੈਂਦੇ ਸਾਰੇ ਸਾਊਦੀ ਅਰਬ ਦੇ ਫ਼ੌਜੀ ਟ੍ਰੇਨਰਾਂ ਦੇ ਪਿਛੋਕੜ ਦੀ ਜਾਂਚ ਕੀਤੀ ਗਈ ਹੈ ਤੇ ਉਨ੍ਹਾਂ ਤੋਂ ਕਿਸੇ ਤਰ੍ਹਾਂ ਦੇ ਖ਼ਤਰੇ ਦੀ ਗੱਲ ਨਹੀਂ ਲੱਭੀ। ਪੈਂਟਾਗਨ ਨੇ ਹਮਲੇ ਪਿੱਛੋਂ ਅਮਰੀਕਾ ਵਿਚ ਸਾਊਦੀ ਅਰਬ ਦੇ ਫ਼ੌਜੀ ਜਵਾਨਾਂ ਦੀ ਸਿਖਲਾਈ ਉੱਤੇ ਰੋਕ ਲਾ ਦਿੱਤੀ ਸੀ। ਉਂਜ ਪੈਂਟਾਗਨ ਵੱਲੋਂ ਚਲਾਏ ਜਾਂਦੇ ਫ਼ੌਜੀ ਸਿਖਲਾਈ ਪ੍ਰੋਗਰਾਮਾਂ ਹੇਠ ਇਸ ਵੇਲੇ 852 ਸਾਊਦੀ ਜਵਾਨ ਅਮਰੀਕਾ ਵਿਚ ਸਿਖਲਾਈ ਲੈ ਰਹੇ ਹਨ। ਇਹ 153 ਦੇਸ਼ਾਂ ਦੇ ਸਿਖਲਾਈ ਲੈ ਰਹੇ 5,181 ਫ਼ੌਜੀਆਂ ਦਾ 16 ਫ਼ੀਸਦੀ ਹੈ।

## ਪੰਜਾਬ ਦੇ ਸਰਕਾਰੀ ਸਮਾਰਟ ਸਕੂਲਾਂ ਵਿੱਚ ਇੰਗਲਿਸ਼ ਮੀਡੀਅਮ ਜ਼ਰੂਰੀ ਨਹੀਂ

ਚੰਡੀਗੜ੍ਹ, 12 ਜਨਵਰੀ (ਪੋਸਟ ਬਿਊਰੋ)- ਪੰਜਾਬ ਦੇ ਸਰਕਾਰੀ ਸਮਾਰਟ ਸਕੂਲਾਂ ਵਿੱਚ ਇੰਗਲਿਸ ਮੀਡੀਅਮ ਜ਼ਰੂਰੀ ਨਹੀਂ ਹੋਵੇਗਾ। ਇਹ ਮਾਪਿਆਂ 'ਤੇ ਨਿਰਭਰ ਹੈ ਕਿ ਬੱਚਿਆਂ ਨੂੰ ਕਿਸ ਮੀਡੀਅਮ ਵਿੱਚ ਪੜ੍ਹਾਉਣਾ ਚਾਹੁੰਦੇ ਹਨ। ਵਰਨਣ ਯੋਗ ਹੈ ਕਿ ਪੰਜਾਬ ਸਰਕਾਰ ਦੇ ਸਮਾਰਟ ਸਕੂਲਾਂ ਵਿੱਚ ਇੰਗਲਿਸ਼ ਮੀਡੀਅਮ ਨੂੰ ਕੰਪਲਸਰੀ ਕੀਤੇ ਜਾਣ ਨੂੰ ਚਾਈਲਡ ਰਾਈਟਸ ਕਮਿਸ਼ਨ ਵਿੱਚ ਚੁਣੌਤੀ ਦਿੱਤੀ ਗਈ ਸੀ। ਪੰਜਾਬ ਦੇ ਡਾਇਰੈਕਟਰ ਜਨਰਲ ਐਜੂਕੇਸ਼ਨ (ਡੀ ਜੀ ਐਸ ਈ) ਨੇ ਕਮਿਸ਼ਨ ਸਾਹਮਣੇ ਪੇਸ਼ ਕੀਤੇ ਐਫੀਡੇਵਿਟ ਵਿੱਚ ਮੰਨਿਆ ਕਿ ਸਮਾਰਟ ਸਕੂਲਾਂ ਵਿੱਚ ਅੰਗਰੇਜ਼ੀ ਮੀਡੀਅਮ ਜ਼ਰੂਰੀ ਨਹੀਂ ਹੈ। ਜਵਾਬ 'ਤੇ ਰਿਟ ਕਰਤਾ ਨੇ ਸੰਤੁਸ਼ਟੀ ਪ੍ਰਗਟ ਕੀਤੀ, ਜਿਸ ਦੇ ਬਾਅਦ ਕਮਿਸ਼ਨ ਨੇ ਕੇਸ ਦਾ ਨਿਪਟਾਰਾ ਕਰ ਦਿੱਤਾ। ਰਿਟ ਕਰਤਾ ਐਚ ਸੀ ਅਰੋੜਾ ਅਨੁਸਾਰ ਯੂਨੀਵਰਸਲ ਡਿਕਲੇਰੇਸ਼ਨ ਆਫ ਹਿਊਮਨ ਰਾਈਟ 2018 ਦੇ ਆਰਟੀਕਲ 26 ਵਿੱਚ ਸਪੱਸ਼ਟ ਹੈ ਕਿ ਮਾਪਿਆਂ ਨੂੰ ਯਕੀਨੀ ਬਣਾਉਣ ਦਾ ਅਧਿਕਾਰ ਹੈ ਕਿ ਬੱਚਾ ਕਿਸ ਭਾਸ਼ਾ ਵਿੱਚ ਸਿੱਖਿਆ ਹਾਸਲ ਕਰਨੀ ਚਾਹੁੰਦਾ ਹੈ।


FIRST CHOICE FINANCIAL LIMITED

TRUCK LOANS

ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ

ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing

- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact

Rajdeep: 647.707.4167

Office: 905.678.2424


## ਭਾਰਤੀ ਮੂਲ ਦੇ ਅਮਰੀਕੀ ਸਮੇਤ ਨਾਸਾ ਦੇ ਨਵੇਂ ਪੁਲਾੜ ਯਾਤਰੀ ਭਵਿੱਖ ਲਈ ਚੁਣੇ ਗਏ

ਹਿਊਸਟਨ, 12 ਜਨਵਰੀ (ਪੋਸਟ ਬਿਊਰੋ)- ਅਮਰੀਕੀ ਹਵਾਈ ਫੌਜ ਦੇ ਭਾਰਤੀ ਮੂਲ ਦੇ ਕਰਨਲ ਰਾਜਾ ਜਾਨ ਵੁਰਪੁਤਰ ਚਾਰੀ ਸਮੇਤ ਨਾਸਾ ਦੇ 11 ਨਵੇਂ ਬੈਚਲਰਾਂ ਨੂੰ ਕੌਮਾਂਤਰੀ ਪੁਲਾੜ ਸਟੇਸ਼ਨ (ਆਈ ਐਸ ਐਸ), ਚੰਦ ਅਤੇ ਮੰਗਲ ਲਈ ਭਵਿੱਖ ਦੇ ਅਪਰੇਸ਼ਨਾਂ ਦਾ ਹਿੱਸਾ ਬਣਨ ਦੀ ਸੰਭਾਵਨਾ ਹੈ।

ਨਾਸਾ ਵੱਲੋਂ ਆਪਣੇ ਆਰਟੇਮਿਸ ਪ੍ਰੋਗਰਾਮ ਦਾ ਐਲਾਨ ਕਰਨ ਤੋਂ ਬਾਅਦ ਸਾਲ 2017 ਵਿੱਚ ਇਨ੍ਹਾਂ ਸਫਲ ਪੁਲਾੜ ਯਾਤਰੀਆਂ ਨੂੰ 18,000 ਅਰਜ਼ੀਆਂ ਵਿੱਚੋਂ ਚੁਣਿਆ ਗਿਆ ਸੀ। ਚਾਰੀ (41) ਨੂੰ ਸਾਲ 2017 ਵਿੱਚ ਪੁਲਾੜ ਯਾਤਰੀ ਉਮੀਦਵਾਰ ਵਰਗ 'ਚ ਸ਼ਾਮਲ ਕਰਨ ਲਈ ਨਾਸਾ ਨੇ ਚੁਣਿਆ ਸੀ। ਉਨ੍ਹਾਂ ਅਗਸਤ 2017 ਵਿੱਚ ਡਿਊਟੀ ਲਈ ਰਿਪੋਰਟ ਕੀਤੀ ਤੇ ਸ਼ੁਰੂਆਤੀ ਪੁਲਾੜ ਯਾਤਰੀ ਉਮੀਦਵਾਰ ਟਰੇਨਿੰਗ ਪੂਰੀ ਕਰ ਕੇ ਉਹ ਮਿਸ਼ਨ ਦੇ ਕੰਮ 'ਤੇ ਜਾਣ



ਦੇ ਯੋਗ ਹੋ ਗਏ ਹਨ। ਇਥੇ ਇੱਕ ਸਮਾਰੋਹ ਵਿੱਚ ਸ਼ੁੱਕਰਵਾਰ ਨੂੰ ਹਰੇਕ ਨਵੇਂ ਪੁਲਾੜ ਯਾਤਰੀ ਨੂੰ ਰਵਾਇਤੀ ਤੌਰ 'ਤੇ ਦਿੱਤੀ ਜਾਣ ਵਾਲੀ ਚਾਂਦੀ ਦੀ ਇੱਕ ਪਿਨ ਦਿੱਤੀ ਗਈ ਨਾਸਾ ਦੇ ਪ੍ਰਸ਼ਾਸਕ ਜਿਮ ਬ੍ਰਿਡੈਂਸਟਾਈਨ ਨੇ ਹਿਊਸਟਨ ਵਿੱਚ ਏਜੰਸੀ ਦੇ ਜਾਨਸਨ ਸਪੇਸ ਸੈਂਟਰ ਨੇ ਕਿਹਾ ਕਿ 2020 ਅਮਰੀਕਾ ਜ਼ਮੀਨ ਤੋਂ ਰਾਕੇਟਾਂ ਰਾਹੀਂ ਅਮਰੀਕੀ ਪੁਲਾੜ ਯਾਤਰੀਆਂ ਨੂੰ ਪੁਲਾੜ 'ਚ ਭੇਜੇ ਜਾਣ ਦੀ ਫਿਰ ਤੋਂ ਸ਼ੁਰੂਆਤ ਕਰੇਗਾ ਅਤੇ ਇਹ ਸਾਡਾ ਆਰਟੇਮਿਸ ਪ੍ਰੋਗਰਾਮ ਤੇ ਚੰਦ ਅਤੇ ਹੋਰ ਅਭਿਆਨਾਂ ਲਈ ਸਾਡੀ ਤਰੱਕੀ ਦਾ ਇੱਕ ਹੋਰ ਅਹਿਮ ਸਾਲ ਹੋਵੇਗਾ।

# ਓਮਾਨ ਦੇ ਸੁਲਤਾਨ ਕਾਬੂਸ ਦਾ ਦਿਹਾਂਤ

ਮਸਕਟ, 12 ਜਨਵਰੀ (ਪੋਸਟ ਬਿਊਰੋ)- ਅਰਬ ਖੇਤਰ 'ਚ ਸਭ ਤੋਂ ਲੰਬੇ ਸਮੇਂ ਤੱਕ ਰਾਜ ਕਰਨ ਵਾਲੇ ਨੇਤਾ ਓਮਾਨ ਦੇ ਸੁਲਤਾਨ ਕਾਬੂਸ ਦਾ 79 ਸਾਲ ਦੀ ਉਮਰ 'ਚ ਦਿਹਾਂਤ ਹੋ ਗਿਆ। ਇਸ ਸੰਬੰਧ ਵਿੱਚ ਰਾਜਸ਼ਾਹੀ ਨੇ ਇੱਕ ਬਿਆਨ ਜਾਰੀ ਕਰ ਕੇ ਇਸ ਘਟਨਾ ਦੀ ਸੂਚਨਾ ਦਿੱਤੀ ਹੈ। ਇਸ ਦੌਰਾਨ ਉਨ੍ਹਾਂ ਦੇ ਚਚੇਰੇ ਭਰਾ ਹੈਥਮ ਬਿਨ ਤਾਰਿਕ ਅਲ ਸਈਦ ਨੂੰ ਨਵਾਂ ਸੁਲਤਾਨ ਐਲਾਨ ਦਿੱਤਾ ਗਿਆ।

ਕਾਬੂਸ ਅਰਬ ਦੁਨੀਆ ਵਿੱਚ ਸਭ ਤੋਂ ਲੰਬਾ ਸਮਾਂ (50 ਸਾਲ) ਤੱਕ ਰਾਜ ਕਰਨ ਵਾਲੇ ਸੁਲਤਾਨ ਸਨ। ਰਾਇਲ ਕੋਰਟ ਦੇ ਦੀਵਾਨ ਨੇ ਸੁਲਤਾਨ ਕਾਬੂਸ ਦੇ ਦਿਹਾਂਤ 'ਤੇ ਤਿੰਨ ਦਿਨ ਦੇ ਰਾਸ਼ਟਰੀ ਸ਼ੋਕ ਦਾ ਐਲਾਨ ਕੀਤਾ ਹੈ। ਇੱਕ ਬਿਆਨ 'ਚ ਕਿਹਾ ਗਿਆ ਹੈ ਕਿ ਕੱਲ੍ਹ ਸੁਲਤਾਨ ਨੇ ਆਖਰੀ ਸਾਹ ਲਿਆ। ਰਾਜਸ਼ਾਹੀ ਵੱਲੋਂ ਜਾਰੀ ਬਿਆਨ ਅਨੁਸਾਰ ਰਾਜਸ਼ਾਹੀ ਨੇ ਸੁਲਤਾਨ ਕਾਬੂਸ ਬਿਨ ਸਈਦ ਨੂੰ ਗੁਆ ਲਿਆ ਹੈ, ਜਿਨ੍ਹਾਂ ਦਾ ਕੱਲ੍ਹ ਦਿਹਾਂਤ ਹੋ ਗਿਆ। ਕਾਬੂਸ ਨੇ 1970 'ਚ ਆਪਣੇ ਪਿਤਾ ਦਾ ਤਖਤਾ ਪਲਟ ਕੀਤਾ ਸੀ ਅਤੇ ਉਦੋਂ ਤੋਂ ਰਾਜ ਕਰ ਰਹੇ ਸਨ। ਪਿਛਲੇ ਕੁਝ



ਸਮੇਂ ਤੋਂ ਸੁਲਤਾਨ ਬਿਮਾਰ ਸੀ ਅਤੇ ਮੰਨਿਆ ਜਾ ਰਿਹਾ ਹੈ ਕਿ ਉਹ ਕੈਂਸਰ ਤੋਂ ਪੀੜਤ ਸਨ। ਦੇਸ਼ ਦੇ ਸਰਕਾਰੀ ਟੈਲੀਵਿਜ਼ਨ ਨੇ ਹੈਥਮ ਬਿਨ ਸਈਦ ਦੇ ਨਵੇਂ ਸੁਲਤਾਨ ਬਣਨ ਦਾ ਐਲਾਨ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਸਾਬਕਾ ਸੁਲਤਾਨ ਕਾਬੂਸ ਬਿਨ ਸਈਦ ਦਾ ਪੱਤਰ ਖੋਲ੍ਹ ਕੇ ਪੜ੍ਹਿਆ ਗਿਆ। ਇਸ ਪੱਤਰ 'ਚ ਉਨ੍ਹਾਂ ਨੇ ਨਵੇਂ ਸੁਲਤਾਨ ਦੇ ਲਈ ਹੈਥਮ ਬਿਨ ਸਈਦ ਨੂੰ ਆਪਣਾ ਪਸੰਦੀਦਾ ਦੱਸਿਆ ਸੀ। ਇਸ ਤੋਂ ਬਾਅਦ ਰਾਇਲ ਫੈਮਿਲੀ ਦੀ ਬੈਠਕ 'ਚ ਉਨ੍ਹਾਂ ਦੇ ਨਾਂਅ 'ਤੇ ਮੋਹਰ ਲਗਾਈ ਗਈ ਅਤੇ ਕੱਲ ਉਨ੍ਹਾਂ ਨੇ ਸਵੇਰੇ ਨਵੇਂ ਸੁਲਤਾਨ ਦੀ ਸਹੁੰ ਚੁੱਕੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟਵੀਟ ਕਰ ਕੇ ਸੁਲਤਾਨ ਦੇ ਦਿਹਾਂਤ 'ਤੇ ਦੁੱਖ ਪ੍ਰਗਟ ਕੀਤਾ ਤੇ ਕਿਹਾ ਕਿ ਸੁਲਤਾਨ ਕਾਬੂਸ ਬਿਨ ਸਈਦ ਅਲ ਸਈਦ ਦੇ ਦਿਹਾਂਤ ਬਾਰੇ ਜਾਣ ਕੇ ਬਹੁਤ ਦੁੱਖ ਹੋਇਆ ਹੈ।

# ਅਮਰੀਕੀ ਪਾਰਲੀਮੈਂਟ ਵੱਲੋਂ ਯੁੱਧ ਛੇੜਨ ਦੇ ਟਰੰਪ ਦੇ ਅਧਿਕਾਰ ਉੱਤੇ ਰੋਕ ਦਾ ਮਤਾ ਪਾਸ



ਵਾਸ਼ਿੰਗਟਨ, 12 ਜਨਵਰੀ, (ਪੋਸਟ ਬਿਊਰੋ)- ਅਮਰੀਕੀ ਪਾਰਲੀਮੈਂਟ ਦੇ ਹੇਠਲੇ ਸਦਨ ਪ੍ਰਤੀਨਿਧ ਸਭਾ ਨੇ ਇਕ ਮਤਾ ਪਾਸ ਕਰ ਕੇ ਈਰਾਨ ਨਾਲ ਯੁੱਧ ਲਾਉਣ ਬਾਰੇ ਆਪਣੀ ਅਣ-ਇੱਛਾ ਪ੍ਰਗਟ ਕੀਤੀ ਤੇ ਰਾਸ਼ਟਰਪਤੀ ਡੋਨ-ਾਲਡ ਟਰੰਪ ਦੇ ਹਮਲਾ ਕਰਨ ਦੇ ਅਧਿਕਾਰ ਉੱਤੇ ਵੀ ਸੰਕੇਤਕ ਰੋਕ ਲਾ ਦਿੱਤੀ ਹੈ। ਇਹ ਮਤਾ ਅੱਗੋਂ ਸੱਤਾਧਾਰੀ ਰਿਪਬਲੀਕਨ ਪਾਰਟੀ ਦੇ ਬਹੁਮਤ ਵਾਲੀ ਸੈਨੇਟ ਵਿਚ ਜਾਣਾ ਹੈ, ਜਿੱਥੇ ਇਸ ਦੇ ਪਾਸ ਹੋਣ ਦੀ ਆਸ ਨਹੀਂ। ਜੇ ਓਥੇ ਵੀ ਮਤਾ ਪਾਸ ਹੋ ਜਾਂਦਾ ਹੈ ਤਾਂ ਰਾਸ਼ਟਰਪਤੀ ਕੋਲ ਇਸ ਨੂੰ ਅਣਡਿੱਠ ਕਰ ਕੇ ਜੰਗ ਦਾ ਐਲਾਨ ਕਰਨ ਦਾ ਅਧਿਕਾਰ ਹੋਵੇਗਾ।

ਵਿਰੋਧੀ ਡੈਮੋਕ੍ਰੇਟਿਕ ਪਾਰਟੀ ਦੇ ਬਹੁਮਤ ਵਾਲੀ ਪ੍ਰਤੀਨਿਧ ਸਭਾ ਵਿਚ ਪਾਰਟੀ ਲਾਈਨ ਉੱਤੇ ਵੋਟਿੰਗ ਹੋਈ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਜੰਗ ਛੇੜਨ ਦੇ ਅਧਿਕਾਰ ਉੱਤੇ ਰੋਕ ਦੇ ਪੱਖ ਵਿਚ 224 ਵੋਟ ਅਤੇ ਦੂਸਰੇ ਪਾਸੇ 194 ਵੋਟ ਪਏ। ਡੋਨ-ਾਲਡ ਟਰੰਪ ਦੀ ਰਿਪਬਲੀਕਨ ਪਾਰਟੀ ਦੇ ਤਿੰਨ ਮੈਂਬਰਾਂ ਨੇ ਡੈਮੋਕ੍ਰੇਟਿਕ ਪਾਰਟੀ ਦੇ ਪੱਖ ਦਾ ਵੋਟ ਦਿੱਤਾ ਹੈ। ਇਨ੍ਹਾਂ ਤਿੰਨਾਂ ਵਿੱਚੋਂ ਇਕ ਮੈਟ ਗੇਟਜ਼ ਨੂੰ ਟਰੰਪ ਦਾ ਸਭ ਤੋਂ ਵੱਧ ਸਮਰਥਕ ਮੰਨਿਆ ਜਾਂਦਾ ਹੈ। ਪਾਰਲੀਮੈਂਟ ਵਿਚ ਆਪਣੇ ਭਾਸ਼ਣ ਵਿਚ ਮੈਟ ਗੇਟਜ਼ ਨੇ ਕਿਹਾ ਕਿ ਇਹ ਮਤਾ ਰਾਸ਼ਟਰਪਤੀ ਟਰੰਪ ਦੀ ਕਿਸੇ ਤਰ੍ਹਾਂ ਆਲੋਚਨਾ ਨਹੀਂ ਕਰਦਾ, ਸਿਰਫ ਮੱਧ-ਪੂਰਬ ਦੀ ਲੜਾਈ ਵਿਚ ਫਿਰ ਫਸਣ ਤੋਂ ਬਚਾਉਣਾ ਚਾਹੁੰਦਾ ਹੈ। ਸਾਡੇ ਫ਼ੌਜੀਆਂ ਕੋਲ ਲੜਨ ਤੇ ਬਲੀਦਾਨ ਦੇਣ ਦਾ ਹੌਸਲਾ ਹੈ, ਪ੍ਰੰਤੂ ਅਸੀਂ ਉਨ੍ਹਾਂ ਦੇ ਹੌਸਲੇ ਦਾ ਸਨਮਾਨ ਕਰਦੇ ਹੋਏ ਨਵੀਂ ਜੰਗ ਤੋਂ ਰੋਕਣਾ ਚਾਹੁੰਦੇ ਹਾਂ।

ਰਾਸ਼ਟਰਪਤੀ ਦੇ ਜੰਗ ਛੇੜਨ ਦੇ ਅਧਿਕਾਰ ਉੱਤੇ ਜਦੋਂ ਪਾਰਲੀਮੈਂਟ ਵਿਚ ਬਹਿਸ ਚੱਲ ਰਹੀ ਸੀ ਤਾਂ ਬਾਹਰ ਟਰੰਪ ਨੇ ਕਿਹਾ ਕਿ ਉਨ੍ਹਾਂ ਨੂੰ ਜੰਗ ਦਾ ਸ਼ੌਕ ਨਹੀਂ, ਪਰ ਜੇ ਲੋੜ ਪਈ ਤਾਂ ਉਹ ਇਸ ਬਾਰੇ ਪਾਰਲੀਮੈਂਟ ਨਾਲ ਸਲਾਹ ਕਰ ਲੈਣਗੇ। ਟਰੰਪ ਨੇ ਬੁੱਧਵਾਰ ਹੀ ਸੰਕੇਤ ਦੇ ਦਿੱਤਾ ਸੀ ਕਿ ਉਹ ਈਰਾਨ ਨਾਲ ਜੰਗ ਨਹੀਂ ਕਰਨ ਲੱਗੇ, ਪ੍ਰੰਤੂ ਈਰਾਨ ਨੂੰ ਵੀ ਸੰਜਮ ਦਿਖਾਉਣਾ ਹੋਵੇਗਾ। ਇਸ ਮਹੀਨੇ ਦੇ ਸ਼ੁਰੂ ਵਿਚ ਈਰਾਨੀ ਜਨਰਲ ਕਾਸਿਮ ਸੁਲੇਮਾਨੀ ਦੀ ਡਰੋਨ ਹਮਲੇ ਵਿਚ ਮੌਤ ਪਿੱਛੋਂ ਅਮਰੀਕਾ ਤੇ ਈਰਾਨ ਦਾ ਤਣਾਅ ਵੱਧ ਗਿਆ ਸੀ, ਪ੍ਰੰਤੂ ਉਸ ਪਿੱਛੋਂ ਅਮਰੀਕੀ ਫ਼ੌਜੀ ਅੱਡਿਆਂ ਉੱਤੇ ਈਰਾਨੀ ਮਿਜ਼ਾਈਲ ਹਮਲਿਆਂ ਦੇ ਬਾਵਜੂਦ ਮਾਹੌਲ ਵਿਚ ਕਾਫ਼ੀ ਹੱਦ ਸੁਧਾਰ ਹੋਇਆ ਤੇ ਮੰਨਿਆ ਜਾ ਰਿਹਾ ਹੈ ਕਿ ਦੋਵਾਂ ਦੇਸ਼ਾਂ ਵਿਚ ਜੰਗ ਦਾ ਖ਼ਤਰਾ ਇੱਕ ਤਰ੍ਹਾਂ ਟਲ਼ ਗਿਆ ਹੈ।

## ਪਾਕਿ ਦੇ ਕਵੇਟਾ ਦੀ ਮਸਜਿਦ ਵਿੱਚ ਧਮਾਕਾ, 15 ਮਰੇ





ਕਰਾਚੀ, 12 ਜਨਵਰੀ, (ਪੋਸਟ ਬਿਊਰੋ)- ਪਾਕਿਸਤਾਨ ਦੇ ਗੜਬੜ ਵਾਲੇ ਬਲੋਚਿਸਤਾਨ ਸੂਬੇ ਦੇ ਕਵੇਟਾ ਸ਼ਹਿਰ ਵਿੱਚ ਸ਼ੁੱਕਰਵਾਰ ਸ਼ਾਮ ਦੀ ਨਮਾਜ਼ ਦੌਰਾਨ ਇਕ ਮਸਜਿਦ ਵਿਚ ਸ਼ਕਤੀਸ਼ਾਲੀ ਬੰਬ ਧਮਾਕੇ ਵਿਚ ਇਕ ਇਮਾਮ ਤੇ ਇਕ ਪੁਲਸ ਅਧਿਕਾਰੀ ਸਮੇਤ ਘੱਟੋ-ਘੱਟ 15 ਵਿਅਕਤੀਆਂ ਦੀ ਮੌਤ ਹੋ ਗਈ ਅਤੇ 20 ਹੋਰ ਜ਼ਖ਼ਮੀ ਹੋ ਗਏ।

'ਡਾਨ' ਅਖਬਾਰ ਨੇ ਖਬਰ ਦਿੱਤੀ ਹੈ ਕਿ ਇਹ ਧਮਾਕਾ ਗੋਸਾਬਾਦ ਇਲਾਕੇ ਵਿੱਚ ਮਸਜਿਦ ਵਿੱਚ ਹੋਇਆ। ਧਮਾਕੇ ਦੀ ਕਿਸਮ ਦਾ ਫੌਰਨ ਪਤਾ ਨਹੀਂ ਲੱਗ ਸਕਿਆ। ਕਵੇਟਾ ਦੇ ਡੀ ਆਈ ਜੀ ਅਬਦੁੱਲ ਰਜ਼ਾਕ ਚੀਮਾ ਨੇ ਦੱਸਿਆ ਕਿ 15 ਮ੍ਰਿਤਕਾਂ ਵਿਚ ਇਕ ਡੀ ਐੱਸ ਪੀ ਸ਼ਾਮਲ ਹੈ।

## ਮੌੜ ਬੰਬ ਕਾਂਡ ਵਿਚ ਪੁਲਸ ਨੇ ਡੇਰਾ ਪ੍ਰੇਮੀ ਮੁਲਜ਼ਮਾਂ ਦੇ ਇਸ਼ਤਿਹਾਰ ਜਾਰੀ ਕੀਤੇ

ਬਠਿੰਡਾ, 12 ਜਨਵਰੀ (ਪੋਸਟ ਬਿਊਰੋ)- 31 ਜਨਵਰੀ 2017 ਨੂੰ ਵਾਪਰੇ ਮੌੜ ਬੰਬ ਧਮਾਕਾ ਕੇਸ ਵਿੱਚ ਪੁਲਸ ਨੇ ਡੇਰਾ ਪ੍ਰੇਮੀ ਦੋਸ਼ੀਆਂ ਦੇ ਇਸ਼ਤਿਹਾਰ ਜਾਰੀ ਕਰ ਦਿੱਤੇ ਹਨ, ਜਿਨ੍ਹਾਂ ਨੂੰ ਅਦਾਲਤ ਨੇ ਭਗੌੜ ਕਰਾਰ ਦਿੱਤਾ ਹੈ। ਵਰਨਣ ਯੋਗ ਹੈ ਕਿ ਸਾਲ2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਇੱਕ ਦਿਨ ਪਹਿਲਾਂ 31 ਜਨਵਰੀ ਨੂੰ ਮੌੜ ਮੰਡੀ 'ਚ ਸ਼ਾਮ ਨੂੰ ਡੇਰਾ ਸਿਰਸਾ ਦੇ ਮੁਖੀ ਦੇ ਕੁੜਮ ਕਾਂਗਰਸੀ ਉਮੀਦਵਾਰ ਹਰਮੰਦਰ ਸਿੰਘ ਜੱਸੀ ਇੱਕ ਇਕੱਠ ਨੂੰ ਸੰਬੋਧਨ ਕਰਕੇ ਚੱਲੇ ਸਨ ਕਿ ਨੇੜੇ ਹੀ ਇੱਕ ਕਾਰ ਵਿੱਚ ਬੰਬ ਧਮਾਕਾ ਹੋ ਗਿਆ ਸੀ। ਇਸ ਧਮਾਕੇ 'ਚ ਸੱਤ ਵਿਅਕਤੀਆਂ ਦੀ ਮੌਤ ਹੋ ਗਈ ਅਤੇ 23 ਗੰਭੀਰ ਜ਼ਖ਼ਮੀ ਹੋਏ ਸਨ, ਜਿਸ ਬਾਰੇ ਥਾਣਾ ਮੌੜ ਮੰਡੀ ਵਿਖੇ ਕੇਸ ਦਰਜ ਹੋਇਆ ਸੀ। ਕਿਉਂਕਿ ਪੁਲਸ ਸੂਤਰਾਂ ਅਨੁਸਾਰ ਧਮਾਕੇ 'ਚ ਵਰਤੀ ਗਈ ਕਾਰ ਡੇਰਾ ਸਿਰਸਾ ਵਿਖੇ ਤਿਆਰ ਹੋਈ ਸੀ, ਇਸ ਲਈ ਪੁਲਸ ਨੇ ਡੇਰੇ ਦੀ ਕਾਰ ਵਰਕਸ਼ਾਪ ਦੇ ਇੰਚਾਰਜ ਗੁਰਤੇਜ ਸਿੰਘ ਵਾਸੀ ਆਲੀਕੇ ਜ਼ਿਲ੍ਹਾ ਸਿਰਸਾ, ਸਕਿਓਰਿਟੀ ਗਾਰਡ ਅਮਰੀਕ ਸਿੰਘ ਵਾਸੀ ਬਾਦਲਗੜ੍ਹ ਜ਼ਿਲ੍ਹਾ ਸੰਗਰੂਰ ਅਤੇ ਅਵਤਾਰ ਸਿੰਘ ਵਾਸੀ ਭੈਂਸੀ ਮਾਜਰਾ ਜ਼ਿਲ੍ਹਾ ਕੁਰੂਕਸ਼ੇਤਰ ਨੂੰ ਉਕਤ ਮੁਕੱਦਮੇ 'ਚ ਨਾਮਜ਼ਦ ਕਰ ਲਿਆ ਸੀ। ਪਹਿਲੀ ਜਾਂਚ ਕਮੇਟੀ ਨੇ ਉਸ ਦੀ ਗ੍ਰਿਫ਼ਤਾਰੀ ਲਈ ਕਾਫ਼ੀ ਮਸ਼ੱਕਤ ਕੀਤੀ ਪਰ ਸਫਲਤਾ ਨਹੀਂ ਮਿਲ ਸਕੀ, ਜੋ ਇਕਦਮ ਗਾਇਬ ਹੋ ਗਏ ਸਨ ਅਤੇ ਜਿਨ੍ਹਾਂ ਨੂੰ ਪੁਲਸ ਭਗੌੜੇ ਕਰਾਰ ਦਿਵਾ ਚੁੱਕੀ ਹੈ।

ਨਵੀਂ ਜਾਂਚ ਕਮੇਟੀ ਨੇ ਇੱਕ ਇਸ਼ਤਿਹਾਰ ਜਾਰੀ ਕੀਤਾ ਹੈ, ਜਿਸ 'ਚ ਉਨ੍ਹਾਂ ਤਿੰਨਾਂ ਦੀਆਂ ਫੋਟੋ ਦਿੱਤੀਆਂ ਗਈਆਂ ਹਨ ਅਤੇ ਪੁਲਸ ਨੇ ਆਮ ਲੋਕਾਂ ਦੀ ਮਦਦ ਮੰਗੀ ਹੈ ਤਾਂ ਜੋ ਇਨ੍ਹਾਂ ਬਾਰੇ ਜਾਣਕਾਰੀ ਮਿਲ ਸਕੇ। ਪੁਲਸ ਤਿੰਨ ਸਾਲਾਂ 'ਚ ਵੀ ਇਨ੍ਹਾਂ ਤੱਕ ਨਹੀਂ ਪਹੁੰਚ ਸਕੀ। ਇਹ ਜ਼ਿੰਦਾ ਹਨ ਜਾਂ ਮਾਰੇ ਗਏ, ਇਸ ਦਾ ਕੋਈ ਸੁਰਾਗ ਪੁਲਸ ਨੂੰ ਨਹੀਂ ਮਿਲ ਸਕਿਆ।

## ਮੰਗੇਤਰ ਨੇ ਹੀ ਕਰਵਾਈ ਪਰਵਿੰਦਰ ਦੀ ਹੱਤਿਆ



ਮ੍ਰਿਤਕ ਦੀ ਫਾਇਲ ਫੋਟੋ।

ਲਾਹੌਰ, 12 ਜਨਵਰੀ (ਪੋਸਟ ਬਿਊਰੋ)- ਪਾਕਿਸਤਾਨ ਦੇ ਸੂਬਾ ਖ਼ੈਬਰ ਪਖਤੂਨਖਵਾ ਦੇ ਪਿਸ਼ਾਵਰ ਸ਼ਹਿਰ ਵਿੱਚ ਸਿੱਖ ਪੱਤਰਕਾਰ ਹਰਮੀਤ ਸਿੰਘ ਦੇ ਛੋਟੇ ਭਰਾ ਪਰਵਿੰਦਰ ਸਿੰਘ (24) ਪੁੱਤਰ ਗੌਤਮ ਰਾਮ ਦੀ ਪੇਸ਼ੇਵਾਰ ਕਾਤਲਾਂ ਤੋਂ ਹੱਤਿਆ ਕਰਾਉਣ ਵਾਲੀ ਉਸ ਦੀ ਮੰਗੇਤਰ ਨੂੰ ਪੁਲਸ ਨੇ ਗ੍ਰਿਫ਼ਤਾਰ ਕਰ ਲਿਆ ਹੈ।

ਇਸੇ ਹਫ਼ਤੇ ਪੰਜ ਜਨਵਰੀ ਨੂੰ ਕੁਝ ਅਣਪਛਾਤੇ ਬੰਦਿਆਂ ਨੇ ਗੋਲੀ ਮਾਰ ਕੇ ਸ਼ਾਂਗਲਾ ਵਾਸੀ ਪਰਵਿੰਦਰ ਸਿੰਘ ਦੀ ਹੱਤਿਆ ਕਰ ਦਿੱਤੀ ਸੀ। ਹਰਮੀਤ ਸਿੰਘ ਨੇ ਦੱਸਿਆ ਕਿ ਉਸ ਦੇ ਛੋਟਾ ਭਰਾ ਪਰਵਿੰਦਰ ਸਿੰਘ, ਜਿਹੜਾ ਮਲੇਸ਼ੀਆ 'ਚ ਕਾਰੋਬਾਰ ਕਰਦਾ ਸੀ, ਦਾ ਇਸੇ ਹਫ਼ਤੇ ਵਿਆਹ ਤੈਅ ਕੀਤਾ ਗਿਆ ਸੀ। ਹਰਮੀਤ ਸਿੰਘ ਇਸ ਸਮੇਂ ਪਾਕਿ ਪਬਲਿਕ ਨਿਊਜ਼ ਚੈਨਲ ਲਈ ਪੱਤਰਕ-ਾਰ ਅਤੇ ਐਂਕਰ ਵਜੋਂ ਸੇਵਾਵਾਂ ਦੇ ਰਿਹਾ ਹੈ। ਪਿਸ਼ਾਵਰ ਪੁਲਸ ਨੇ ਪਰਵਿੰਦਰ ਸਿੰਘ ਦੇ ਕਾਤਲਾਂ ਨੂੰ ਗ੍ਰਿਫ਼ਤਾਰ ਕਰਨ ਪਿੱਛੋਂ ਦੱਸਿਆ ਕਿ ਜ਼ਿਲ੍ਹਾ ਮਰਦਾਨ ਦੀ ਵਸਨੀਕ ਜਿਸ ਪ੍ਰੇਮ ਕੁਮਾਰੀ ਨਾਂਅ ਦੀ ਲੜਕੀ ਨਾਲ ਮ੍ਰਿਤਕ ਦੀ ਮੰਗਣੀ ਹੋਈ ਸੀ, ਉਹ ਇਸ ਰਿਸ਼ਤੇ ਤੋਂ ਖੁਸ਼ ਨਹੀਂ ਸੀ। ਇਸ ਕਾਰਨ ਸਾਜ਼ਿਸ਼ ਮੁਤਾਬਕ ਪ੍ਰੇਮ ਕੁਮਾਰੀ ਨੇ ਪਰਵਿੰਦਰ ਨੂੰ ਆਪਣੀ ਸਹੇਲੀ ਨੂੰ ਮਿਲਾਉਣ ਦੇ ਬਹਾਨੇ ਮਰਦਾਨ ਸ਼ਹਿਰ ਬੁਲਾਇਆ ਅਤੇ ਉਥੇ ਪਹੁੰਚਣ ਉੱਤੇ ਉਸ ਨੂੰ ਤਿੰਨ ਪੇਸ਼ੇਵਾਰ ਕਾਤਲਾਂ ਨੇ ਅਗਵਾ ਕਰਕੇ ਉਸਦੀ ਸਹੇਲੀ ਦੇ ਘਰ ਰੱਖਿਆ ਸੀ, ਜਿੱਥੇ ਉਸ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਸ ਮੁਤਾਬਕ ਪ੍ਰੇਮ ਕੁਮਾਰੀ ਨੇ ਇਸ ਵਾਰਦਾਤ ਲਈ ਕਾਤਲਾਂ ਨੂੰ ਸੱਤ ਲੱਖ ਰੁਪਏ ਦਿੱਤੇ ਸਨ। ਇਹ ਪੈਸੇ ਪਰਵਿੰਦਰ ਸਿੰਘ ਨੇ ਹੀ ਵੱਖ-ਵੱਖ ਸਮੇਂ ਆਪਣੀ ਮੰਗੇਤਰ ਦੇ ਮੰਗਣ 'ਤੇ ਭੇਜੇ ਸਨ। ਦੱਸਿਆ ਜਾਂਦਾ ਹੈ ਕਿ ਇਸ ਕਤਲ ਬਾਰੇ ਪੁਲਸ ਅਤੇ ਮ੍ਰਿਤਕ ਦੇ ਪਰਵਾਰ 'ਚ ਭੁਲੇਖਾ ਖੜ੍ਹਾ ਕਰਨ ਲਈ ਲਾਸ਼ ਨੂੰ ਇੱਕ ਕਾਰ 'ਚ ਰੱਖ ਕੇ ਪਿਸ਼ਵਾਰ ਦੇ ਚਮਕਣੀ ਥਾਣੇ ਦੇ ਇਲਾਕੇ 'ਚ ਲਿਆਂਦਾ ਗਿਆ ਤੇ ਪਰਵਿੰਦਰ ਦੇ ਮੋਬਾਈਲ ਤੋਂ ਹਰਮੀਤ ਸਿੰਘ ਨੂੰ ਉਸ ਦੇ ਭਰਾ ਦਾ ਕਤਲ ਕਰਨ ਬਾਰੇ ਦੱਸਿਆ ਗਿਆ। ਪ੍ਰੇਮ ਕੁਮਾਰੀ ਨੇ ਪੁਲਸ ਨੂੰ ਆਪਣੀ ਉਸ ਸਹੇਲੀ ਬਾਰੇ ਵੀ ਦੱਸ ਦਿੱਤਾ ਹੈ, ਜਿਸ ਨੂੰ ਮਿਲਾਉਣ ਦੇ ਬਹਾਨੇ ਉਸ ਨੇ ਪਰਵਿੰਦਰ ਸਿੰਘ ਨੂੰ ਬੁਲਾਇਆ ਸੀ।

# 50 ਫੀਸਦੀ ਔਰਤਾਂ ਰਿਲੇਸ਼ਨਸ਼ਿਪ ਵਿੱਚ ਰੱਖਦੀਆਂ ਹਨ ਬੈਕਅਪ ਪਾਰਟਨਰ!



ਲੰਡਨ, 12 ਜਨਵਰੀ, (ਪੋਸਟ ਬਿਊਰੋ)- ਲੋਕਾਂ ਦੇ ਲਾਈਫ ਵਿੱਚ ਅਕਸਰ ਬੈਕਅਪ ਪਲਾਨ ਦੀ ਚਰਚਾ ਹੁੰਦੀ ਰਹਿੰਦੀ ਹੈ। ਪਹਿਲੇ ਨਾਲ ਕੰਮ ਨਾ ਹੋਇਆ ਤਾਂ ਦੂਸਰੇ ਨਾਲ ਕੰਮ ਚਲਾਉਣ ਦੀ ਸੋਚ ਹੁੰਦੀ ਹੈ, ਪਰ ਜੇ ਏਦਾ ਕੋਈ ਰਿਲੇਸ਼ਨ ਵਿਚ ਕਰੇ, ਭਾਵ ਕਿ ਇਕ ਪਾਰਟਨਰ ਦੇ ਰਹਿੰਦੇ ਹੋਏ ਬੈਕਅਪ ਪਾਰਟਨਰ ਨੂੰ ਨਾਲ ਰੱਖਣਾ। ਇਹ ਗੱਲ ਅਜੀਬ ਲੱਗਦੀ ਹੈ, ਪਰ ਇਕ ਮਾਰਕੀਟਿੰਗ ਰਿਸਰਚ ਕੰਪਨੀ ਦੀ ਰਿਸਰਚ ਮੁਤਾਬਕ ਕਰੀਬ 50 ਫੀਸਦੀ ਔਰਤਾਂ ਰਿਲੇਸ਼ਨਸ਼ਿਪ ਵਿਚ ਬੈਕਅਪ ਪਾਰਟਨਰ ਰੱਖਦੀਆਂ ਹਨ। ਆਨਲਾਈਨ ਅਤੇ ਮੋਬਾਈਲ ਪੋਲਿੰਗ ਵਿਚ ਸਪੈਸ਼ਲਾਈਜ਼ਡ ਮਾਰਕੀਟਿੰਗ ਰਿਸਰਚ ਕੰਪਨੀ ਵਨ-ਪੋਲ ਨੇ ਯੂ ਕੇ ਵਿੱਚ ਇਕ ਹਜ਼ਾਰ ਔਰਤਾਂ ਨੂੰ ਸਰਵੇ ਵਿਚ ਸ਼ਾਮਲ ਕੀਤਾ, ਜਿਸ ਵਿਚ 50 ਫੀਸਦੀ ਵਿਆਹੀਆਂ ਤੇ ਕੁਆਰੀਆਂ ਔਰਤਾਂ ਨੇ ਮੰਨਿਆ ਕਿ ਬੈਕਅਪ ਪਲਾਨ ਜਾਂ ਪਾਰਟਨਰ ਰੈਡੀ ਰੱਖਦੀਆਂ ਹਨ। ਜੇ ਮੌਜੂਦਾ ਰਿਸ਼ਤਾ ਨਹੀਂ ਚੱਲਦਾ ਤਾਂ ਉਸ ਨਾਲ ਬ੍ਰੇਕਅਪ ਕਰ ਕੇ ਦੂਜੇ ਪਾਰਟਨਰ ਕੋਲ ਚਲੀਆਂ ਜਾਂਦੀਆਂ ਹਨ। ਬੈਕਅਪ ਪਾਰਟਨਰ ਹੋਣ ਦੀ ਗੱਲ ਮੰਨਣ ਵਾਲੀਆਂ ਜ਼ਿਆਦਾ ਔਰਤਾਂ ਨੇ ਮੰਨਿਆ ਕਿ ਉਨ੍ਹਾਂ ਦਾ ਬੈਕਅਪ ਪਾਰਟਨਰ ਉਨ੍ਹਾਂ ਦਾ ਪੁਰਾਣਾ ਦੋਸਤ ਹੁੰਦਾ ਹੈ, ਜਿਸ ਨੂੰ ਉਨ੍ਹਾਂ ਵਿਚ ਰੋਮ-ਾਂਟਿਕ ਇੰਟਰਸਟ ਹੁੰਦਾ ਹੈ। ਸਰਵੇ ਵਿਚ ਸ਼ਾਮਲ ਔਰਤਾਂ ਨੇ ਕਿਹਾ ਕਿ ਬੈਕਅਪ ਪਰਸਨ ਕੋਈ ਵੀ ਹੋ ਸਕਦਾ ਹੈ, ਉਨ੍ਹਾਂ ਦਾ ਆਫਿਸ ਕੁਲੀਗ, ਸਾਬਕਾ ਪਤੀ, ਸਕੂਲ ਦਾ ਦੋਸਤ ਜਾਂ ਫਿਰ ਜਿਮ ਪਾਰਟਨਰ। ਜ਼ਰੂਰੀ ਇਹ ਹੈ ਕਿ ਉਸ ਵਿਅਕਤੀ ਨੂੰ ਮਹਿਲਾ ਲੰਬੇ ਸਮੇਂ ਤੋਂ ਜਾਣਦੀ ਹੋਵੇ ਤੇ ਉਹ ਵਿਅਕਤੀ ਵੀ ਇਸ ਇੰਤਜ਼ਾਰ ਵਿਚ ਹੋਵੇ ਕਿ ਲੋੜ ਪਵੇ ਤਾਂ ਉਸ ਕੋਲ ਜਾ ਸਕੇ। ਕਰੀਬ 10 ਫੀਸਦੀ ਔਰਤਾਂ ਨੇ ਇਹ ਵੀ ਕਿਹਾ ਕਿ ਉਹਨਾਂ ਦਾ ਬੈਕਅਪ ਪਾਰਟਨਰ ਅਜਿਹਾ ਵਿਅਕਤੀ ਹੁੰਦਾ ਹੈ, ਜਿਸ ਨੇ ਪਹਿਲਾਂ ਕਦੇ ਨਾ ਕਦੇ ਉਹਨਾਂ ਨੂੰ ਆਪਣੇ ਪਿਆਰ ਜਾਂ ਫੀਲਿੰਗ ਦਾ ਇਜ਼ਹਾਰ ਕੀਤਾ ਹੋਵੇ।




## ਲੜਕੀ ਦੀ ਲੋੜ

ਜੱਟ ਸਿਖ, 40 ਸਾਲ ਉਮਰ, 1/5 ਸਾਲਾ ਦਾ ਲੜਕਾ, ਬੀ ਫਾਰਮੇਸੀ, ਅਪਨਾ ਬਿਜ਼ਨਸ ਤੇ ਜ਼ਮੀਨ ਜ਼ਾਇਦਾਦ, ਪੰਜਾਬ ਫੀਰੋਜ਼ਪੁਰ ਤੋ, ਵੀਜ਼ਟਰ ਵਿਜੇ ਤੇ ਆਏ ਲਈ ਪੀ-ਆਰ ਜਾਂ ਵੱਰਕ ਪਰਮਿਟ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿੱਚ ਵੈਲ-ਸੈਟਲਡ ਹੈ। ਸੰਪਰਕ ਕਰੋ: 647-625-5706

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Student ਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Student ਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੈਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5'8'' ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBA ਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ : 647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਜੱਟ ਸਿੱਖ ਲੜਕਾ ਗਰੇਵਾਲ, ਉੱਮਰ 35 ਸਾਲ, ਕੱਦ 5'5'', ਪੀ ਆਰ, ਕੈਨੇਡਾ ਵਿੱਚ ਵੈਲ ਸੈਟਲਡ, ਤਲਾਕਸੁਦਾ ਪਰ ਬੇਕਸੂਰ ਅਤੇ ਕੋਈ ਬੱਚਾ ਨਹੀਂ, ਨਸ਼ਾ ਰਹਿਤ, ਪੰਜਾਬ ਵਿੱਚ ਸ਼ਹਿਰੀ ਜ਼ਮੀਨ ਦਾ ਮਾਲਕ ਲਈ ਖਾਨਦਾਨੀ ਲੜਕੀ ਦੀ ਲੋੜ ਹੈ। ਪੀ ਆਰ ਲੜਕੀ ਨੂੰ ਪਹਿਲ। ਲੜਕੇ ਦੇ ਮਾਤਾ ਪਿਤਾ ਸੂਪਰਵੀਜ਼ੇ ਤੇ ਕੈਨੇਡਾ ਆਏ ਹਨ ਅਤੇ ਭੈਣ ਵੇਲ ਸੈਟਲਡ ਹੈ। ਲੜਕੇ ਦਾ ਭਰਾ ਅਮਰੀਕਾ ਵਿੱਚ ਰਹਿੰਦਾ ਹੈ। ਵਧੇਰੀ ਜਾਣਕਾਰੀ ਲਈ ਕਾਲ ਕਰੋ: 647-836-5403

ਜੱਟ ਸਿੱਖ ਲੜਕਾ, ਉਮਰ 31 ਸਾਲ, ਕੱਦ 5'-11'', ਨਸ਼ਾ ਰਹਿਤ, ਪੰਜਾਬ ਵਿੱਚ 15 ਕਿਲ੍ਹੇ ਜ਼ਮੀਨ ਦਾ ਮਾਲਕ, ਚੰਗੀ ਜੋਬ, ਲੜਕੇ ਦਾ ਭਰਾ ਕੈਨੇਡਾ ਵਿੱਚ Settled ਹੈ। ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ, Divorcee ਵਾਸਤੇ ਤਲਾਕਸੁਦਾ ਲੜਕੀ ਦੀ ਲੋੜ ਹੈ। ਬੱਚੇ ਵਾਲੇ ਵੀ ਸੰਪਰਕ ਕਰ ਸਕਦੇ ਹਨ, Student ਤੇ ਵੀ ਗੋਰ ਕੀਤੀ ਜਾ ਸਕਦੀ ਹੈ। ਕਾਲ ਕਰੋ: 416-937-1934

Well settled Mair Rajput family in GTA looking for beautiful, tall, educated, preferably post graduate girl from a educated family for well-established handsome, vegetarian Canadian boy, 28 Yrs. / 5'-11", BBA & PG Dip. Mktg. running own business in GTA. Father & Mother doctors, having their own clinic & house in Brampton. Email Bio-data with Photograph at: vermaintoronto@gmail.com

Match for Handsome, Teetotaller, Punjabi Hindu Khatri/Sood boy 44/5'11''(Divorced), Looks Younger, Fair, well settled, Canadian Citizen (India born), Engineer, MBA, CAIB. Own house in Canada/India. Caste no Bar.Father retired officer and mother h/maker. Looking for unmarried, well mannered understand family values. Cell/whatsapp: 647-572-3089




## ਲੜਕੇ ਦੀ ਲੋੜ

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਜੱਟ ਸਿੱਖ ਗਿੱਲ ਲੜਕੀ ਸੋਹਣੀ ਸੁਣਖੀ, 1990 , ਕੱਦ 5'4'', ਵਿਜ਼ਟਰ ਵੀਜੇ ਤੇ ਆਈ, B.A & Cosmetics Diploma ਖਾਨਦਾਨੀ ਲੜਕੀ ਜ਼ਿਲ੍ਹਾ ਲੁਧਿਆਣਾ ਲਈ, ਵੈਸ਼ਨੂ , ਕੈਨੇਡੀਅਨ PR ਜਾਂ ਸਿਟੀਜ਼ਨ ਲੜਕੇ ਦੀ ਲੋੜ ਹੈ। ਲੜਕੀ ਆਪਣੇ ਤਾਏ, ਤਾਈ ਕੋਲ ਰਹਿ ਰਹੀ ਹੈ। ਤਲਾਕਸੁਧਾ ਤੇ ਵੀ ਗੌਰ ਕੀਤੀ ਜਾ ਸਕਦੀ ਹੈ। ਇਕ ਭਰਾ ਜੋ ਕਿ ਕੈਨੇਡਾ ਵਿੱਚ ਵੈਲ ਸੇਟਲਡ ਹੈ। ਵਿਆਹ ਵਧੀਆ। ਸੰਪਰਕ ਕਰੋ : 647-267-0656 । 416-509-7252 । +91 92741-00004

ਜੱਟ ਸਿੱਖ ਲੱੜਕੀ, ਉਮਰ 28 ਸਾਲ, ਕੱਦ 5'-3'', ਬੀ.ਡੀ.ਐਸ (ਡੈਨਟਿਸਟ), ਅਮੈਰਿਕਨ ਸਿਟੀਜ਼ਨ, ਵਧੀਆ ਜੋਬ ਕਰਦੀ ਲੜਕੀ ਲਈ ਖਾਨਦਾਨੀ ਕੈਨੇਡੀਅਨ ਜਾਂ ਅਮੈਰਿਕਨ ਪੜ੍ਹੇ-ਲਿਖੇ ਸਿਟੀਜ਼ਨ ਲੜਕੇ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 847-845-4866, 847-845-6195

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਨਾਈ ਸਿੱਖ ਲੜਕੀਆਂ ਉਮਰ 27 ਸਾਲ, 5'-7", ਸੁੰਦਰ ਪਰਿਵਾਰਕ, ਕੈਨੇਡਾ ਵਰਕ ਪਰਮਿਟ ਅਤੇ ਦੂਜੀ ਲੜਕੀ ਉਮਰ 29 ਸਾਲ,5'-2.5", ਕੈਨੇਡਾ ਲਈ ਕੈਨੇਡੀਅਨ, ਖਾਨਦਾਨੀ ਪਰਿਵਾਰਾਂ ਲਈ ਸੁੱਧ ਵੈਸ਼ਨੂੰ ਲੜਕਿਆਂ ਦੀ ਲੋੜ ਹੈ। ਭਰਾ ਵਿਆਹਿਆ ਕੈਨੇਡੀਅਨ +1-204-914-8700 ਜਾਂ +91-94176-78050 ਜਾਂ sukhdevmc@gmail.com

## ਲੜਕੇ ਦੀ ਲੋੜ

ਜੱਟ ਸਿੱਖ ਗਿਲ ਲੜਕੀ, ਉਮਰ 23 ਸਾਲ, ਕੱਦ 5'-3'', ਨੈਨੀ ਬੇਸ ਤੇ ਆਏ ਲੜਕੀ ਲਈ ਕੈਨੇਡੀਅਨ P.R ਜਾਂ ਸਿਟੀਜ਼ਨ ਲੜਕੇ (25 ਤੋਂ 30 ਸਾਲਾ ਉਮਰ) ਦੀ ਲੋੜ ਹੈ। ਸੰਪਰਕ ਕਰੋ: 437-221-4002

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5'1'', ਸਟਡੀ ਵੀਜੇ ਤੇ ਆਈ, M.A (English) & Education Technology Diploma ਲੜਕੀ ਲਈ, ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 647-994-1985 । 416-494-9943

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਸਰਾਂ, ਉਮਰ 32 ਸਾਲ, ਕੱਦ 6'' ਫੁੱਟ, **Canadian P.R** ਲੜਕੇ ਲਈ ਲੜਕੀ ਦੀ ਲੋੜ ਜਿਹੜੀ **Visitor/Nanny** ਜਾਂ ਫਿਰ **Student** ਹੋਵੇ ਅਤੇ ਉਮਰ 26 ਸਾਲ, ਜਾਂ ਉਸ ਤੋਂ ਉੱਪਰ ਹੋਵੇ। ਸੰਪਰਕ ਕਰੋ: 289-489-9321 ।

ਜੱਟ ਸਿੱਖ ਬੈਨੀਪਾਲ ਲੜਕੀ, ਉੱਮਰ 23 ਸਾਲ, ਯੋਗਤਾ ਬੀ ਐਸ ਸੀ ਨਰਸਿੰਗ, ਵਰਕ ਪਰਮਿਟ ਤੇ' ਰਹਿ ਰਹੀ ਅਤੇ ਬੇਲ ਕੰਪਨੀ ਵਿੱਨ ਨੌਕਰੀ ਕਰਦੀ ਲੜਕੀ ਲਈ ਲੜਕੇ ਦੀ ਲੋੜ ਹੈ। ਉਹੀ ਸੰਪਰਕ ਕਰਨ ਜੋ ਲੜਕੀ ਦੇ ਇੰਡੀਆ ਰਹਿੰਦੇ ਭਰਾ ਜਿਸਦੀ ਉੱਮਰ 26 ਸਾਲ, ਬੀ ਏ ਪਾਸ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ: 647-544-3435

25 ਸਾਲਾਂ ਲੜਕੀ, 5'3'', ਕੈਮੀਕਲ ਟੈਕਨੀਸ਼ਅਨ ਦਾ ਕੋਰਸ ਕੀਤਾ ਹੈ ਅਤੇ ਵਿਜ਼ੀਟਰ ਵੀਜੇ ਤੇ' ਕੈਨੇਡਾ ਹੈ ਲਈ ਵੈਸ਼ਨੂੰ ਪੀ ਆਰ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਕਾਲ 647-687-6642 ਜਾਂ +91-99142-41710









# ਨਿਘਰਦੀਆਂ ਜਾ ਰਹੀਆਂ ਨੇ ਇਨਸਾਨੀ ਕਦਰਾਂ ਕੀਮਤਾਂ

-ਕਮਲਜੀਤ ਸਿੰਘ ਬਨਵੈਤ

ਵੋਟਾਂ ਤੋਂ ਦੋ ਦਿਨ ਪਹਿਲਾਂ ਦੀ ਗੱਲ ਹੈ। ਮੇਰਾ ਬੇਟਾ ਤੇ ਮੈਂ ਦੋਵੇਂ ਸ਼ਾਮ ਦੀ ਡਿਊਟੀ ਲਈ ਘਰ ਤੋਂ ਦਫਤਰ ਨੂੰ ਸਾਢੇ ਪੰਜ ਕੁ ਵਜੇ ਨਿਕਲੇ ਸੀ। ਕਾਰ ਬੇਟਾ ਚਲਾ ਰਿਹਾ ਸੀ। ਮੈਂ ਉਸ ਦੇ ਨਾਲ ਮੂਹਰਲੀ ਸੀਟ 'ਤੇ ਬੈਠਾ ਵਟਸਐਪ ਵੇਖਣ ਦਾ ਲਾਭ ਲੈ ਰਿਹਾ ਸੀ। ਸੈਕਟਰ 46-47 ਦੇ ਚੌਕ 'ਤੇ ਉਹ ਇਕਦਮ ਕਾਰ ਰੋਕ ਕੇ ਮੈਨੂੰ ਬਗੈਰ ਕੁਝ ਦੱਸੇ ਤਾਕੀ ਖੋਲ੍ਹ ਕੇ ਬਾਹਰ ਨਿਕਲ ਗਿਆ। ਇਸ ਤੋਂ ਪਹਿਲਾਂ ਕਿ ਮੈਂ ਉਸ ਨੂੰ ਪੁੱਛਦਾ, ਉਸ ਦੇ ਕਦਮ ਤੇਜ਼ੀ ਨਾਲ ਚੌਕ ਦੇ ਅੱਧ ਤੱਕ ਪਹੁੰਚ ਗਏ। ਮੈਂ ਦੇਖਿਆ ਕਿ ਚੌਕ ਦੇ ਐਨ ਵਿਚਕਾਰ ਐਕਟਿਵਾ ਸਕੂਟਰ ਡਿੱਗਿਆ ਪਿਆ ਸੀ ਤੇ ਉਸ ਦੇ ਨਾਲ ਡਿੱਗੇ ਗੱਤੇ ਦੇ ਡੱਬੇ 'ਚੋਂ ਦੇਸੀ ਸ਼ਰਾਬ ਦੀਆਂ ਬੋਤਲਾਂ ਨਿਵਾਣ ਵੱਲ ਨੂੰ ਰਿੜ੍ਹ ਰਹੀਆਂ ਸਨ। ਪਰ੍ਹੇ ਸੜਕ 'ਤੇ ਇਕ ਨੌਜਵਾਨ ਗੰਭੀਰ ਜ਼ਖਮੀ ਹੋਇਆ ਪਿਆ ਸੀ। ਉਸ ਦੇ ਨਾਲ ਇਕ ਸੈਂਟਰੋ ਕਾਰ ਵੀ ਖੜੀ ਸੀ। ਗਹੁ ਨਾਲ ਵੇਖਿਆ ਤਾਂ ਪਤਾ ਲੱਗਾ ਕਿ ਕਾਰ ਸਕੂਟਰ ਦੀ ਟੱਕਰ ਹੋਈ ਹੈ। ਹਾਦਸਾ ਹੋ ਜਾਣ ਕਰਕੇ ਚੌਕ ਵਿੱਚ ਭੀੜ ਇਕੱਠੀ ਹੋਣ ਲੱਗੀ ਸੀ।

ਇੰਨੇ ਨੂੰ ਸ਼ਿਮਲਾ ਤੋਂ ਜਲੰਧਰ ਬਰਾਸਤਾ ਚੰਡੀਗੜ੍ਹ ਨੂੰ ਜਾਂਦੀ ਪੰਜਾਬ ਰੋਡਵੇਜ਼ ਦੀ ਇਕ ਬੱਸ ਆ ਰੁਕੀ। ਬੱਸ ਦਾ ਡਰਾਈਵਰ ਤਾਕੀ ਦਾ ਸ਼ੀਸ਼ਾ ਹੇਠਾਂ ਕਰਕੇ ਉਥੇ ਖੜੇ ਲੋਕਾਂ ਤੋਂ ਜਾਣਕਾਰੀ ਲੈਣ ਲੱਗ ਪਿਆ। ਪਿਛਲੀ ਸੀਟ ਉੱਤੇ ਬੈਠੇ ਕੰਡਕਟਰ ਦੀ ਅੱਖ ਗੱਤੇ ਦੇ ਡੱਬੇ ਵਿੱਚੋਂ ਖਿੰਡ ਰਹੀਆਂ ਬੋਤਲਾਂ ਨੂੰ ਘੂਰਨ ਲੱਗੀ ਸੀ। ਉਹ ਬੱਸ ਤੋਂ ਛੇਤੀ ਦੇਣੀ ਉਤਰਿਆ ਅਤੇ ਹਾਦਸਾ ਗ੍ਰਸਤ ਸਕੂਟਰ ਨਾਲ ਪਏ ਗੱਤੇ ਦੇ ਡੱਬੇ ਵਿੱਚੋਂ ਰਿੜ੍ਹੀਆਂ ਦੇਸੀ ਸ਼ਰਾਬ ਵਾਲੀਆਂ ਪਲਾਸਟਿਕ ਦੀਆਂ ਦੋ ਬੋਤਲਾਂ ਕੱਛੇ ਮਾਰ ਮੁੜ ਬੱਸ ਵਿੱਚ ਆ ਚੜ੍ਹਿਆ ਅਤੇ ਲੰਮੀ ਸੀਟੀ ਮਾਰ ਕੇ ਬੱਸ ਭਜਾਉਣ ਦਾ ਇਸ਼ਾਰਾ ਦੇ ਦਿੱਤਾ। ਚੌਕ ਦੇ ਪਰਲੇ ਪਾਸੇ ਖੜੇ ਦੋ ਹੋਰ ਮਜ਼ਦੂਰ ਆਏ ਤੇ ਉਹ ਵੀ ਬੋਤਲਾਂ ਚੁੱਕ ਕੇ ਤੁਰ ਗਏ। ਐਨੇ ਨੂੰ ਪੁਲਸ ਦੀ ਜਿਪਸੀ ਆ ਰੁਕੀ। ਪੁਲਸ ਨੇ ਐਂਬੂਲੈਂਸ ਸੱਦ ਲਈ। ਐਂਬੂਲੈਂਸ ਫੱਟੜ ਨੂੰ ਲੈ ਕੇ ਸੈਕਟਰ 32 ਦੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਵੱਲ ਦੌੜ ਪਈ। ਉਸ ਦੇ ਮਗਰ ਹੀ ਪੁਲਸ ਨੇ ਗੱਤੇ ਦੇ ਡੱਬੇ 'ਚ ਪਈਆਂ ਬੋਤਲਾਂ ਨੂੰ ਜਿਪਸੀ ਵਿੱਚ ਲੱਦ ਕੇ ਜ਼ੋਰ ਦੀ ਰੇਸ ਦੱਬ ਦਿੱਤੀ ਸੀ।

ਮੈਂ ਕਾਰ ਦਾ ਸ਼ੀਸ਼ਾ ਖੋਲ੍ਹ ਕੇ ਸੜਕ ਦੇ ਇਕ ਪਾਸੇ ਸਕੂਟਰ 'ਤੇ ਬੈਠੇ ਬੰਦੇ ਨੂੰ ਹਾਦਸੇ ਬਾਰੇ ਪੁੱਛਣਾ ਚਾਹਿਆ ਤਾਂ ਉਹ ਮੇਰੀਆਂ ਸੁਆਲੀਆ ਅੱਖਾਂ ਨੂੰ ਪੜ੍ਹਦਿਆਂ ਹੀ ਬੋਲ ਪਿਆ, 'ਜ਼ਮਾਨਾ ਬੜਾ ਮਾੜਾ ਆ ਗਿਆ। ਲੋਕ ਤਾਂ ਮਰੇ ਬੰਦੇ ਦੇ ਉਪਰ ਦੀ ਲੰਘ ਜਾਂਦੇ ਆ।' ਨਾਲ ਪਰ੍ਹੇ ਇਕ ਕਾਰ ਵਿੱਚ ਡਰਾਈਵਰ ਦੇ ਨਾਲ ਦੀ ਸੀਟ 'ਤੇ ਔਰਤ ਹੱਥ ਜੋੜੀ ਬੈਠੀ ਸੀ। ਉਹ ਬੋਲੀ, 'ਲੋਕਾਂ ਦਾ ਵੱਸ ਚੱਲੇ ਤਾਂ ਮੁਰਦੇ ਦਾ ਕਫਨ ਵੇਚ ਕੇ ਵੀ ਖਾ ਜਾਣ। ਦੇਖੋ ਨਾ ਅੱਜ ਸ਼ਰਾਬ ਦੀ ਬੋਤਲ ਨਾਲੋਂ ਬੰਦਾ ਸਸਤਾ ਹੋ ਗਿਐ।'

ਇਹ ਸਾਰੀ ਦ੍ਰਿਸ਼ਾਵਲੀ ਦੇਖ ਕੇ ਮੈਂ ਇੰਨਾ ਦਹਿਲ ਗਿਆ ਕਿ ਨਾ ਮੈਂ ਫੱਟੜ ਕੋਲ ਜਾ ਕੇ ਮਦਦ ਕਰ ਸਕਿਆ ਅਤੇ ਨਾ ਵਾਪਸ ਆਏ ਬੇਟੇ ਤੋਂ ਹਾਦਸੇ ਬਾਰੇ ਜਾਣਕਾਰੀ ਲੈ ਸਕਿਆ। ਬੇਟੇ ਨੇ ਐਨਾ ਕਹਿੰਦਿਆਂ ਕਾਰ ਸਟਾਰਟ ਕਰ ਲਈ ਕਿ ਚਲੋ ਬੰਦਾ ਬਚ ਗਿਆ ਲਗਦੈ, ਸ਼ਰਾਬ ਦਾ ਕੋਈ ਨਹੀਂ। ਉਥੇ ਖੜੇ ਲੋਕਾਂ ਵਿੱਚ ਚਰਚਾ ਸੀ ਕਿ ਪੇਟੀ ਤਾਂ ਵੋਟਾਂ ਵਾਲੇ ਦੇ ਗਏ ਹੋਣੇ ਆ।

ਮੈਂ ਕਾਰ 'ਚ ਬੈਠਾ ਜਿਵੇਂ ਕਿਤੇ ਗੁਆਚ ਗਿਆ ਹੋਵਾਂ। ਮੇਰੀਆਂ ਅੱਖਾਂ ਅੱਗੋਂ ਹਾਦਸੇ 'ਚ ਫੱਟੜ ਲੋਕਾਂ ਦੀ ਬਾਹਾਂ 'ਚੋਂ ਲਾਹੇ ਜਾਂਦੇ ਗਹਿਣਿਆਂ ਅਤੇ ਜੇਬਾਂ ਵਿੱਚੋਂ ਕੱਢੀ ਜਾ ਰਹੀ ਨਗਦੀ ਦੀਆਂ ਘਟਨਾਵਾਂ ਦੀਆਂ ਖਬਰਾਂ ਫਿਲਮ ਦੀ ਤਰ੍ਹਾਂ ਇਕ-ਇਕ ਕਰਕੇ ਲੰਘ ਰਹੀਆਂ ਸਨ। ਦਫਤਰ ਪੁੱਜਣ 'ਤੇ ਬੇਟੇ ਨੂੰ ਬਿਨਾ ਕੁਝ ਕਹੇ ਮੈਂ ਕਾਰ ਤੋਂ ਉਤਰ ਕੇ ਆਪਣੇ ਕਮਰੇ ਵਿੱਚ ਪਹੁੰਚ ਗਿਆ। ਲੋਕਾਂ ਦੁਆਰਾ ਹਾਦਸੇ ਵਿੱਚ ਜ਼ਖਮੀ ਵਿਅਕਤੀ ਦੀ ਸਹਾਇਤਾ ਨਾ ਕਰਨ ਦੀ ਥਾਂ ਉਸ ਦੀਆਂ ਸ਼ਰਾਬ ਦੀਆਂ ਬੋਤਲਾਂ ਲਿਜਾਣ ਦੇ ਕਰਮ ਨੇ ਉਸ ਦਿਨ ਕੰਮ ਦੌਰਾਨ ਵੀ ਮੈਨੂੰ ਬੇਚੈਨ ਕਰੀ ਰੱਖਿਆ।


## 2 bedroom basement available

Available from 1st week of February Well clean and fully furnished 2 bedroom basement is available for rent in Malton area near Singh sabha gurdwara. Internet and laundry available.

Call 905-848-5464




ਮਹਿੰਦਰ ਸਿੰਘ ਪੰਜੂ

ਪੰਜੂ ਦੀਆਂ ਗ਼ਜ਼ਲਾਂ ਵਿਚ ਉਹ ਸਾਰੇ ਗੁਣ ਹਨ ਜੋ ਪ੍ਰਬੁੱਧ ਅਤੇ ਅਜੋਕੀ ਸ਼ਾਇਰੀ ਵਿਚ ਲੋੜੀਂਦੇ ਹਨ। ਮੈਂ ਉਸ ਨੂੰ ਕਿਹਾ ਸੀ ਕਿ ਪਰਵਾਸ ਵਿਚ ਵੱਸਣਾ ਵੀ ਦੁਖਦੀਆਂ ਅੱਡੀਆਂ ਦਾ ਸਫ਼ਰ ਹੈ ਪਰ ਇਸ ਸਫ਼ਰ ਵਿਚ ਹੂੰਗਣਾ ਨਹੀਂ ਮਤ ਬੱਚੇ ਕੁਝ ਹੋਰ ਤਰ੍ਹਾਂ ਸੋਚਣ ਲੱਗਣ। ਉਸਦੀਆਂ ਸਮੁੱਚੀਆਂ ਗ਼ਜ਼ਲਾਂ ਦੇ ਸਮੁੱਚੇ ਸ਼ਿਅਰ ਸਮਾਜਿਕ, ਆਰਥਿਕ, ਰਾਜਨੀਤਕ, ਸਭਿਆਚਾਰਕ ਅਤੇ ਆਧੁਨਿਕ ਮਨੁੱਖ ਸਾਹਮਣੇ ਮੂੰਹ ਅੱਡੀ ਖੜ੍ਹੀਆਂ ਵਿਕਰਾਲ ਸਮੱਸਿਆਵਾਂ ਦੀ ਅੱਕਾਸੀ ਹੈ। ਮੈਨੂੰ ਮਾਣ ਹੈ ਕਿ ਉਮਰ ਦਰਾਜ਼ ਅਤੇ ਬੁੱਧ ਵਿਦਵਾਨ ਮੈਨੂੰ ਉਸਤਾਦ ਕਹਿੰਦਾ ਹੈ ਪਰ ਸਭ ਤੋਂ ਵੱਡਾ ਮਾਣ ਮੈਨੂੰ ਇਹ ਹੈ ਕਿ ਉਹ ਇਕ ਸ਼ਾਨਦਾਰ ਗ਼ਜ਼ਲ ਸੰਗ੍ਰਹਿ ਲੈ ਕੇ ਲੋਕ ਕਚਹਿਰੀ ਵਿਚ ਸਨਮਾਨਿਤ ਖੜ੍ਹਾ ਹੈ। ਉਸ ਨੂੰ ਜੀ ਆਇਆਂ ਕਹੋ। ਮੈਨੂੰ ਇਹ ਵੀ ਖ਼ੁਸ਼ੀ ਹੈ ਕਿ ਉਸ ਨੇ ਮੇਰੇ ਹੇਠਲੇ ਅਮਰ ਸ਼ਿਅਰ ਨੂੰ ਸਾਹਮਣੇ ਰੱਖ ਕੇ ਗ਼ਜ਼ਲਾਂ ਕਹੀਆਂ:

ਨਿਰੀ ਹੋਠਾਂ ਦੀ ਲਾਲੀ ਨਈਂ  
ਕਲੇਜੇ ਦਾ ਲਹੂ ਵੀ ਲਿਖ  
ਗ਼ਜ਼ਲ ਵਿਚ ਬਹੁਤ ਕੁਝ ਹੁੰਦੈ  
ਤੂੰ ਕੇਵਲ ਕਾਫੀਆ ਨ ਦੇ

-ਸੁਲੱਖਣ ਸਰਹੱਦੀ

## ਜਦ ਅੱਖੀਆਂ ਸਭ ਕੁਝ ਬੋਲਦੀਆਂ

ਕੀ ਲੋੜ ਬੁੱਲ੍ਹਾਂ ਨੂੰ ਬੋਲਣ ਦੀ,  
ਨੈਣਾਂ ਚੋਂ ਪਿਆਲੇ ਭਰ ਦੇਵਣ,  
ਮਿਸ਼ਰੀ ਵੀ ਆਪ ਘੋਲਦੀਆਂ।  
ਜਦ ਤੱਕਣੀ ਜਾਦੂ ਬਣ ਜਾਵੇ,  
ਕਾਬੂ ਕਰ ਲੈਂਦੀ ਰਾਹੀਆਂ ਨੂੰ,  
ਸੱਤ ਜਿੰਦਿਆਂ ਦੇ ਅੰਦਰੋਂ ਵੀ ਇਹ,  
ਅਰਮਾਨਾਂ ਨੂੰ ਜਾ ਟੋਲਦੀਆਂ।  
ਜੋ ਰਮਜ਼ ਨਾ ਇਨ੍ਹਾਂ ਦੀ ਜਾਣੇ,  
ਬਣ ਬਹਿਣ ਸਬੱਬ ਅਣ ਦੇਖੀਦਾ,  
ਇਹ ਭੇਤ ਨਾ ਸਾਂਝਾ ਕਰਨ ਜਦੋਂ,  
ਦਿਸਣ ਨੂੰ ਭਾਵੇਂ ਦੋ ਅੱਖਾਂ,  
ਧੁਰ ਅੰਦਰ ਇਕ ਸੰਸਾਰ ਵਸੇ,  
ਇਹ ਪਰਖ ਕਰੇਂਦੀਆਂ ਚੁੱਪ ਰਹਿ ਕੇ,  
ਪਰ ਪਰਤਾਂ ਰਹਿਣ ਫਰੋਲਦੀਆਂ।  
ਜਦ ਥਾਹ ਵਿਸ਼ਵਾਸ ਦੀ ਪਾਉਣ ਪੰਜੂ,  
ਹੰਝੂ ਖੁਸ਼ੀਆਂ ਦੇ ਝਰਦੇ ਨੇ,  
ਬੇਪਰਵਾਹ ਸੱਸੀ-ਸੋਹਣੀ ਬਣ,  
ਅਣਮੁੱਕ ਖਜ਼ਾਨੇ ਖੋਲ੍ਹਦੀਆਂ।  
***

## ਜਿਸ ਦਰਦ ਬਿਰਹੋਂ ਦੇ ਸਾਂਭ ਲਏ

ਜਿਸ ਦਰਦ ਬਿਰਹੋਂ ਦੇ ਸਾਂਭ ਲਏ,  
ਉਸ ਵਰਗਾ ਹੋਰ ਅਮੀਰ ਨਹੀਂ।

ਇਹ ਮੰਗੇ, ਨਾ ਮੁੱਲ ਮਿਲਦੇ ਨੇ, ਜੇ  
ਰੂਹ ਬੇਚੈਨ ਅਧੀਰ ਨਹੀਂ।

ਦਰਦਾਂ ਨੂੰ ਧਾ, ਗਲਵੱਕੜੀ ਪਾ, ਕਿੰਝ  
ਸੋਹਣੀ ਵਿੱਚ ਝਨਾਂ ਠਿੱਲੀ,

'ਹੋਣੀ ਨੂੰ ਕਾਹਦਾ ਦੋਸ਼' ਕਹੇ, 'ਜੇ  
ਹੱਥੀਂ ਖ਼ਾਸ ਲਕੀਰ ਨਹੀਂ।'

ਜਦ ਬਿਰਹੋਂ ਦਸਤਕ ਆ ਦਿੱਤੀ,  
ਸੱਸੀ ਬੇਖੌਫ਼ ਥਲੀ ਭੁਜਦੀ,

ਆਪਣੀ ਪਹਿਚਾਣ ਗਵਾਉਂਦੇ ਜੋ,  
ਫਿਰ ਬਾਕੀ ਰਾਂਝਾ ਹੀਰ ਨਹੀਂ।

ਰਹਿਮਤ ਦਾ ਚਸ਼ਮਾ ਫੁੱਟਦੈ ਤਾਂ  
ਉਹ ਪਿਆਸ ਬੁਝਾਵਣ ਨੂੰ ਕਾਹਲਾ,

ਜੋ ਆਪਾ ਖੋਂਦਾ ਹੋਰ ਲਈ, ਉਸ  
ਫੱਕਰ ਜੇਡ ਫਕੀਰ ਨਹੀਂ।

ਜੋ ਤਾਕਤ ਤੇ ਕਾਬਜ਼ ਹੋਇਆ,  
ਮੁਸਕਾਨਾਂ ਕੈਦ ਕਰੀ ਬੈਠਾ,

ਅਣ ਵਰਤੇ ਰਹਿਸਨ ਫਿਰ ਸੱਭੋ,  
ਸਬਰੀਂ ਸੁਖ ਦੀ ਤਾਸੀਰ ਨਹੀਂ।

ਉਸ ਅੱਖ ਦੀ ਭਾਲ 'ਚ ਤੁਰਦਾ ਰਹੁ,  
ਜਿਸਨੂੰ ਵਖਰੇਵੇਂ ਨਹੀਂ ਚੁਭਦੇ,

"ਪੰਜੂ ਪਰਖੀ ਤੇ ਕਦਰ ਕਰੀਂ, ਜਿਸ  
ਨੇਤਰ ਦੇ ਵਿੱਚ ਵੀ ਨਹੀਂ।

## ਕੁਲਹਿਣੀ ਸੇਹ

ਸਾਡੇ ਵਿਹੜੇ ਤੱਕਲਾ ਗੱਡ ਗਈ  
ਕੌਣ ਕੁਲਹਿਣੀ ਸੇਹ?  
ਚਿੱਟੇ ਦਿਨ ਵੀ ਅਬਲਾ ਦੀ ਪਤ,  
ਕਾਹਤੋਂ ਹੁੰਦੀ ਖੇਹ ?  
ਕੇਹਾ ਅੰਨ ਤੇ ਪਾਣੀ ਹੋ ਗਿਆ,  
ਕੀ ਜ਼ਹਿਰੀਲੀ ਪੌਣ ਵਗੀ,  
ਰੱਜ ਤੋਂ ਵੱਧ ਖਾ ਪੀ ਕੇ ਵੀ ਨਾ,  
ਮਿੱਟਦੀ ਭੁੱਖ-ਤ੍ਰੇਹ।  
ਹੱਕਾਂ ਦੀ ਗੱਲ ਚੱਲਦੀ ਰਹਿੰਦੀ,  
ਆਪਣਿਆਂ ਨੇ ਖੋਹੇ ਜੋ,  
ਸਿਰ ਪਟਕਾਉਂਦੀ, ਮਨੋਰੋਗ ਨਾਲ,  
ਪਰਬਤ ਵਰਗੀ ਦੇਹ।  
ਸੱਭਿਆ ਹੋ ਗਿਆ ਮਾਨਸ ਅੱਜ ਦਾ,  
ਕਿੱਦਾਂ ਕੋਈ ਯਕੀਨ ਕਰੇ?  
ਬੰਦੇ ਨੂੰ ਜਦ ਬੰਦਾ ਦੇਵੇ,  
ਬੂਟਾਂ ਥੱਲੇ ਫੇਹ।  
ਸਾਡਾ ਦਰਦ ਵੰਡਾਵਣ ਵਾਲਾ,  
ਮੰਦਹਾਲੀ ਨੂੰ ਕੋਸੇ,  
'ਕਿੱਥੇ ਲੁਕਿਆ, ਜਿਸਨੇ ਸਾਡੇ,  
ਪੱਲੇ ਪਾਈ ਏਹ।  
ਛੱਡ ਈਰਖਾ, ਆਸ ਨਾ ਛੱਡੀਂ,  
ਆਪਣੇ ਵੱਲੋਂ ਯਤਨ ਕਰੀਂ,  
'ਪੰਜੂ' ਪਿਆਰ ਦਾ ਨਗਮਾ ਗੂੰਜੂ,  
ਕਦੇ ਤਾਂ ਵਰਸੂ ਮੋਹ ਦਾ ਮੇਹ।

## ਧੀ ਦੀ ਕੂਕ ਪੁਕਾਰ

ਕਰ ਕੁੱਝ ਤਰਸ ਤੇ ਸੁਣ ਲੈ ਅੜੀਏ, ਧੀ ਦੀ ਕੂਕ ਪੁਕਾਰ ਨੀ ਮਾਏ।  
ਕੀ ਤੂੰ ਆਪ ਸਬੂਤੀ ਰਹਿਜੇ, ਧੀ ਨੂੰ ਕੁੱਖ 'ਚ ਮਾਰ ਨੀ ਮਾਏ।  
ਬਾਪੂ ਡਰਦੈ, ਦਾਜ ਨਾਲ ਮੈਂ ਮੂੰਹ ਅਗਲਿਆਂ ਦਾ ਕਿਵੇਂ ਭਰੂੰ,  
ਦੇਹ ਵਿੱਦਿਆ, ਜੋ ਆਪ ਕਮਾਵਾਂ, ਧੀ ਨੂੰ ਕਰ ਸਚਿਆਰ ਨੀ ਮਾਏ।  
ਮਾੜੇ ਵੇਲੇ ਤੋਂ ਡਰਦੀ ਹੈਂ, ਪਤ ਲੁੱਟੀਂਦੀ ਰੋਜ਼ ਸੁਣੇ,  
ਕੰਮ ਵੀ ਦੇਈਂ ਹੱਥਾਂ ਨੂੰ ਤੇ ਰੱਖਿਆ ਲਈ ਹਥਿਆਰ ਨੀ ਮਾਏ।  
ਵੀਹੀ ਦੇ ਵਿੱਚ ਘੇਰ ਲਿਆ ਜੇ, ਤੈਨੂੰ ਬੁਰੇ ਜ਼ਮਾਨੇ ਨੇ,  
ਕੀਹਨੂੰ ਮਾਰਕੇ, ਹਉਮੈਂ ਵਣਜੇ, ਰਤਾ ਕੁ ਕਰੀਂ ਵਿਚਾਰ ਨੀ ਮਾਏ।  
ਪੁੱਤ ਨਿਕੰਮੇ ਨੂੰ ਰਾਹ ਪਾ ਲੈ, ਤੂੰ ਚੰਗੀ ਮਾਂ ਬਣਕੇ ਨੀ,  
ਅੱਜ ਸੰਭਾਲਣ ਤੋਂ ਜੋ ਉੱਕੀ, ਹੋਣਾ ਪਊ ਲਾਚਾਰ ਨੀ ਮਾਏ।  
ਅਣਜੰਮੀ ਨੂੰ ਮਾਰ ਕੇ ਸੋਚੇਂ, ਮੈਂ ਵੱਡੀ ਜੰਗ ਜਿੱਤ ਲਈ,  
ਆਪਣਿਆਂ ਨੂੰ ਮਾਰ ਨਾ ਸੋਂਹਦਾ, ਝੂਠਾ ਗੁਰਬ-ਹੰਕਾਰੇ ਨੀ ਮਾਏ।  
ਧੀ ਧਿਆਣੀ, ਕਰੀ ਨਿਮਾਣੀ, ਨਿੱਘਰੀ ਸੋਚ ਜ਼ਮਾਨੇ ਦੀ,  
ਬਦਲ ਸੋਚ ਨੂੰ, ਮੰਗ ਝਾਂਸੀ ਤੋਂ ਅਣਖ ਲਈ ਤਲਵਾਰ ਨੀ ਮਾਏ।  
ਮਾਵਾਂ ਜੇ ਕਾਤਲ ਬਣ ਗਈਆਂ, ਧੀਆਂ ਨਜ਼ਰ ਨਾ ਆਉਣਗੀਆਂ,  
ਛੜਿਆਂ ਦੀ ਮਾਂ ਰੋਊ, ਕਿਸਤੋਂ ਪੀਊ ਪਾਣੀ ਵਾਰ ਨੀ ਮਾਏ।  
ਤੂੰ-ਜਗ ਜਣਨੀਂ, ਮਿਲੀ ਦਾਤ ਨੂੰ, ਸਹਿਜ-ਸਬਰ ਨਾਲ ਜੇ ਵਰਤੇਂ।  
ਸਫਲੀ ਕੁੱਖ ਦਾ 'ਪੰਜੂ'ਕਰਨੈ, ਮਣਾਂ-ਮੂੰਹੀ ਸਤਿਕਾਰ ਨੀ ਮਾਏ।

## ਮਿਟੇ ਉਦਾਸੀ, ਭਟਕਣਾ

ਮਿਟੇ ਉਦਾਸੀ, ਭਟਕਣਾ, ਇੱਕ ਵਾਰ ਮਿਲ ਜਾਏ।  
ਸਭ ਪੜਦੇ ਕੱਜੇ ਜਾਣ, ਤੇ ਸਤਿਕਾਰ ਮਿਲ ਜਾਏ।  
ਓਹਦੇ ਮਿਲਣ ਨਾਲ, ਜ਼ਿੰਦਗੀ ਬਦਲ ਜੇ,  
ਪਾਸਾ ਵੱਟ ਗਿਆਂ ਤੋਂ, ਪਿਆਰ ਮਿਲ ਜਾਏ।  
ਚਿਹਰੇ ਤੇ ਪਰਤਣ ਰੌਣਕਾਂ, ਬਹਾਰ ਬਣ ਔਣ ਜੋ,  
ਪਹਿਨਾਂ, ਖੇੜੇ-ਖੁਸ਼ੀਆਂ ਦਾ, ਹਾਰ ਮਿਲ ਜਾਏ।  
ਹੀਣਤਾ ਦੀ ਕਾਲਖ਼ ਉਸਦੀ ਹੋਂਦ ਤੋਂ ਡਰੇ,  
ਹੌਸਲੇ ਨਾਲ ਜਿਉਣ ਦਾ, ਅਧਿਕਾਰ ਮਿਲ ਜਾਏ।  
ਉਹਦੀ ਕਦਰ ਕਰਾਂ, ਮੈਂ ਫ਼ਰਜ਼ ਪਛਾਣ ਕੇ,  
ਮੈਨੂੰ ਕੱਦਾਵਰ ਕਰੇ, ਦਿਲਦਾਰ ਮਿਲ ਜਾਏ।  
ਬਦਲ ਜਾਣ ਰੇਖਾਵਾਂ, ਉਹਦੇ ਮਿਲਣ ਨਾਲ,  
ਜਿੱਦਾਂ ਤੜਪ ਕਹੇ ਨੂੰ, ਵਿਛੜਿਆ ਯਾਰ ਮਿਲ ਜਾਏ।  
'ਪੰਜੂ' ਭੁੱਲ ਜਾਵੇ, ਮਿਲੇ ਤ੍ਰਿਸਕਾਰ ਨੂੰ,  
ਬੱਸ ਇੱਕ ਵਾਰ, ਪੱਕਾ ਰੁਜ਼ਗਾਰ ਮਿਲ ਜਾਏ।  
ਸੋਨਾ ਬਣਨ ਪੰਜੂ ਦੇ ਸ਼ਿਅਰ ਪਾਰਸ ਛੋਹ ਪਾ ਕੇ,  
ਹੌਸਲਾ ਵਧਾਵੇ, 'ਸਰਹੱਦੀ' ਜਿਹਾ ਯਾਰ ਮਿਲ ਜਾਏ।


ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

Honesty, Reliability, Commitment
SELL FOR MORE BUY FOR LESS
- 1 yr Home Warranty
- We Help to get mortgage
Free valuation & Lowest Commission
- Special for First Time Home Buyer
OPEN HOUSE UNTIL SOLD
HIGHER STANDARDS FIVE STAR CERTIFIED TEAM
Silvercity
B. 905.913.8500
HIRA RANDHWA
Broker
416.319.0551
BHUPENDRA DHILLON
Sales Representative
647-896-1877
Hirarandhawa@yahoo.ca HiraRandhawa.com Dhillonbhupendra@hotmail.com

For SUPER-VISA INSURANCE, TRAVEL INSURANCE RESP
Call: 416-319-0551

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੂੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ। ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

ਟੱਰਕ ਤੇ ਟ੍ਰੇਲਰ ਰਿਪੇਅਰ ਸ਼ਾਪ ਨੂੰ ਮਕੈਨਿਕਾਂ ਦੀ ਲੋੜ ਹੈ
- 6 ਦਿਨ ਕੰਮ ਸੋਮਵਾਰ ਤੋ ਸ਼ਨੀਵਾਰ
- Biweekly payment
- Homely Environment
- ਵਧੀਆ ਤਨਖਾਹ
Minimum 1 year experience & Trained mechanic
ਵਧੇਰੀ ਜਾਣਕਾਰੀ ਲਈ ਸੰਪਰਕ ਕਰੋ:
647.898.4042/416.505.6857
(Call from 9am to 6pm)

amar INTERMODAL • TRANSPORT • STORAGE
HIRING DRIVERS for Ontario and Montreal
Hiring Owner Operators Drivers
1 Year Prior Experience
Flexible in time
Good Salary
Contact Now
P: 905-893-2270 Ext 121
F: 905-893-9545
E: info@amartransport.com
W: www.amartransport.com
Lanes
Toronto local work
Montreal local work
Montreal Toronto highway work
7290 Major Mackenzie Drive Kleinberg, Ont. L0J 1C0

Call for Free Estimates
A-1 RENOVATION GTA INC
New Basement $1,000
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
- Complete Basement
- Tiles
- Bathrooms
- Plumbing
- Laminate
- Hardwood Floor
- Painting
A-1 RENOVATION GTA INC.
22 Listcreek Road, Brampton L6p 2n6

GF1 Security Jobs - Security Guard Training - Licensing
Job Guaranteed after completion of the training
Weekend ਤੇ ਵੀ Security ਲਈ Training Classes ਲਗਾਈਆਂ ਜਾਂਦੀਆਂ ਹਨ
■ Ministry of Community Safety and Correctional Services approved. ■ We speak English, Hindi, Punjabi &Urdu.
■ Training by Professional Instructors. First Aid & CPR certification included. ■ Limited time offer:$199/-
We Also Provide All Level's of First Aid & CPR Training
- Emergency First Aid & CPR Level's A.B.C
- Standard First Aid & CPR Level's A.B.C.HCP
- Stay at Home Course
- Baby Sitting Course
- Little Rescuers
H.O: 1332 Khalsa Dr.,Unit 3,2nd Floor,Mississauga, L5S1W5
(Near Dixie Gurdwara)
647-710-7760
Email: info@gf1security.com
1085 Bellamy Rd (N)
Unit #210 Scarbrough (Toronto)
647-929-7736
Web: www.gf1security.com
REVIVE EMS
CANADIAN RED CROSS Training Partner

ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
ਅਵਤਾਰ ਸਿੰਘ ਟਿਵਾਣਾ
- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection
Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

FOR LEASE
Lease: $2,599
Bramalea / Sandalwood
ਅੱਪਰ ਲੇਵਲ ਲੀਜ਼ ਲਈ, ਵਧੀਆ ਕਿਚਨ ਨੂੰ ਕੁਆਰਟਜ਼ ਕਾਂਉਟਰ ਟਾਪ, ਵਾਕ ਆਉਟ ਡੈਕ, 3 ਬੈਡਰੂਮ, 1 1/2 ਵਾਸ਼ਰੂਮ, ਸਟੇਂਨਲੈਸ ਸਟੀਲ ਅਪਲਾਇੰਸਸ, 2 ਪਾਰਕਿੰਗ ਸਪਾਟਸ, ਖਾਲੀ ਬੈਸਮੈਂਟ ਜੋ ਕਿ ਰੈਂਟ ਤੇ ਦੀਤੀ ਜਾ ਸਕਦੀ ਹੈ। ਅੱਜ ਹੀ ਸੰਪਰਕ ਕਰੋ।

FOR SALE
$120,000
VAUGHAN
ਬਹੁਤ ਹੀ ਵਧੀਆ ਲੋਕੇਸ਼ਨ ਤੇ, ਅੱਜ ਹੀ ਆਪਣਾ ਕਾਰੋਬਾਰ ਸ਼ੁਰੂ ਕਰੋ, ਵਧੀਆ ਚਲ ਰਿਹਾ ਬਿਊਟੀ ਸੈਲੂਨ। ਰੈਂਟ ਸਿਰਫ $3324/ਮਹੀਨਾ।

SOLD
Bovaird/Worthington
8 ਬੈਡਰੂਮ, 4 ਵਾਸ਼ਰੂਮ ਦਾ ਡਬਲ ਸਟੋਰੀ ਦੇ ਡਿਟੈਚਡ ਘਰ। ਸੇਪਰੇਟ ਲਿਵਿੰਗ ਤੇ ਡਾਇਨਿੰਗ ਰੂਮ, ਸਟੇਨਲੈਸ ਸਟੀਲ ਅਪਲਾਇੰਸਸ, ਸਕੂਲ, ਬਸਾਂ ਆਦਿ ਦੇ ਨੇੜੇ।

AL EMPLOYMENT SERVICES INC
ਕੀ ਤੁਸੀਂ ਕੰਮ ਲੱਭ ਰਹੇ ਹੋ? ਤਾਂ ਅੱਜ ਹੀ ਕਾਲ ਕਰੋ!
Looking for Experienced:
- Machine Operators
- AZ-DZ Drivers
- Forklift Driver
- Machine Mechanic
- Millwright's
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE WITH WARRANTY
SERVING GTA
CALL: 905-463-2153
Ants, Wasp, Centepede, Fleas, Bed Bugs

RESIDENTIAL - COMMERCIAL PROPERTY - INDUSTRIAL
KARAM SINGH PUNIAN
Sales Representative
For all your Real Estate Need Call
416.262.2600
Email: karampunian@gmail.com
HomeLife Maple Leaf Realty Ltd.
80 Eastern Ave, Brampton, ON
Tel: 905.456.9090

# ਵਿਆਹ ਦੀਆਂ ਰਸਮਾਂ 'ਤੇ ਭਾਰੂ ਪਈ ਮੰਡੀ

– ਡਾ. ਰਾਜਵੰਤ ਕੌਰ ਪੰਜਾਬੀ

ਪੂਰੇ ਵਿਸ਼ਵ ਵਿੱਚ ਭਾਰਤੀ ਵਿਆਹ ਸਮਾਗਮ ਆਪਣੀ ਵਿਲੱਖਣ ਪਛਾਣ ਰੱਖਦੇ ਹਨ। ਇਥੇ ਸਿਰਫ ਮਨੁੱਖਾਂ ਦੇ ਨਹੀਂ, ਦੇਵੀ ਦੇਵਤਿਆਂ, ਪੌਦਿਆਂ ਤੇ ਜਾਨਵਰਾਂ ਦੇ ਵਿਆਹ ਵੀ ਧੂਮ ਧਾਮ ਨਾਲ ਕੀਤੇ ਜਾਂਦੇ ਹਨ। ਅਜੋਕੇ ਸਮਾਜ ਵਿੱਚ ਗਰੀਬ ਬੰਦੇ ਲਈ ਧੀ ਪੁੱਤ ਦਾ ਵਿਆਹ ਕਰਨਾ ਸਹਿਜ ਕਾਰਜ ਨਹੀਂ ਰਿਹਾ। ਇਸ ਨੇ ਬੇਹੱਦ ਜਟਿਲ ਅਤੇ ਖਰਚੀਲੇ ਆਯੋਜਨ ਵਾਲੇ ਸਮਾਰੋਹ ਦਾ ਰੂਪ ਧਾਰਨ ਕਰ ਲਿਆ ਹੈ। ਧੂਮ ਧੜਾਕੇ ਨਾਲ ਕੀਤੇ ਜਾਂਦੇ ਵਿਆਹਾਂ ਦਾ ਖਰਚ ਪੰਦਰਾਂ ਵੀਹ ਲੱਖ ਤੋਂ ਘੱਟ ਕਿਆਸ ਹੀ ਨਹੀਂ ਕੀਤਾ ਜਾ ਸਕਦਾ।

ਸਾਹਾ ਚਿੱਠੀ ਮਹਿੰਗੇ ਕਾਰਡਾਂ ਰਾਹੀਂ ਸੱਦਾ ਪੱਤਰਾਂ ਦਾ ਰੂਪ ਲੈ ਚੁੱਕੀ ਹੈ। ਗੁੜ ਦੀ ਭੇਲੀ ਦੀ ਥਾਂ ਪੰਜੀਰੀ ਜਾਂ ਵਿਭਿੰਨ ਕਿਸਮਾਂ ਦੀ ਮਠਿਆਈ ਵੰਡਣ ਦਾ ਰੁਝਾਨ ਹੋ ਗਿਆ ਹੈ। ਪੂੰਜੀਪਤੀ ਆਪਣੀ ਔਲਾਦ ਦੇ ਵਿਆਹ ਪੰਜ ਤਾਰਾ ਹੋਟਲਾਂ ਵਿੱਚ ਕਰਨ ਲੱਗੇ ਹਨ। ਬਰਾਤ ਦੇ ਢੁਕਾਅ ਵੇਲੇ ਲਾੜਾ ਘੋੜੀ ਤੋਂ ਉਤਰਨ ਦੀ ਥਾਂ ਮਹਿੰਗੀ ਕਾਰ ਤੋਂ ਉਤਰਨਾ ਪਸੰਦ ਕਰਦਾ ਹੈ। ਜੁਲਾਈ 2016 ਵਿੱਚ ਉੜੀਸਾ ਦੀ ਰਾਜਧਾਨੀ ਭੁਵਨੇਸ਼ਵਰ ਵਿੱਚ ਏਅਰ ਫੋਰਸ ਦੇ ਇੱਕ ਅਫਸਰ ਨੇ ਆਪਣੇ ਵਿਆਹ ਨੂੰ ਯਾਦਗਾਰੀ ਬਣਾਉਣ ਲਈ ਘੋੜੀ, ਕਾਰ ਦੀ ਥਾਂ ਹੈਲੀਕਾਪਟਰ ਵਰਤਿਆਂ ਅਤੇ ਪੈਲੇਸ ਨੇੜੇ ਪੈਰਾਸ਼ੂਟ ਰਾਹੀਂ ਉਤਰਿਆ। ਅਜਿਹੇ ਰੁਝਾਨਾਂ ਦੀ ਦੇਖਾ ਦੇਖੀ ਮੱਧ-ਵਰਗੀ ਤਬਕਾ ਤੇ ਹੇਠਲੇ ਵਰਗ ਵਾਲੇ ਪਰਵਾਰ ਵੀ ਚਾਦਰ ਤੋਂ ਬਾਹਰ ਪੈਰ ਪਸਾਰਨ ਲੱਗੇ ਹਨ। ਹੁਣ ਕਿਸੇ-ਕਿਸੇ ਘਰ ਹਲਵਾਈ ਬਿਠਾਏ ਜਾਂਦੇ ਹਨ ਤੇ ਖੁੱਲ੍ਹੀ ਭਾਜੀ ਪਕਵਾਈ ਜਾਂਦੀ ਹੈ। ਮਠਿਆਈ ਬਾਹਰੋਂ ਬਣੀ ਬਣਾਈ ਡੱਬਿਆਂ ਵਿੱਚ ਪੈਕ ਕੀਤੀ ਘਰ ਆ ਜਾਂਦੀ ਹੈ। ਵਿਆਹ ਲਈ ਲੋੜੀਂਦੀ ਰਸਦ ਵੀ ਬਾਜ਼ਾਰੋਂ ਖਰੀਦੀ ਜਾਂਦੀ ਹੈ। ਇਸ ਲਈ ਅਜਿਹੀਆਂ ਸਿੱਠਣੀਆਂ ਸੁਣਨ ਨੂੰ ਨਹੀਂ ਮਿਲਦੀਆਂ:

ਸ਼ੀਲੋ ਕੁੜੀ ਐ ਬੈਠੀ
ਜਿਵੇਂ ਫੁੱਟੇ ਭੜੋਲੇ ਦਾ ਬੱਲਾ
ਨਿਕੰਮੀਏ ਕੰਮ ਕਰ ਨੀਂ
ਤੈਂ ਕਿਉਂ ਛੱਡਿਆ ਧੰਦਾ
ਨਿਕੰਮੀਏ ਕੰਮ ਕਰ ਨੀਂ

ਪਿੰਡਾਂ ਵਿੱਚ ਵਿਆਹੁਲੇ ਘਰ ਵਿੱਚ ਕਈ-ਕਈ ਦਿਨ ਪਹਿਲਾਂ ਪ੍ਰਾਹੁਣੇ ਆਉਣੇ ਸ਼ੁਰੂ ਹੋ ਜਾਂਦੇ ਸਨ। ਪ੍ਰਾਹੁਣਿਆਂ ਵਿੱਚੋਂ ਨਾਨਕਾ ਮੇਲ ਦੀ ਵਿਸ਼ੇਸ਼ ਉਡੀਕ ਕੀਤੀ ਜਾਂਦੀ ਸੀ। ਨਾਨਕਾ ਮੇਲ ਵਿਆਹ ਵਾਲੇ ਘਰ ਦੀ ਰੌਣਕ ਨੂੰ ਹੋਰ ਖਿੱਚ ਭਰਪੂਰ ਬਣਾਉਣ ਦੇ ਮੰਤਵ ਅਧੀਨ ਆਪਣੇ ਨਾਲ ਵੱਧ ਤੋਂ ਵੱਧ ਜੀਅ ਲੈ ਆਉਂਦਾ। ਇਸ ਮੇਲ ਦੀਆਂ ਔਰਤਾਂ ਪਿੰਡ ਵੜਦਿਆਂ ਸਾਰ ਜੋਸ਼ ਨਾਲ ਪ੍ਰਵੇਸ ਕਰਦੀਆਂ, ਖਰੂਦ ਪਾਉਂਦੀਆਂ ਤੇ ਗੀਤ ਗਾਉਂਦੀਆਂ ਆਉਂਦੀਆਂ। ਨਾਨਕਾ ਧਾੜ ਦੀ ਗ੍ਰਿਫਤ ਵਿੱਚ ਆਇਆ ਹਰ ਵਿਅਕਤੀ ਵਿਅੰਗ ਅਤੇ ਟਕੋਰਾਂ ਦਾ ਸ਼ਿਕਾਰ ਬਣਦਾ। ਮਰਦਾਂ ਨੂੰ ਚੋਭਾਂ ਲਾ ਕੇ ਖੂਬ ਠਿੱਠ ਕੀਤਾ ਜਾਂਦਾ। ਇਨ੍ਹਾਂ ਗੀਤਾਂ ਦਾ ਮਨਰੋਥ ਕਿਸੇ ਨੂੰ ਮਾਨਸਿਕ ਕਸ਼ਟ ਦੇਣਾ ਨਹੀਂ, ਅਜਿਹਾ ਸੱਭਿਆਚਾਰਕ ਵਾਤਾਵਰਨ ਉਪਜਾਉਣਾ ਹੁੰਦਾ, ਜਿਸ ਨਾਲ ਵਿਆਹ ਦੀ ਰਸਮ ਹੋਰ ਰੌਣਕੀ ਬਣ ਜਾਵੇ:

ਆਹੋ ਜੀ ਬੰਬੀਹਾ ਬੋਲੇ।
ਖੜੋਤੀ ਕੁੜੀ ਦੇ ਬਾਰ ਨੀਂ ਬੰਬੀਹਾ ਬੋਲੇ।
ਸਿਖਰ ਦੁਪਹਿਰੇ ਬੋਲੇ ਨੀਂ ਬੰਬੀਹਾ ਬੋਲੇ।
ਬੰਬੀਹਾ ਰਾਤੀਂ ਬੋਲੇ ਤੇ ਬੋਲੇ ਪ੍ਰਭਾਤ ਨੀਂ, ਬੰਬੀਹਾ ਬੋਲੇ।



ਅੱਜ ਨਾਨਕਾ ਮੇਲ ਦੀ ਓਹੋ ਜਿਹੀ ਆਮਦ ਨਜ਼ਰ ਨਹੀਂ ਆਉਂਦੀ। ਘਰਾਂ ਵਿੱਚ ਨਿਭਾਈ ਜਾਂਦੀ ਮਹਿੰਦੀ ਅਤੇ ਵਟਣਾ ਲਾਉਣ ਦੀ ਰਸਮ ਤੇ ਨਾਲ ਗਾਏ ਜਾਂਦੇ ਸੁਹਾਗ ਗੀਤਾਂ ਵਾਲੇ ਰਸਭਿੰਨੇ ਵਾਤਾਵਰਨ ਦੀ ਥਾਂ ਬਿਊਟੀ ਪਾਰਲਰਾਂ ਵਿੱਚ ਬੁਕਿੰਗ ਕਰਵਾ ਕੇ ਘਰਾਂ ਵਿੱਚ ਪੈਦਾ ਹੁੰਦੀ ਸੁੰਨ ਨਜ਼ਰ ਆਉਂਦੀ ਹੈ। ਵਿਆਹ ਤੋਂ ਪਹਿਲੀ ਸ਼ਾਮ ਨਾਨਕਾ ਮੇਲ ਵੱਲੋਂ ਪਿੱਤਲ ਦੀ ਗਾਗਰ/ ਵਲਟੋਹੀ ਉਤੇ ਆਟੇ ਦੇ ਦੀਵਿਆਂ ਦੀਆਂ ਕਤਾਰਾਂ ਬਣਾ ਕੇ ਤਿਆਰ ਕੀਤੀ ਜਾਂਦੀ ਜਾਗੋ ਕਿਤੇ-ਕਿਤੇ ਦੇਖਣ ਨੂੰ ਮਿਲਦੀ ਹੈ। ਜਾਗੋ ਕੱਢਦਿਆਂ ਦੋ ਕੁੜੀਆਂ, ਜਿਨ੍ਹਾਂ ਦੀਆਂ ਅੱਖਾਂ ਵਿੱਚ ਕੱਜਲ ਤੇ ਮੂੰਹ ਗੋਰੇ ਕੀਤੇ ਹੁੰਦੇ, ਨੂੰ ਗੋਰੇ ਬਣਾ ਕੇ ਆਪਣੇ ਅੱਗੇ ਲਾਉਣਾ ਬੀਤੇ ਦੀ ਬਾਤ ਬਣ ਗਿਆ ਹੈ। ਸਾਰੀਆਂ ਮੇਲਣਾਂ ਨਾਲ-ਨਾਲ ਗੀਤ ਗਾਉਂਦੀਆਂ, ਸ਼ੋਰ ਮਚਾਉਂਦੀਆਂ ਜਾਂਦੀਆਂ। ਕਈ ਘਰ ਜਾਗੋ ਵਿੱਚ ਤੇਲ ਪਾਉਂਦੇ ਅਤੇ ਕਈ ਸ਼ਗਨ ਦਿੰਦੇ। ਪਿੰਡ ਦੇ ਮੁਖੀਏ ਤੇ ਰਿਸ਼ਤੇਦਾਰੀ ਵਾਲੇ ਘਰਾਂ ਵਿੱਚ ਗਿੱਧਾ ਪਾਇਆ ਜਾਂਦਾ। ਜਾਗੋ ਦੌਰਾਨ ਪਿੰਡ ਦੀ ਪਰਿਕਰਮਾ ਕਰਦੇ ਸਮੇਂ ਨਾਨਕੀਆਂ ਆਪਣੇ ਨਾਲ ਸਲੰਘ (ਤੂੜੀ ਹਿਲਾਉਣ ਵਾਲ ਸੋਟੀ, ਜਿਸ ਉਤੇ ਉਹ ਘੁੰਗਰੂ ਬੰਨ੍ਹੇ ਹੁੰਦੇ) ਵੀ ਲੈ ਲੈਂਦੀਆਂ। ਪਿੰਡ ਦੇ ਸੁੱਤੇ ਲੋਕਾਂ ਨੂੰ ਜਗਾਉਣ ਖਾਤਰ ਉਸ ਦੀ ਵਰਤੋਂ ਲੋਕਾਂ ਦੇ ਘਰਾਂ ਦੇ ਦਰਵਾਜ਼ੇ ਖੜਕਾਉਣ ਅਤੇ ਸੜਕ ਉਤੇ ਦੱਬ-ਦੱਬ ਕੇ ਮਾਰਨ ਲਈ ਕੀਤੀ ਜਾਂਦੀ ਹੈ। ਇਸ ਪ੍ਰਕਾਰ ਉਹ ਪਿੰਡ ਦੇ ਲੰਬੜਦਾਰ ਤੋਂ ਲੈ ਕੇ ਜਮਾਂਦਰ ਤੱਕ ਸਭ ਨੂੰ ਆਪਣੀਆਂ ਪਤਨੀਆਂ ਨੂੰ ਜਗਾਉਣ ਦਾ ਹੋਕਾ ਦਿੰਦੀਆਂ। ਆਪਣੇ ਵਿਸ਼ਾਲ ਸਮੂਹ ਨੂੰ 'ਹਾਕਮ ਦੀ ਚੌਕੀ' ਨਾਲ ਤੁਲਨਾ ਦੇਂਦੀਆਂ ਉਹ ਪੁਰਸ਼ ਪ੍ਰਧਾਨ ਸਮਾਜ ਨੂੰ ਖਬਰਦਾਰ ਕਰਦੀਆਂ:

ਕੋਈ ਵੇਚੇ ਸੁੰਢ ਜਵੈਣ, ਕੋਈ ਵੇਚੇ ਰਾਈ
ਚੌਂਕੀਦਾਰ ਆਪਣੀ ਜੋਰੂ ਵੇਚੇ, ਟਕੇ-ਟਕੇ ਸਿਰ ਸਾਹੀ
ਖਬਰਦਾਰ ਰਹਿਣਾ ਜੀ, ਚੌਂਕੀ ਹਾਕਮਾਂ ਦੀ ਆਈ।

ਅੱਜ ਕੱਲ੍ਹ ਜਾਗੋ ਘਰ ਤਿਆਰ ਨਹੀਂ ਕੀਤੀ ਜਾਂਦੀ। ਲੋਕ ਵੀ ਜਲਦੀ ਨਹੀਂ ਸੌਂਦੇ। ਸੁੱਤਿਆਂ ਨੂੰ ਜਗਾਉਣ ਲਈ ਵਰਤੀ ਜਾਂਦੀ ਸਲੰਘ ਸ਼ਿੰਗਾਰੀ ਹੋਈ ਸੋਟੀ ਦੇ ਰੂਪ ਵਿੱਚ ਅੱਜ ਜਾਗਦਿਆਂ ਨੂੰ ਜਗਾਉਂਦੀ ਹੈ ਜੋ ਸੈੱਲ ਵਾਲੀ ਜਾਗੋ ਦੇ ਨਾਲ ਬਾਜ਼ਾਰੋ ਖਰੀਦੀ ਜਾਂਦੀ ਹੈ। ਸੈੱਲ ਨਾਲ ਚੱਲਦੀ ਬਾਜ਼ਾਰੀ ਜਾਗੋ ਦੇ ਸੈੱਲ ਕੁਝ ਸਮੇਂ ਬਾਅਦ ਆਪਣਾ ਰੰਗ ਦਿਖਾ ਦਿੰਦੇ ਹਨ ਤੇ ਮਾਹੌਲ ਨੂੰ ਫਿੱਕਾ ਕਰ ਦਿੰਦੇ ਹਨ। ਪਾਣੀ ਵਾਰਨ ਵਾਲੀ ਗੜਵੀ ਵੀ ਬਾਜ਼ਾਰੋਂ ਖਰੀਦ ਲਈ ਜਾਂਦੀ ਹੈ।

ਅਜੋਕੇ ਵਿਆਹਾਂ ਦਾ ਕੁਝ ਹੋਰ ਪੱਖ ਚਰਚਾ ਦੀ ਮੰਗ ਕਰਦੇ ਹਨ। ਪਦਾਰਥਵਾਦੀ ਯੁੱਗ ਵਿੱਚ ਰਿਸ਼ਤਿਆਂ ਵਿੱਚ ਗਰਮਜੋਸ਼ੀ ਘਟਦੀ ਜਾਂਦੀ ਹੈ, ਜਦੋਂ ਕਿ ਲੈਣ ਦੇਣ 'ਤੇ ਖਰਚ ਹੋਣ ਵਾਲੀ ਰਾਸ਼ੀ ਹੱਦ ਬੰਨੇ ਟੱਪਦੀ ਜਾ ਰਹੀ ਹੈ। ਬਹੁਤੇ ਰਿਸ਼ਤੇਦਾਰ ਸਿੱਧੇ ਵਿਆਹ ਪੈਲੇਸ ਵਿੱਚ ਆਉਂਦੇ ਅਤੇ ਉਥੋਂ ਆਪਣੇ ਘਰ ਵਿਦਾ ਹੋ ਜਾਂਦੇ ਹਨ। ਕੱਪੜਿਆਂ ਅਤੇ ਹਾਰ ਸ਼ਿੰਗਾਰ ਉਤੇ ਲੱਖਾਂ ਰੁਪਿਆ ਖਰਚ ਹੋਣ ਲੱਗ ਪਿਆ ਹੈ। ਸਿਰਫ ਲਾੜੇ ਲਾੜੀ ਦੀ ਪੁਸ਼ਾਕ 'ਤੇ ਖਰਚ ਹੋਈ ਰਾਸ਼ੀ ਦੰਦਾਂ ਥੱਲੇ ਉਂਗਲਾਂ ਦਿਵਾ ਦਿੰਦੀ ਹੈ। ਵਿਆਹ ਦੇ ਖੁਸ਼ਗਵਾਰ ਮਾਹੌਲ ਨੂੰ ਰਸਭਿੰਨਾ ਬਣਾਉਣ ਵਾਲੀਆਂ ਰਾਤ ਦੀਆਂ ਗਾਉਣ ਮਹਿਫਿਲਾਂ ਨੇ ਵੀ ਆਪਣਾ ਰੰਗ ਵਟਾ ਲਿਆ ਹੈ। ਉਨ੍ਹਾਂ ਮਹਿਫਿਲਾਂ ਦੀ ਥਾਂ 'ਤੇ ਕਈ-ਕਈ ਦਿਨ ਮੀਟ ਸ਼ਰਾਬ ਦੇ ਦੌਰ ਚੱਲਦੇ ਹਨ। ਲੇਡੀਜ਼ ਸੰਗੀਤ ਦੇ ਨਾਂ ਉੱਤੇ ਹੁਣ ਦੇਖਣ ਸੁਣਨ ਨੂੰ ਮਿਲਦਾ ਹੈ, ਡੀ ਜੇ ਸਿਸਟਮ ਨਾਲ ਚੱਲਣ ਵਾਲਾ ਸ਼ੋਰ ਸ਼ਰਾਬੇ ਨਾਲ ਭਰਪੂਰ ਨਾਚ ਗਾਨ।

ਵਿਸ਼ਵੀਕਰਨ ਦੇ ਪ੍ਰਭਾਵ ਤੋਂ ਪਹਿਲਾਂ ਭਾਰਤ ਵਿੱਚ ਲਾੜੀ ਦੇ ਰੂਪ ਵਿੱਚ ਇਕ ਲੜਕੀ ਆਪਣੇ ਵਿਆਹ ਦੀਆਂ ਰਸਮਾਂ ਨੂੰ ਸ਼ਰਮ ਤੇ ਲਾਜ ਦੀ ਮੂਰਤੀ ਬਣੀ ਨਿਭਾਉਂਦੀ ਸੀ। ਇਸ ਸੰਦਰਭ ਵਿੱਚ ਵੀ ਹਾਲਾਤ ਬਦਲ ਗਏ ਹਨ। ਸਟੇਜ ਦੇ ਸਿੰਘਾਸਨੀ ਸੈਟ 'ਤੇ ਲਾੜੇ ਨਾਲ ਸਸ਼ੋਭਿਤ ਲਾੜੀ ਖੂਬ ਖੁੱਲ੍ਹ ਡੁੱਲ੍ਹ ਮਹਿਸੂਸਦੀ ਨਿਸੰਗ ਵਿਚਰਦੀ ਨਜ਼ਰ ਆਉਂਦੀ ਹੈ। ਵਿਆਹੁਲੀ ਜੋੜੀ ਆਪਣਾ ਪ੍ਰੀ ਵੈਡਿੰਗ ਸ਼ੂਟ ਮੈਰਿਜ ਪੈਲੇਸ/ ਪੰਡਾਲ ਵਿੱਚ ਆਪਣੇ ਅਤੇ ਪਤੀ ਦੇ ਪੂਰੇ ਪਰਵਾਰ ਦੇ ਨਾਲ ਹਾਜ਼ਰ ਬਾਕੀ ਮਹਿਮਾਨਾਂ ਨਾਲ ਬੜੇ ਚਾਅ ਅਤੇ ਖੁਸ਼ੀ ਨਾਲ ਵੇਖਦੀ ਹੈ। ਧਾਰਮਿਕ ਪੱਖੋਂ ਵਿਆਹ ਨੂੰ ਪ੍ਰਵਾਨਗੀ ਮਿਲ ਜਾਣ ਉਪਰੰਤ ਨਵੀਂ ਜੋੜੀ ਖੁੱਲ੍ਹ ਕੇ ਨੱਚਦੀ ਹੈ। ਅਨੇਕ ਜੋੜੇ ਇਸ ਮੌਕੇ ਨੱਚਣ ਲਈ ਚੰਗੀ ਫੀਸ ਦੇ ਕੇ ਵਿਆਹ ਤੋਂ ਪਹਿਲਾਂ ਵਿਸ਼ੇਸ਼ ਤੌਰ 'ਤੇ ਸਿਖਲਾਈ ਲੈਂਦੇ ਹਨ।

ਲੜਕੀ-ਲੜਕੇ ਦੇ ਸੰਜੋਗ ਦਾ ਸਬੱਬ ਹੁਣ ਨਾਈ ਨਹੀਂ ਬਣਦਾ। ਵਿਗਿਆਪਨ /ਇਸ਼ਤਿਹਾਰਬਾਜ਼ੀ ਇਸ ਪੱਖੋਂ ਅਹਿਮ ਭੂਮਿਕਾ ਨਿਭਾ ਰਹੀ ਹੈ। ਨਾਈਆਂ ਕੋਲ ਰਿਸ਼ਤਾ ਤੈਅ ਕਰਨ ਦਾ ਹੱਕ ਹੋਣ ਸਮੇਂ ਲੜਕੇ-ਲੜਕੀ ਨੇ ਵਿਆਹ ਦੀਆਂ ਰਸਮਾਂ ਸੰਪੂਰਨ ਹੋਣ ਤੱਕ ਇਕ ਦੂਜੇ ਨੂੰ ਪਹਿਲਾਂ ਕਦੇ ਵੇਖਿਆ ਨਹੀਂ ਸੀ ਹੁੰਦਾ। ਉਦੋਂ ਗੀਤਾਂ ਰਾਹੀਂ ਅਕਸਰ ਇਹ ਪੁੱਛ ਲਿਆ ਜਾਂਦਾ ਸੀ ਕਿ ਵਿਚੋਲੇ ਦੀ ਭੂਮਿਕਾ ਕਿਸ ਨੇ ਨਿਭਾਈ ਹੈ। ਮਾਨਵੀ ਸਬੰਧਾਂ ਦੀ ਮਜ਼ਬੂਤੀ ਦੇ ਸਿਲਸਿਲੇ ਵਿੱਚ ਇਹ ਸ਼ੁਭ ਸ਼ਗਨ ਹੈ ਕਿ ਨੌਜਵਾਨ ਪੀੜ੍ਹੀ ਜਾਤ ਪਾਤ ਦੇ ਬੰਧਨਾਂ ਨੂੰ ਤੋੜਦੀ ਨਜ਼ਰ ਆ ਰਹੀ ਹੈ। ਇਸ ਪ੍ਰਚਲਨ ਦਾ ਅਸਰ ਮਾਪਿਆਂ ਵਿੱਚ ਵੀ ਵੇਖਣ ਨੂੰ ਮਿਲਣ ਲੱਗਾ ਹੈ। ਉਹ ਆਪਣੀ ਔਲਾਦ ਲਈ ਅਨੁਕੂਲ ਜੀਵਨ ਸਾਥੀ ਦੀ ਤਲਾਸ਼ ਵਾਸਤੇ ਜਾਤੀ ਬੰਧਨਾਂ ਵਿੱਚ ਢਿੱਲ ਲੈਣ ਲੱਗ ਪਏ ਹਨ।

ਇਸ ਲੇਖ ਦਾ ਮਕਸਦ ਏਨਾ ਹੀ ਹੈ ਕਿ ਮੰਡੀ ਨੇ ਵਿਆਹ ਦੀਆਂ ਬੇਲੋੜੀਆਂ ਰਸਮਾਂ ਘਟਾਉਣ ਦੀ ਥਾਂ ਇਨ੍ਹਾਂ ਵਿੱਚ ਵਾਧਾ ਹੀ ਕੀਤਾ ਹੈ, ਜਿਸ ਕਰਕੇ ਬੇਲੋੜੇ ਖਰਚ ਕਾਰਨ ਬਹੁ ਗਿਣਤੀ ਘਰਾਂ ਦੀ ਮਾਲੀ ਹਾਲਤ ਡਾਵਾਂਡੋਲ ਹੋ ਜਾਂਦੀ ਹੈ ਜੋ ਛੇਤੀ ਕੀਤੇ ਅਤੇ ਸੌਖਿਆਂ ਪਰਵਾਰ ਦੀ ਗੱਡੀ ਨੂੰ ਲੀਹ 'ਤੇ ਨਹੀਂ ਆਉਣ ਦਿੰਦੀ।

## ਹਿੰਮਤ ਦੀ ਉਡਾਣ

–ਦਰਸ਼ਨ ਸਿੰਘ

ਬਹੁਤ ਹੀ ਸਾਧਾਰਨ ਅਤੇ ਸਰੀਰਿਕ ਪੱਖੋਂ ਮਾੜਚੂ ਜਿਹਾ ਦੇਸ ਰਾਜ ਹਰ ਰੋਜ਼ ਸੁਵੱਖਤੇ ਗਲੀ ਵਿੱਚ ਅਖਬਾਰ ਦੇਣ ਆਉਂਦਾ ਸੀ। ਅਖਬਾਰਾਂ ਵੰਡਣ ਦਾ ਕੰਮ ਉਹ ਕਈ ਸਾਲਾਂ ਤੋਂ ਕਰ ਰਿਹਾ ਸੀ। ਸਾਈਕਲ ਦੀ ਘੰਟੀ ਵਜਾਉਣ ਦੇ ਵੱਖਰੇ ਅੰਦਾਜ਼ ਤੋਂ ਉਸ ਦੇ ਆਉਣ ਦਾ ਪਤਾ ਲੱਗ ਜਾਂਦਾ ਤੇ ਮੈਂ ਬਾਹਰ ਆ ਕੇ ਉਸ ਕੋਲੋਂ ਅਖਬਾਰਾਂ ਫੜ ਲੈਂਦਾ। ਠੰਢ ਦੇ ਮੌਸਮ ਵਿੱਚ ਮੈਂ ਉਸ ਨੂੰ ਚਾਹ ਪੀਤੇ ਬਗੈਰ ਨਾ ਜਾਣ ਦਿੰਦਾ, ਪਰ ਵੇਲੇ ਸਿਰ ਘਰੋ-ਘਰੀ ਅਖਬਾਰ ਦੇਣ ਦੀ ਜ਼ਿੰਮੇਵਾਰੀ ਉਸ ਨੂੰ ਬਹੁਤੀ ਦੇਰ ਮੇਰੇ ਕੋਲ ਰੁਕਣ ਨਾ ਦਿੰਦੀ। ਮੇਰੇ ਕੋਲ ਪੰਜ ਅਖਬਾਰਾਂ ਆਉਂਦੀਆਂ ਸਨ। ਉਹ ਪਹਿਲਾਂ ਹੀ ਇਨ੍ਹਾਂ ਨੂੰ ਇਕੱਠੇ ਰੱਖ ਕੇ ਲਿਆਉਂਦਾ। ਉਸ ਵਿੱਚ ਕਈ ਗੁਣ ਸਨ, ਜਿਨ੍ਹਾਂ ਦੀ ਤਾਰੀਫ ਕਈ ਵਾਰ ਮੈਂ ਉਸ ਦੇ ਸਾਹਮਣੇ ਹੀ ਕਰ ਦਿੰਦਾ ਸੀ। ਉਹ ਆਖਦਾ, 'ਛੱਡੋ ਅੰਕਲ ਜੀ, ਹੋਰ ਗੱਲ ਕਰੋ।' ਇਸ ਤੋਂ ਬਾਅਦ ਅਸੀਂ ਦੋਵੇਂ ਹੀ ਹੱਸ ਪੈਂਦੇ।

ਅਖਬਾਰਾਂ ਤੋਂ ਸ਼ੁਰੂ ਹੋਈ ਸਾਡੀ ਸਾਂਝ ਵੱਡੀ ਹੋਣ ਲੱਗੀ। ਕਦੇ-ਕਦੇ ਉਹ ਮੇਰੇ ਨਾਲ ਆਪਣੇ ਪਰਵਾਰ ਬਾਰੇ ਵੀ ਗੱਲ ਕਰਦਾ ਸੀ। ਮੈਨੂੰ ਉਹ ਆਪਣੇ ਬੱਚਿਆਂ ਵਾਂਗ ਜਾਪਦਾ ਸੀ। ਉਹ ਇਕ ਗਰੀਬ ਪਰਵਾਰ ਨਾਲ ਸਬੰਧਤ ਸੀ ਤੇ ਘਰ ਦਾ ਗੁਜ਼ਾਰਾ ਸਭ ਦੀ ਰਲਵੀਂ ਮਿਲਵੀਂ ਕਮਾਈ ਨਾਲ ਚੱਲਦਾ ਸੀ। ਉਸ ਦੇ ਮਾਂ ਪਿਓ ਦੋਵੇਂ ਕੰਮ ਕਰਦੇ ਸਨ। ਦੇਸ ਰਾਜ ਸਵੇਰੇ ਅਖਬਾਰਾਂ ਵੰਡ ਕੇ ਸਕੂਲ ਜਾਂਦਾ ਤੇ ਸ਼ਾਮ ਨੂੰ ਫਿਰ ਦੋ ਘੰਟੇ ਕਿਸੇ ਕੋਲ ਕੰਮ ਕਰਦਾ। ਇਕ ਦਿਨ ਉਸ ਨੇ ਮੈਨੂੰ ਪੁੱਛਿਆ, 'ਅੰਕਲ, ਨੌਕਰੀ ਕਿਵੇਂ ਮਿਲਦੀ ਹੈ?'

ਮੈਂ ਉਸ ਨੂੰ ਕਿਹਾ, 'ਪੜ੍ਹ ਲਿਖ ਕੇ। ਪਹਿਲੋਂ ਦਸਵੀਂ ਪਾਸ ਕਰ ਲੈ।'

ਉਦੋਂ ਉਹ ਨੌਵੀਂ ਵਿੱਚ ਪੜ੍ਹਦਾ ਸੀ। ਉਸ ਨੂੰ ਪੜ੍ਹਨ ਵਿੱਚ ਬੜੀ ਦਿਲਚਸਪੀ ਸੀ। ਕਦੇ-ਕਦੇ ਉਹ ਮੇਰੇ ਕੋਲੋਂ ਸੌ ਦੋ ਸੌ ਰੁਪਏ ਉਧਾਰੇ ਲੈ ਲੈਂਦਾ ਤੇ ਥੋੜ੍ਹੇ ਦਿਨਾਂ ਬਾਅਦ ਮੋੜ ਦਿੰਦਾ। ਉਸ ਦੇ ਗਰੈਜੂਏਟ ਹੋਣ ਤੋਂ ਵਰ੍ਹਾ ਕੁ ਪਹਿਲਾਂ ਕੁਝ ਮਜਬੂਰੀਆਂ ਮੈਨੂੰ ਉਸ ਸ਼ਹਿਰ ਤੋਂ ਕਿਤੇ ਹੋਰ ਲੈ ਆਈਆਂ। ਦੇਸ ਰਾਜ ਨਾਲ ਮੇਰਾ ਸੰਪਰਕ ਟੁੱਟ ਗਿਆ। ਸਮੇਂ ਨਾਲ ਜਿਵੇਂ ਦੋਵੇਂ ਕਿਸੇ ਭੀੜ ਵਿੱਚ ਗੁਆਚ ਗਏ। ਖਿੱਚੋਤਾਣ ਭਰੀ ਰੋਜ਼ਮਰ੍ਹਾ ਦੀ ਜ਼ਿੰਦਗੀ ਵਿੱਚ ਵਿਹਲ ਨਾ ਮਿਲੀ ਕਿ ਉਸ ਨੂੰ ਮਿਲਾਂ। ਇਸ ਦੌਰਾਨ ਨਾ ਹੀ ਉਹ ਕਦੇ ਮੇਰੇ ਕੋਲ ਆਇਆ ਅਤੇ ਨਾ ਉਸ ਦਾ ਕੋਈ ਚਿੱਠੀ ਪੱਤਰ ਆਇਆ। ਇਕ ਵਾਰ ਮੈਂ ਉਸ ਦੇ ਸ਼ਹਿਰ ਵਿਆਹ ਗਿਆ। ਕੋਟ ਪੈਂਟ ਤੇ ਟਾਈ ਵਾਲੇ ਇਕ ਨੌਜਵਾਨ ਨੇ ਮੇਰੇ ਪੈਰੀਂ ਹੱਥ ਲਾਉਂਦਿਆਂ ਫਤਹਿ ਬੁਲਾਈ। ਉਸ ਨੇ ਪੁੱਛਿਆ, 'ਅੰਕਲ, ਤੁਸੀਂ ਪਛਾਣਿਆ ਨਹੀਂ ਮੈਨੂੰ?'

ਮੈਂ ਨਾਂਹ ਵਿੱਚ ਸਿਰ ਹਿਲਾਇਆ। ਉਸ ਨੇ ਕਿਹਾ, 'ਅੰਕਲ ਜੀ, ਮੈਂ ਦੇਸ ਰਾਜ ਅਖਬਾਰਾਂ ਵਾਲਾ।'

ਰੱਬ ਸਬੱਬੀਂ ਉਹ ਵੀ ਵਿਆਹ 'ਚ ਆਇਆ ਹੋਇਆ ਸੀ। ਮੇਰੇ ਚੇਤੇ ਨੂੰ ਵੀਹ ਸਾਲ ਪਹਿਲਾਂ ਵਾਲੇ ਦੇਸ ਰਾਜ ਨੂੰ ਪਛਾਣਨ ਵਿੱਚ ਦੇਰ ਨਾ ਲੱਗੀ ਅਤੇ ਮੈਂ ਉਸ ਨੂੰ ਗਲਵੱਕੜੀ 'ਚ ਲੈਂਦਿਆਂ ਕਿਹਾ, 'ਬਹੁਤ ਯਾਦ ਕੀਤਾ ਮੈਂ ਤੁਹਾਨੂੰ।' ਇੰਨੇ ਸਾਲਾਂ ਦੇ ਫਾਸਲੇ ਨੇ ਕਿੰਨਾ ਕੁਝ ਬਦਲ ਦਿੱਤਾ, ਪਰ ਦਿਲ ਦੀਆਂ ਸਾਂਝਾਂ ਕਦੇ ਮਰਦੀਆਂ ਨਹੀਂ। ਬੀਤੇ ਦੀਆਂ ਵਿਸਰੀਆਂ ਯਾਦਾਂ ਫਿਰ ਤੋਂ ਤਾਜ਼ਾ ਹੋ ਗਈਆਂ। ਉਹ ਮੇਰੇ ਨਾਲ ਹੀ ਕੁਰਸੀ 'ਤੇ ਬੈਠ ਗਿਆ। ਉਸ ਨੇ ਦੱਸਿਆ, 'ਅੰਕਲ ਮੈਂ ਬੈਂਕ ਵਿੱਚ ਡਿਪਟੀ ਮੈਨੇਜਰ ਹਾਂ। ਤੁਹਾਡੇ ਜਾਣ ਪਿੱਛੋਂ ਜਲਦੀ ਹੀ ਮੈਨੂੰ ਰਾਜਸਥਾਨ ਦੇ ਬੈਂਕ ਵਿੱਚ ਨੌਕਰੀ ਮਿਲ ਗਈ ਸੀ। ਅੱਜ ਕੱਲ੍ਹ ਮੇਰੀ ਪੋਸਟਿੰਗ ਇਥੇ ਹੈ। ਮਾਪੇ ਪੰਜ ਸਾਲ ਪਹਿਲਾਂ ਗੁਜ਼ਰ ਗਏ।'

'ਆਓ ਘਰ ਚੱਲਦੇ ਹਾਂ। ਰਾਤ ਮੇਰੇ ਕੋਲ ਠਹਿਰਿਓ।' ਉਸ ਨੇ ਬੜੇ ਪਿਆਰ ਨਾਲ ਕਿਹਾ।

ਮੈਂ ਹਾਂ ਵਿੱਚ ਹੁੰਗਾਰਾ ਭਰਿਆ। ਮੇਰਾ ਦਿਲ ਵੀ ਉਸ ਕੋਲ ਰੁਕਣ ਨੂੰ ਕਰਦਾ ਸੀ। ਮੋਟਰ ਸਾਈਕਲ 'ਤੇ ਬਿਠਾ ਕੇ ਉਹ ਮੈਨੂੰ ਆਪਣੇ ਘਰ ਲੈ ਗਿਆ। ਉਸ ਦਾ ਘਰ ਬੜਾ ਸੋਹਣਾ ਸੀ, ਘਰ ਵਿੱਚ ਉਸ ਦੀ ਪਤਨੀ ਅਤੇ ਦੋ ਬੱਚੇ ਸਨ। ਸਟੋਰ ਵਿੱਚ ਖੜਾ ਸਾਈਕਲ ਦਿਖਾਉਂਦਿਆਂ ਉਹ ਕਹਿਣ ਲੱਗਾ, 'ਇਹ ਉਹੋ ਸਾਈਕਲ ਹੈ ਅੰਕਲ, ਜਿਸ ਉੱਤੇ ਮੈਂ ਅਖਬਾਰਾਂ ਵੰਡਦਾ ਹੁੰਦਾ ਸੀ।' ਇਸ ਗੱਲ ਦੇ ਅਰਥ ਮੇਰੇ ਲਈ ਬਹੁਤ ਡੂੰਘੇ ਸਨ। ਡਿਪਟੀ ਮੈਨੇਜਰ ਦੇ ਅਹੁਦੇ 'ਤੇ ਹੁੰਦਾ ਹੋਇਆ ਵੀ ਵੀਹ ਸਾਲ ਪਹਿਲਾਂ ਵਾਲਾ ਦੇਸ ਰਾਜ ਕਿਤੇ ਨਾ ਕਿਤੇ ਹੁਣ ਵੀ ਉਸ ਦੇ ਅੰਦਰ ਸੀ। ਦੇਰ ਰਾਤ ਤੱਕ ਉਹ ਮੇਰੇ ਨਾਲ ਆਪਣੇ ਕੌੜੇ ਮਿੱਠੇ ਤਜਰਬੇ ਸਾਂਝੇ ਕਰਦਾ ਰਿਹਾ। ਉਮਰ ਵਿੱਚ ਵੱਡਾ ਹੋਣ 'ਤੇ ਵੀ ਮੈਂ ਜਿਵੇਂ ਉਸ ਕੋਲੋਂ ਰਾਤੋ-ਰਾਤ ਬੜਾ ਕੁਝ ਸਿੱਖ ਲਿਆ ਹੋਵੇ। ਉਸ ਦੀ ਲਗਨ, ਮਿਹਨਤ ਤੇ ਦੂਰਦ੍ਰਿਸ਼ਟੀ ਭਰੀਆਂ ਗੱਲਾਂ ਮੇਰੇ ਵਿੱਚ ਨਵਾਂ ਉਤਸ਼ਾਹ ਪੈਦਾ ਕਰ ਰਹੀਆਂ ਸਨ। ਮੈਨੂੰ ਮਹਿਸੂਸ ਹੋ ਰਿਹਾ ਸੀ ਕਿ ਹਿੰਮਤ ਅਤੇ ਮਿਹਨਤ ਮੂਹਰੇ ਕੁਝ ਵੀ ਅਸੰਭਵ ਨਹੀਂ ਹੈ।

## ਹਲਕਾ ਫੁਲਕਾ

ਪੁੱਤਰ, ''ਪਿਤਾ ਜੀ, ਕੱਲ੍ਹ ਅਸੀਂ ਲੋਕ ਮਾਲਾਮਾਲ ਹੋ ਜਾਵਾਂਗੇ।''
ਪਿਤਾ, ''ਉਹ ਕਿਵੇਂ?''
ਪੁੱਤਰ, ''ਕੱਲ੍ਹ ਸਾਡੇ ਟੀਚਰ ਜੀ ਪੈਸੇ ਤੋਂ ਰੁਪਏ ਬਣਾਉਣਾ ਸਿਖਾਉਣਗੇ।''

********

ਕਵਿਤਾ ਆਪਣੇ ਦੋ ਬੱਚਿਆਂ ਨੂੰ ਲੈ ਕੇ ਆਪਣੀ ਸਹੇਲੀ ਨੂੰ ਮਿਲਣ ਗਈ। ਛੋਟੇ ਬੱਚਿਆਂ ਨੂੰ ਦੇਖ ਕੇ ਉਸ ਦੀ ਸਹੇਲੀ ਨੇ ਕਿਹਾ, ''ਇਸ ਦੀਆਂ ਅੱਖਾਂ ਤਾਂ ਬਿਲਕੁਲ ਤੇਰੇ ਵਾਂਗ ਹਨ।''
ਕਵਿਤਾ ਕਹਿਣ ਲੱਗੀ, ''...ਤੇ ਮੱਥਾ ਇਸ ਦੇ ਪਿਤਾ ਦਾ ਹੈ।''
''...ਤੇ ਪਜਾਮਾ ਵੱਡੇ ਭਰਾ ਦਾ ਹੈ।'' ਕਵਿਤਾ ਦੇ ਬੇਟੇ ਨੇ ਕਿਹਾ।

********

ਅਧਿਆਪਕ, ''ਕੁਝ ਪੁੱਛਣਾ ਹੈ ਤਾਂ ਪੁੱਛ ਲਓ।''
ਮੋਹਨ, ''ਸਰ ਆਈ ਡੋਂਟ ਨੋਂ'' ਦਾ ਕੀ ਮਤਲਬ ਹੈ?''
ਅਧਿਆਪਕ, ''ਮੈਂ ਨਹੀਂ ਜਾਣਦਾ।''
ਮੋਹਨ, ''...ਤਾਂ ਮੈਂ ਕਿਸ ਤੋਂ ਪੁੱਛਾਂ।''

## ਕਹਾਣੀ: ਦੌਣ

–ਮਨਦੀਪ ਸਿੰਘ ਡਡਿਆਣਾ

ਆਲੇ ਦੁਆਲੇ ਵੇਖ ਕੇ ਜਿਵੇਂ ਮੈਂ ਕੋਈ ਚੋਰੀ ਕਰ ਰਿਹਾ ਹੋਵਾਂ, ਖਸਤਾ ਹਾਲ ਹੋਈ ਰੱਸੀ ਦਾ ਵਲ ਮੰਜੇ ਦੇ ਸੇਰਵੇ ਨਾਲ ਮਾਰ ਕੇ ਮੈਂ ਉਤੇ ਦਰੀ ਸਿੱਧੀ ਕਰ ਦਿੱਤੀ। ਬਿਸਤਰਾ ਸਿੱਧਾ ਜਿਹਾ ਹੋ ਗਿਆ ਅਤੇ ਉਤੇ ਇੰਜ ਪਰਦਾ ਕੱਜਿਆ ਗਿਆ, ਜਿਵੇਂ ਹੇਠਾਂ ਵੀ ਸਭ ਠੀਕ ਹੋਵੇ। ਮੇਰੇ ਮਨ ਨੂੰ ਤਸੱਲੀ ਹੋਈ ਅਤੇ ਮੈਂ ਰੇਹੜਾ ਜੋੜ ਕੇ ਕੱਖ ਲੈਣ ਖੇਤਾਂ ਵੱਲ ਜਾਣ ਲਈ ਤੁਰਨ ਹੀ ਲੱਗਾ ਸੀ।

'ਪਹਿਲਾਂ ਮੰਜੇ ਵਿੱਚ ਦੌਣ ਲਿਆ ਕੇ ਪਾ ਦਿੰਦੇ।' ਪਿੱਛੋਂ ਪਤਨੀ ਦੀ ਆਵਾਜ਼ ਸੁਣਾਈ ਦਿੱਤੀ।

'ਕਿੱਥੇ ਖੁੱਲ੍ਹੀ ਹੋਣੀ ਅਜੇ ਦੁਕਾਨ, ਲਾਲਾ ਨ੍ਹੀਂ ਆਉਂਦਾ ਇੰਨੇ ਸਾਝਰੇ।' ਮੈਂ ਕਿਹਾ।

'ਦੇਖ ਤਾਂ ਆਉਂਦੇ, ਕਈ ਵਾਰ ਇਥੇ ਹੀ ਹੁੰਦਾ ਏ ਰਾਤ ਨੂੰ।' ਉਹ ਫਿਰ ਬੋਲੀ।

ਮੈਂ ਰੇਹੜੇ ਤੋਂ ਵੱਖ ਕਰਕੇ ਵੱਛਾ ਫਿਰ ਖੁਰਲੀ ਨਾਲ ਬੰਨ੍ਹ ਦਿੱਤਾ ਅਤੇ ਦੁਕਾਨ ਵੱਲ ਚੱਲ ਪਿਆ।

'ਮੇਰੇ ਲਈ ਕੰਮ ਫਿਰ ਵਧਾ ਦਿੱਤਾ। ਇਕ ਵਾਰ ਬਿਸਤਰੇ ਮਸਾਂ ਇਕੱਠੇ ਕਰਦੀ ਆਂ, ਇਹਨੇ ਫਿਰ ਵਿਛਾ 'ਤਾ। ਇਹਨੂੰ ਰੱਬ ਦੇ ਬੰਦੇ ਨੂੰ ਅਕਲ ਨ੍ਹੀਂ ਆਉਣੀ।' ਉਹ ਮੇਰੇ ਵਿਛਾਏ ਬਿਸਤਰੇ ਨੂੰ ਇਕੱਠਾ ਕਰਦੀ ਬੁੜਬੁੜ ਕਰ ਰਹੀ ਸੀ। ਅੱਗੇ ਜਾ ਕੇ ਵੇਖਿਆ ਤਾਂ ਦੁਕਾਨ ਅਜੇ ਖੁੱਲ੍ਹੀ ਨਹੀਂ ਸੀ। ਮੈਂ ਘਰ ਵੱਲ ਮੁੜ ਪਿਆ। ਵਾਪਸ ਆਇਆ ਤਾਂ ਪਤਨੀ ਸ਼ਾਇਦ ਮੈਨੂੰ ਹੀ ਉਡੀਕ ਰਹੀ ਸੀ।

'ਕੀ ਗੱਲ ਆਇਆ ਨ੍ਹੀਂ ਹਾਲੇ ਲਾਲਾ, ਖੁੱਲ੍ਹੀ ਨ੍ਹੀਂ ਹੱਟੀ?' ਪਤਨੀ ਨੇ ਪੁੱਛਿਆ।

'ਨਹੀਂ, ਅਜੇ ਨ੍ਹੀਂ ਆਇਆ। ਮੈਂ ਕਿਹਾ ਤਾਂ ਸੀ ਕਿ ਇੰਨੇ ਸਾਝਰੇ ਨ੍ਹੀਂ ਆਉਂਦਾ ਉਹ। ਦਸ ਵਜੇ ਤੋਂ ਬਾਅਦ ਹੀ ਆਉਂਦੈ।' ਮੈਂ ਜੁਆਬ ਦਿੱਤਾ।

'ਮੈਂ ਰੋਜ਼ ਕਹਿੰਦੀ ਆਂ ਕਿ ਸ਼ਾਮ ਨੂੰ ਲਿਆ ਕੇ ਰੱਖ ਲਉ ਦੌਣ, ਪਰ ਮੇਰੀ ਕਿਹੜਾ ਕੋਈ ਮੰਨਦਾ ਐ।' ਉਹ ਖਿਝ ਕੇ ਬੋਲੀ।

ਮੈਂ ਉਸ ਦੀ ਗੱਲ ਅਣਸੁਣੀ ਕਰਕੇ ਦੁਬਾਰਾ ਰੇਹੜਾ ਜੋੜ ਕੇ ਖੇਤ ਨੂੰ ਤੁਰ ਪਿਆ। ਖੇਤ ਵਿੱਚ ਕੰਮ ਕਰਦਿਆਂ ਵੀ ਮੇਰੇ ਸਿਰ ਵਿੱਚ ਮੱਠਾ-ਮੱਠਾ ਦਰਦ ਹੁੰਦਾ ਰਿਹਾ। ਦਰਦ ਤਾਂ ਹੋਣਾ ਹੀ ਸੀ, ਪਿਛਲੀਆਂ ਤਿੰਨ ਰਾਤਾਂ ਤੋਂ ਮੱਛਰ ਨੇ ਮੇਰੀ ਨੀਂਦ ਉਡਾ ਕੇ ਰੱਖ ਦਿੱਤੀ ਸੀ। ਮੇਰੀ ਪਤਨੀ ਨੂੰ ਮੈਨੂੰ ਜ਼ਿੰਮੇਵਾਰੀ ਦਾ ਅਹਿਸਾਸ ਕਰਵਾਉਣ ਦਾ ਨੁਕਤਾ ਮੇਰੀ ਨੀਂਦ ਖਾ ਗਿਆ ਸੀ। ਇਸੇ ਨੁਕਤੇ ਕਾਰਨ ਪਿਛਲੀਆਂ ਤਿੰਨ ਰਾਤਾਂ ਤੋਂ ਮੇਰੀ ਚਮੜੀ ਮੱਛਰਾਂ ਨੇ ਖਾ ਲਈ ਸੀ। ਘਰ ਦੇ ਬਾਕੀ ਤਿੰਨੇ ਜੀਅ ਸਾਰੀ ਰਾਤ ਸੁੱਤੇ ਰਹਿੰਦੇ। ਮੈਂ ਉਲੂ ਵਾਂਗ ਜਾਗਦਾ, ਮੱਛਰਾਂ ਨਾਲ ਅਣਐਲਾਨੀ ਜੰਗ ਵਿੱਚ ਸਦਾ ਹਾਰ ਜਾਂਦਾ। ਘਰ ਵਿੱਚ ਕੁੱਲ ਛੇ ਮੰਜੇ ਸਨ ਅਤੇ ਚਾਰ ਜੀਅ। ਦੋ ਮੰਜਿਆਂ ਦੀਆਂ ਬਾਹੀਆਂ ਟੁੱਟਿਆਂ ਮਹੀਨੇ ਤੋਂ ਉਪਰ ਹੋ ਚੁੱਕਾ ਸੀ। ਉਨ੍ਹਾਂ ਪਿੱਛੇ ਵੀ ਮੇਰੀ ਪਤਨੀ ਮੇਰੇ ਨਾਲ ਕਈ ਵਾਰ ਲੜਾਈ ਕਰ ਚੁੱਕੀ ਸੀ। ਉਸ ਦੀ ਗੱਲ ਠੀਕ ਸੀ, ਜੇ ਵੇਲੇ ਕੁਵੇਲੇ ਕੋਈ ਰਿਸ਼ਤੇਦਾਰ ਆ ਜਾਵੇ ਤਾਂ ਬੜੀ ਮੁਸ਼ਕਲ ਹੋਣੀ ਸੀ, ਆਂਢੀਆਂ ਤੋਂ ਮੰਗ ਕੇ ਮੰਜਾ ਲਿਆਉਣਾ ਪੈਣਾ ਸੀ। ਬਾਕੀ ਜਿਹੜੇ ਮੰਜੇ ਸਹੀ ਸਨ, ਉਨ੍ਹਾਂ ਵਿੱਚੋਂ ਵੀ ਇਕ ਦੀ ਦੌਣ ਬੁਰੀ ਤਰ੍ਹਾਂ ਟੁੱਟ ਚੁੱਕੀ ਸੀ। ਪਤਨੀ ਨੇ ਪਹਿਲਾਂ ਕਈ ਵਾਰ ਮੈਨੂੰ ਕਿਹਾ ਕਿ

'ਨਵੀਂ ਦੌਣ ਲਿਆ ਕੇ ਮੰਜੇ ਵਿੱਚ ਪਾ ਦਿਉ।' ਮੇਰੇ ਕੰਨਾਂ 'ਤੇ ਜੂੰ ਨਾ ਸਰਕੀ। ਇਸ ਤੋਂ ਅੱਕ ਕੇ ਉਸ ਨੇ ਇਹ ਕਹਿੰਦਿਆਂ ਉਹੀ ਟੁੱਟੀ ਦੌਣ ਵਾਲਾ ਮੰਜਾ ਮੇਰੇ ਲਈ ਡਾਹ ਦਿੱਤਾ, 'ਜਦੋਂ ਤੁਸੀਂ ਪਓਗੇ ਤਾਂ ਤੁਹਾਨੂੰ ਜ਼ਿੰਮੇਵਾਰੀ ਦਾ ਅਹਿਸਾਸ ਹੋਊ।' ਦੌਣ ਪਾਉਣੀ ਸੌਖੀ ਸੀ, ਪਰ ਇਸ ਲਈ ਪਤਨੀ ਨੇ ਸ਼ਰਤ ਰੱਖ ਦਿੱਤੀ, 'ਦੌਣ ਦੁਪਹਿਰ ਤੋਂ ਪਹਿਲਾਂ ਪਾਉਣੀ ਚਾਹੀਦੀ ਐ। ਸ਼ਾਮ ਜਾਂ ਰਾਤ ਨੂੰ ਨ੍ਹੀਂ ਪਾਉਣੀ ਚਾਹੀਦੀ, ਇਨ੍ਹਾਂ ਵੇਲਿਆਂ ਵਿੱਚ ਤਾਂ ਦੌਣ ਨੂੰ ਵਲ ਪਾਉਣਾ ਵੀ ਮਾੜੈ।' ਉਸ ਨੇ ਗੂੜ੍ਹ ਗਿਆਨ ਦੀ ਗੱਲ ਦੱਸੀ ਸੀ।

'ਸ਼ਾਮ ਜਾਂ ਰਾਤ ਨੂੰ ਦੌਣ ਪਾਇਆਂ ਕਿਤੇ ਨ੍ਹੀਂ ਪਰਲੋ ਆਉਂਦੀ।' ਮੈਂ ਸਹਿਜ ਸੁਭਾਅ ਹੀ ਉਸ ਦੇ ਕਹੇ ਦਾ ਖੰਡਨ ਕਰ ਦਿੱਤਾ ਸੀ।

'ਪਰਲੋ ਦਾ ਤਾਂ ਉਦੋਂ ਪਤਾ ਲੱਗੇਗਾ ਜਦੋਂ ਰਾਤ ਨੂੰ ਕੰਧਾਂ ਕੌਲਿਆਂ 'ਚ ਵੱਜਦੇ ਫਿਰੇ, ਕੁਵੇਲੇ ਦੀ ਪਾਈ ਦੌਣ ਅੰਧ-ਰਾਤਾ ਕਰ ਦਿੰਦੀ ਐ। ਸਿਆਣੇ ਤਾਂ ਕਹਿੰਦੇ ਨੇ ਕਿ ਕੁਵੇਲੇ ਦੌਣ ਪਾਉਣ ਵਾਲੇ ਦੇ ਘਰ ਕੁੜੀਆਂ ਜੰਮਦੀਆਂ ਨੇ..।' ਅਜੇ ਉਹ 'ਗੂੜ੍ਹ ਗਿਆਨ' ਮੇਰੇ ਦਿਮਾਗ ਵਿੱਚ ਭਰ ਹੀ ਰਹੀ ਸੀ ਕਿ ਬਾਹਰ ਦਰਵਾਜ਼ੇ ਅੱਗੇ ਬੁਲੇਟ ਆ ਕੇ ਰੁਕਿਆ। ਮੈਂ ਓਧਰ ਤੁਰ ਗਿਆ। ਬੁਲੇਟ, ਅਵਤਾਰ ਡਾਕਟਰ ਦਾ ਸੀ।

ਜੇ ਉਸ ਸਮੇਂ ਡਾਕਟਰ ਅਵਤਾਰ ਗਾਂ ਨੂੰ ਦਵਾਈ ਦੇਣ ਨਾ ਆਉਂਦਾ ਤਾਂ ਉਹ ਹੋਰ ਪਤਾ ਨਹੀਂ ਕਿਹੜੀਆਂ-ਕਿਹੜੀਆਂ ਸਿਆਣਪਾਂ ਦੀ ਗੁੜ੍ਹਤੀ ਦਿੰਦੀ। ਡਾਕਟਰ ਦੇ ਆਉਣ ਨਾਲ ਉਸ ਦਾ ਗਿਆਨ ਉਪਦੇਸ਼ ਬੰਦ ਹੋ ਗਿਆ ਅਤੇ ਮੈਂ ਸੁਖ ਦਾ ਸਾਹ ਲਿਆ, ਪਰ ਇਸੇ ਗਿਆਨ ਕਾਰਨ ਹੁਣ ਤੱਕ ਮੰਜੇ ਵਿੱਚ ਦੌਣ ਨਹੀਂ ਸੀ ਪਈ। ਸਵੇਰੇ ਦੁਕਾਨ ਬੰਦ ਹੁੰਦੀ ਸੀ, ਜਦੋਂ ਤੱਕ ਖੁੱਲ੍ਹਦੀ ਮੈਂ ਕੰਮ ਕਰਨ ਖੇਤਾਂ ਵਿੱਚ ਚਲਾ ਜਾਂਦਾ। ਸ਼ਾਮ ਵੇਲੇ ਮੁੜਦਾ ਤਾਂ ਉਦੋਂ ਤੱਕ ਦੌਣ ਪਾਉਣ ਦਾ ਵੇਲਾ ਲੰਘ ਚੁੱਕਾ ਹੁੰਦਾ। ਕਈ ਵਾਰ ਮੈਂ ਕਿਹਾ, 'ਜਗਮੀਤ ਤੋਂ ਦੌਣ ਮੰਗਵਾ ਲੈ, ਉਂਜ ਵੀ ਵੀਹ ਵਾਰ ਜਾਂਦੈ ਦੁਕਾਨ 'ਤੇ।' ਉਹ ਪਤਾ ਨਹੀਂ ਕਿਉਂ ਮੈਨੂੰ ਚੰਗੀ ਤਰ੍ਹਾਂ ਜ਼ਿੰਮੇਵਾਰੀ ਦਾ ਅਹਿਸ-



ਾਸ ਕਰਾਉਣ ਉਤੇ ਤੁਲੀ ਹੋਈ ਹੈ। ਮੁੰਡਾ ਕਾਲਜ ਤੋਂ ਵੀ ਜਲਦੀ ਆ ਜਾਂਦਾ ਹੈ। ਅੱਧ ਵਿੱਚ ਤਾਂ ਘਰ ਹੀ ਹੁੰਦਾ ਹੈ, ਪਰ ਦੌਣ ਤਾਂ ਜਿਵੇਂ ਮੇਰੀ ਜ਼ਿੰਮੇਵਾਰੀ ਬਣ ਗਈ।

ਤਿੰਨੇ ਰਾਤਾਂ ਦੀ ਕਹਾਣੀ ਲਗਭਗ ਇਕੋ ਜਿਹੀ ਹੈ। ਹਰ ਰਾਤ ਮੈਂ ਕਿਸੇ ਤਰ੍ਹਾਂ ਟੁੱਟੀ ਦੌਣ ਵਾਲੇ ਮੰਜੇ ਉਤੇ ਮੱਛਰਦਾਨੀ ਲਾ ਲੈਂਦਾ ਹਾਂ। ਇਹ ਮੱਛਰ ਵੀ ਅੱਜ ਕੱਲ੍ਹ ਦੇ ਮੌਸਮ ਵਿੱਚ ਪਤਾ ਨਹੀਂ ਕਿੱਥੋਂ ਪੈਦਾ ਹੁੰਦਾ ਹੈ। ਬਾਹਰ ਤਾਂ ਹੋਣਾ ਹੀ ਹੈ, ਪਰ ਜੇ ਅੰਦਰ ਪਵੋ ਤਾਂ ਵੀ ਦਰਵਾਜ਼ਿਆਂ, ਖਿੜਕੀਆਂ ਦੀਆਂ ਵਿਰਲਾਂ ਰਾਹੀਂ ਅੰਦਰ ਪੁੱਜ ਜਾਂਦਾ ਹੈ। ਮੈਨੂੰ ਅੰਦਰ ਉਂਜ ਵੀ ਨੀਂਦ ਨਹੀਂ ਆਉਂਦੀ, ਗਰਮੀ ਵਿੱਚ ਮੇਰਾ ਦਮ ਘੁਟਦਾ ਹੈ। ਪੱਖੇ ਦੀ ਗਰਮ ਹਵਾ ਪਿੰਡਾ ਸਾੜਦੀ ਹੈ। ਮੈਨੂੰ ਪਹਿਲਾਂ ਤੋਂ ਬਾਹਰ ਪੈਣ ਦੀ ਆਦਤ ਹੈ। ਪਿਛਲੀਆਂ ਦੋਵੇਂ ਰਾਤਾਂ ਵਾਂਗ ਪਤਨੀ ਨੇ ਮੇਰਾ ਬਿਸਤਰਾ ਟੁੱਟੀ ਦੌਣ ਵਾਲੇ ਮੰਜੇ 'ਤੇ ਵਿਛਾ ਕੇ ਮੱਛਰਦਾਨੀ ਲਾ ਦਿੱਤੀ। ਇਸ ਨੂੰ ਟੁੱਟੀ ਹੋਈ ਦੌਣ ਵਾਲੇ ਮੰਜੇ ਦੀ ਥਾਂ ਜੇ ਦੌਣ ਹੀਣਾ ਮੰਜਾ ਕਹਾਂ ਤਾਂ ਵੀ ਕੋਈ ਫਰਕ ਨਹੀਂ ਪੈਣਾ ਕਿਉਂਕਿ ਜੋ ਦੌਣ ਤਾਂ ਇਸ ਵਿੱਚ ਨਾਂ ਦੀ ਹੀ ਹੈ, ਬਸ ਚਾਰ ਪੰਜ ਛਿੱਦੀਆਂ-ਛਿੱਦੀਆਂ ਬੋਦੀਆਂ ਜਿਹੀਆਂ ਰਸੀਆਂ। ਜਿੰਨੀ ਦੇਰ ਮੈਂ ਜਾਗਦਾ ਰਿਹਾ, ਬਚ ਕੇ ਪਿਆ ਰਿਹਾ।

ਪਤਾ ਨਹੀਂ ਕਦੋਂ ਮੇਰੀ ਅੱਖ ਲੱਗੀ ਤੇ ਮੇਰਾ ਪੈਰ ਦੌਣ ਦੀ ਬੋਦੀ ਹੋਈ ਰੱਸੀ 'ਤੇ ਰੱਖਿਆ ਗਿਆ। ਰੱਸੀ ਟੁੱਟਦੇ ਸਾਰ ਬਿਸਤਰਾ ਇਕ ਪਾਸਿਉਂ ਹੇਠਾਂ ਲਟਕ ਗਿਆ। ਮੱਛਰ ਜਿਵੇਂ ਹੜ੍ਹ ਦੇ ਪਾਣੀ ਵਾਂਗ ਡਾਫ ਲਾਈ ਖੜਾ ਸੀ, ਮੇਰੇ 'ਤੇ ਟੁੱਟ ਪਿਆ। ਜਦੋਂ ਮੱਛਰ ਦੇ ਹਮਲੇ ਨਾਲ ਜਾਗ ਖੁੱਲ੍ਹੀ ਤਾਂ ਮੈਂ ਚਾਦਰਾ ਉਪਰ ਲੈ ਲਿਆ।

ਮੇਰੇ ਕੋਲ ਨੇੜਲੇ ਮੰਜੇ 'ਤੇ ਪਤਨੀ ਅਤੇ ਉਸ ਤੋਂ ਅਗਲੇ ਮੰਜੇ 'ਤੇ ਮੇਰਾ ਪੁੱਤ ਜਗਮੀਤ ਸਿੰਘ ਹੈ, ਧੀ ਅੰਦਰ ਪਈ ਹੈ। ਜਗਮੀਤ ਦੇ ਪਾਸਾ ਬਦਲਣ ਨਾਲ ਮੰਜਾ ਖੜਕਿਆ। ਮੈਨੂੰ ਜਗਮੀਤ 'ਤੇ ਖਿੱਝ ਚੜ੍ਹੀ, 'ਮੈਂ ਇਹ ਬੇਆਰਾਮੀ ਇਸੇ ਕਾਰਨ ਭੁਗਤ ਰਿਹਾ ਹਾਂ। ਨਾ ਇਹ ਪਿਛਲੇ ਮਹੀਨੇ ਰੇਹੜਾ ਚੜ੍ਹਾ ਕੇ ਦੋ ਮੰਜਿਆਂ ਦੀਆਂ ਬਾਹੀਆਂ ਤੋੜਦਾ ਤੇ ਨਾ ਮੈਨੂੰ ਟੁੱਟੀ ਦੌਣ ਵਾਲੇ ਇਸ ਮੰਜੇ 'ਤੇ ਪੈਣਾ ਪੈਂਦਾ। ਇਸ ਤੋਂ ਤੋਂ ਵੱਛਾ ਹੀ ਸੰਭਾਲਿਆ ਨਹੀਂ ਗਿਆ। ਦੋ ਮੰਜਿਆਂ ਦੀਆਂ ਬਾਹੀਆਂ ਟੁੱਟ ਗਈਆਂ।' ਮੈਂ ਕਿਹਾ ਸੀ ਕਿ ਉਨ੍ਹਾਂ ਟੁੱਟੇ ਮੰਜਿਆਂ ਵਿੱਚੋਂ ਇਕ ਦੀ ਦੌਣ ਕੱਢ ਕੇ ਪਾ ਲੈਂਦਾ ਹਾਂ, ਪਰ ਪਤਨੀ ਨਹੀਂ ਮੰਨਦੀ।

ਕਹਿੰਦੀ, 'ਇਹਦੇ ਵਿੱਚ ਨਵੀਂ ਪਾਓ। ਦੂਜੇ ਮੰਜਿਆਂ ਨੂੰ ਮਿਸਤਰੀ ਬੁਲਾ ਕੇ ਠੀਕ ਕਰਾਉ।' ਸਤਵੀਰ ਮਿਸਤਰੀ ਨੂੰ ਕਈ ਵਾਰ ਕਿਹਾ ਵੀ ਹੈ, ਪਰ ਉਹ ਵੀ ਮੀਣਾ ਜਿਹਾ 'ਕਰ ਦੇਊ' ਕਹਿ ਕੇ ਮੁੜ ਨਹੀਂ ਬਹੁੜਿਆ।

ਮੈਂ ਚਾਦਰਾ ਲੈ ਕੇ ਲੰਮਾ ਪੈ ਗਿਆ। ਚਾਦਰਾ ਉਪਰ ਲੈਣ ਨਾਲ ਗਰਮੀ ਕਾਰਨ ਸਾਹ ਬੰਦ ਹੋਣ ਨੂੰ ਆਵੇ। ਮੈਂ ਉਠ ਬੈਠਾ ਤੇ ਮੱਛਰਦਾਨੀ ਖੋਲ੍ਹ ਕੇ ਝਾੜੀ। ਫਿਰ ਸੋਚਿਆ ਕਿ ਬਿਸਤਰਾ ਠੀਕ ਤਰ੍ਹਾਂ ਵਿਛਾ ਕੇ ਮੱਛਰਦਾਨੀ ਦੁਬਾਰਾ ਲਾ ਲਵਾਂ। ਜਦੋਂ ਮੈਂ ਬਿਸਤਰਾ ਠੀਕ ਕਰਕੇ ਵਿਛਾਉਣ ਲੱਗਾ ਤਾਂ ਦੌਣ ਦੋ ਥਾਂ ਤੋਂ ਟੁੱਟੀ ਹੋਈ। ਮੈਂ ਪਤਨੀ ਵੱਲ ਵੇਖਿਆ। ਉਹ ਘੁਰਾੜੇ ਮਾਰ ਰਹੀ ਸੀ, ਪਰ ਦੌਣ ਨੂੰ ਗੱਠ ਦੇਣ ਦਾ ਮੇਰਾ ਹੌਸਲਾ ਨਾ ਪਿਆ। ਪਰਸੋਂ ਇਸੇ ਤਰ੍ਹਾਂ ਪਤਨੀ ਨੂੰ ਸੁੱਤੀ ਸਮਝ ਕੇ ਮੈਂ ਦੌਣ ਨੂੰ ਗੱਠ ਦੇਣ ਲੱਗਾ ਸੀ ਕਿ ਉਸ ਦੀ ਅੱਖ ਖੁੱਲ੍ਹ ਗਈ ਸੀ। ਫਿਰ ਮੈਂ ਜਾਣਦਾ ਹਾਂ ਕਿ ਉਸ ਨੇ ਮੇਰੇ ਨਾਲ ਕਿੰਨੀ ਕੁਪੱਤ ਕੀਤੀ ਸੀ। ਆਪਣੀ ਮਾਂ ਦੀ ਆਵਾਜ਼ ਸੁਣ ਕੇ ਦੋਵੇਂ ਨਿਆਣੇ ਜਾਗ ਪਏ, ਪਰ ਮੈਂ ਜਾਗਦਾ ਹੀ ਸੌਂ ਗਿਆ ਸੀ। ਉਹ ਕਾਫੀ ਦੇਰ ਬੋਲਦੀ ਰਹੀ, ਨਾਲੇ ਮੇਰੀ ਘਰ ਅਤੇ ਆਉਣ ਵਾਲੀਆਂ ਪੀੜ੍ਹੀਆਂ ਪ੍ਰਤੀ ਵਫਾਦਾਰੀ ਦੀ ਘਾਟ ਦਾ ਉਲਾਂਭਾ ਦਿੰਦੀ ਰਹੀ ਸੀ।

ਇਸੇ ਲਈ ਅੱਜ ਗੱਠ ਦੇਣ ਦਾ ਮੇਰਾ ਹੌਸਲਾ ਨਾ ਪਿਆ। ਪਤਨੀ ਤੋਂ ਨਹੀਂ, ਡਰਦਾ ਤਾਂ ਮੈਂ ਅੰਧਰਾਤਾ ਹੋਣ ਤੋਂ ਵੀ ਸੀ, ਹੋਰ ਨਾ ਕਿਤੇ ਰਾਤ ਨੂੰ ਦਿਸਣੋਂ ਹੀ ਹਟ ਜਾਵੇ। ਮੈਂ ਉਸੇ ਤਰ੍ਹਾਂ ਚਾਦਰਾ ਲੈ ਕੇ ਲੰਮਾ ਪੈ ਗਿਆ, ਪਰ ਗਰਮੀ ਕਾਰਨ ਨੀਂਦ ਨਾ ਆਵੇ। ਆਖਰ ਇਕ ਹੱਲ ਲੱਭਿਆ। ਬਿਸਤਰਾ ਦੌਣ ਦੇ ਆਰੰਭ ਤੋਂ ਮੋੜ ਕੇ ਦੌਣ ਬਾਹਰ ਛੱਡ ਕੇ ਮੈਂ ਮੱਛਰਦਾਨੀ ਦੱਬ ਦਿੱਤੀ। ਮੱਛਰ ਤਾਂ ਅੰਦਰ ਨਾ ਆਇਆ ਅਤੇ ਮੈਂ ਲੱਤਾਂ ਮੋੜ ਕੇ ਗੱਠ ਜਿਹੀ ਬਣ ਕੇ ਲੰਮਾ ਪੈ ਗਿਆ। ਦਿਨ ਦਾ ਥੱਕਿਆ ਹੋਣ ਕਾਰਨ ਝੋਲੀ ਬਣੇ ਮੰਜੇ 'ਤੇ ਵੀ ਨੀਂਦ ਆ ਗਈ। ਫਿਰ ਦੋ ਕੁ ਘੰਟੇ ਬਾਅਦ ਜਾਗ ਖੁੱਲ੍ਹ ਗਈ ਜਦੋਂ ਮੇਰੀ ਲੱਤ ਸਿੱਧੀ ਹੋ ਗਈ ਤੇ ਮੱਛਰ ਫਿਰ ਅੰਦਰ ਵੜ ਆਇਆ। ਉਦੋਂ ਤੱਕ ਹਵਾ ਵਿੱਚ ਥੋੜ੍ਹੀ ਜਿਹੀ ਠੰਢਕ ਆ ਗਈ ਸੀ। ਮੈਂ ਚਾਦਰਾ ਸਿਰ ਤੱਕ ਖਿੱਚ ਲਿਆ। ਨੀਂਦ ਤਾਂ ਨਾ ਆਈ, ਪਰ ਰਾਤ ਗੁਜ਼ਰ ਗਈ। ਸਵੇਰੇ ਉਠ ਕੇ ਚਾਹ ਪਾਣੀ ਪੀ ਕੇ ਖੇਤ ਵੱਲ ਤੁਰਨ ਲੱਗਿਆ ਤਾਂ ਸੋਚਿਆ ਕਿ ਮੰਜੇ ਦੀ ਟੁੱਟੀ ਦੌਣ ਨੂੰ ਹੁਣੇ ਗੱਠ ਮਾਰ ਜਾਵਾਂ। ਪਤਨੀ ਨੇ ਬਿਸਤਰਾ ਇਕੱਠਾ ਕਰ ਦਿੱਤਾ ਸੀ। ਮੈਂ ਦੌਣ ਨੂੰ ਗੰਢ ਦੇ ਕੇ ਬਿਸਤਰਾ ਵਿਛਾ ਕੇ ਵੇਖਣ ਲੱਗਾ ਅਤੇ ਤੱਸਲੀ ਕਰ ਲਈ।

ਸਾਰਾ ਦਿਨ ਖੇਤ ਵਿੱਚ ਲੰਘ ਗਿਆ। ਸ਼ਾਮ ਨੂੰ ਅਜੇ ਘਰ ਵੜਿਆ ਸੀ ਕਿ ਪਤਨੀ ਬੋਲੀ, 'ਦੌਣ ਹੁਣੇ ਲਿਆ ਕੇ ਰੱਖ ਲਉ, ਸਵੇਰੇ ਪਾ ਲਿਓ, ਫੇਰ ਸਵੇਰੇ ਲਾਲਾ ਨ੍ਹੀਂ ਮਿਲਦਾ ਹੱਟੀ ਵਿੱਚ।'

ਮੈਂ ਸੁਣ ਕੇ ਦੁਕਾਨ ਵੱਲ ਤੁਰ ਪਿਆ। ਦੌਣ ਖਰੀਦ ਕੇ ਘਰ ਆ ਕੇ ਵਿਹੜੇ ਵਿੱਚ ਕੰਧ 'ਤੇ ਲੱਗੇ ਕਿੱਲੇ ਉਤੇ ਟੰਗ ਦਿੱਤੀ। ਸੂਰਜ ਛਿਪਿਆ ਤਾਂ ਪਤਨੀ ਨੇ ਫਿਰ ਉਹੀ ਟੁੱਟੀ ਦੌਣ ਵਾਲਾ ਮੰਜਾ ਮੇਰੇ ਲਈ ਡਾਹ ਦਿੱਤਾ। ਪਿਛਲੇ ਚਾਰ ਦਿਨਾਂ ਤੋਂ ਤਿੰਨੇ ਜੀਅ ਮੇਰੇ ਤੋਂ ਪਹਿਲਾਂ ਮੰਜੇ ਮੱਲ ਲੈਂਦੇ ਹਨ ਜਿਵੇਂ ਤਿੰਨਾਂ ਨੇ ਕੋਈ ਸਲਾਹ ਕੀਤੀ ਹੋਵੇ। ਸਵੇਰ ਦੀਆਂ ਦਿੱਤੀਆਂ ਗੱਠਾਂ ਕਾਰਨ ਮਨ ਨੂੰ ਤਸੱਲੀ ਹੋਈ। ਮੱਛਰਦਾਨੀ ਬੜੀ ਸਾਵਧਾਨੀ ਨਾਲ ਬਿਸਤਰੇ ਹੇਠ ਦੱਬ ਲਈ, ਪਰ ਘੰਟੇ ਕੁ ਦੀ ਨੀਂਦ ਤੋਂ ਬਾਅਦ ਫਿਰ ਰੱਸੀ ਟੁੱਟ ਗਈ। ਪਿਛਲੀਆਂ ਰਾਤਾਂ ਦਾ ਸੰਘਰਸ਼ ਫਿਰ ਸ਼ੁਰੂ ਹੋ ਗਿਆ। ਚਾਦਰਾ ਲੈਂਦਾ ਤਾਂ ਗਰਮੀ ਲੱਗਦੀ, ਨਾ ਲੈਂਦਾ ਤਾਂ ਮੱਛਰ ਵੱਢਦਾ। ਕੰਧ 'ਤੇ ਲਟਕਦੀ ਦੌਣ ਵੇਖ ਕੇ ਮੇਰਾ ਮਨ ਕਰੇ ਕਿ ਨਵੀਂ ਦੌਣ ਪਾ ਲਵਾਂ, ਪਰ ਹੌਸਲਾ ਨਾ ਪਿਆ। ਮੈਂ ਨੇੜਲੇ ਮੰਜੇ 'ਤੇ ਪਈ ਜਗਮੀਤ ਵੱਲ ਵੇਖਿਆ। ਮੈਂ ਸੋਚਿਆ, 'ਮੇਰੇ ਤਾਂ ਮੁੰਡਾ ਹੈ।' ਫਿਰ ਇਹ ਸੋਚ ਕੇ ਰੁਕ ਗਿਆ ਕਿ ਕਿਤੇ ਜਗਮੀਤ ਦੇ ਕੁੜੀਆਂ..।

ਫਿਰ ਪਤਾ ਨਹੀਂ ਕਦੋਂ ਮੇਰੀ ਸੋਚ ਬੀਰੇ ਤੇ ਹੋਰ ਦੋ-ਦੋ, ਤਿੰਨ-ਤਿੰਨ ਕੁੜੀਆਂ ਵਾਲਿਆਂ 'ਤੇ ਚਲੇ ਗਈ। ਫਿਰ ਸ਼ਰੀਕੇ ਵਿੱਚੋਂ ਆਪਣੇ ਚਾਚੇ ਦੇ ਮੁੰਡੇ ਜਰਨੈਲ ਬਾਰੇ ਸੋਚਿਆ ਜੋ ਸ਼ਹਿਰ ਰਹਿੰਦਾ ਹੈ। ਉਸ ਦੇ ਚਾਰ ਕੁੜੀਆਂ ਹਨ, ਪਰ ਉਹ ਤਾਂ ਕੀ, ਉਸ ਦੇ ਪਿਓ ਨੇ ਵੀ ਕਦੇ ਮੰਜੇ ਉੱਤੇ ਪੈ ਕੇ ਨਹੀਂ ਵੇਖਿਆ ਹੋਣਾ, ਉਨ੍ਹਾਂ ਨੇ ਕੁਵੇਲੇ ਦੌਣ ਕਦੋਂ ਪਾ ਲਈ! ਉਨ੍ਹਾਂ ਦੇ ਤਾਂ ਬੈਡ ਨੇ। ਮੇਰੀ ਸੋਚ ਨੇ ਕਾਢ ਕੱਢੀ। ਫਿਰ ਵੀ ਮੇਰਾ ਦੌਣ ਪਾਉਣ ਦਾ ਹੌਸਲਾ ਨਾ ਪਵੇ। ਕਦੇ ਮੈਨੂੰ ਕੁੜੀਆਂ ਡਰਾਉਣ, ਕਦੇ ਅੰਧ-ਰਾਤਾ। ਫਿਰ ਸੋਚਿਆ ਕਿ ਕੁੜੀਆਂ ਕਿਹੜੀ ਗੱਲੋਂ ਮੁੰਡਿਆਂ ਤੋਂ ਮਾੜੀਆਂ ਨੇ, ਹੁਣ ਤਾਂ ਸਗੋਂ ਹਰ ਖੇਤਰ ਵਿੱਚ ਕੁੜੀਆਂ ਮੁੰਡਿਆਂ ਤੋਂ ਵਧ ਕੇ ਨੇ। ਦੂਜੀ ਰਹੀ ਅੰਧ-ਰਾਤਾ ਹੋਣ ਦੀ ਗੱਲ, ਮੈਂ ਕਿਹੜਾ ਰਾਤ ਨੂੰ ਸੂਈ ਵਿੱਚ ਧਾਗਾ ਪਾਉਣੈ ਜਾਂ ਰੌਲ ਲਾਉਣੀ ਐ। ਇਸੇ ਤਰ੍ਹਾਂ ਘੰਟਾ ਕੁ ਸੋਚ ਦੇ ਘੋੜੇ ਭੱਜਦੇ ਰਹੇ। ਕਦੇ ਮੇਰਾ ਮਨ ਦੌਣ ਪਾਉਣ ਨੂੰ ਕਰਦਾ, ਪਰ ਫਿਰ ਮੈਂ ਡਰ ਜਾਂਦਾ। ਆਖਰ ਗਿਆਰਾਂ ਕੁ ਵਜੇ ਮੈਂ ਪਤਨੀ ਦੇ ਮੰਜੇ ਵੱਲ ਨੂੰ ਤੁਰ ਪਿਆ। ਉਹ ਘੂਕ ਸੁੱਤੀ ਪਈ ਸੀ। ਮੈਨੂੰ ਤਸੱਲੀ ਹੋਈ। ਮੈਂ ਜਾ ਕੇ ਕਿੱਲੇ ਤੋਂ ਦੌਣ ਲਾਹ ਲਈ।

ਦੌਣ ਚੁੱਕ ਕੇ ਮੈਂ ਫਿਰ ਪਤਨੀ ਵੱਲ ਵੇਖਿਆ। ਉਹ ਮੇਰੇ ਵੱਲ ਪਿੱਠ ਕਰੀ ਪਈ ਸੀ। ਮੈਂ ਦੌਣ ਪਾਉਣੀ ਸ਼ੁਰੂ ਕਰ ਦਿੱਤੀ। ਅਚਾਨਕ ਮੰਜਾ ਖੜਕਿਆ। ਮੈਂ ਵੇਖਿਆ, ਪਤਨੀ ਨੇ ਕਰਵਟ ਬਦਲੀ ਸੀ। ਉਸ ਦਾ ਮੂੰਹ ਹੁਣ ਮੇਰੇ ਵੱਲ ਸੀ। ਮੈਂ ਉਸੇ ਤਰ੍ਹਾਂ ਦੌਣ ਸਮੇਤ ਲੰਮਾ ਪੈ ਗਿਆ। ਦੌਣ ਮੇਰੇ ਗਲ ਵਿੱਚ ਫਸ ਗਈ। ਮੇਰਾ ਮਨ ਕਰਦਾ ਕਿ ਇਸੇ ਨਾਲ ਗਲ ਫਾਹਾ ਲੈ ਕੇ ਦਰੱਖਤ ਨਾਲ ਲਟਕ ਜਾਵਾਂ। ਮੈਨੂੰ ਜਾਪਿਆ, ਜਿਵੇਂ ਮੇਰੀਆਂ ਅੱਖਾਂ ਅੱਗੇ ਹਨੇਰਾ ਜਿਹਾ ਛਾ ਰਿਹਾ ਹੋਵੇ। ਮੈਨੂੰ ਆਪਣਾ ਆਲਾ ਦੁਆਲਾ ਧੁੰਦਲਾ ਜਿਹਾ ਦਿਸਿਆ। ਮੇਰਾ ਦਿਲ ਅਣਜਾਣ ਡਰ ਨਾਲ ਭਰ ਗਿਆ। ਮੈਂ ਅੱਖਾਂ ਝਪਕੀਆਂ ਤੇ ਅੱਖਾਂ ਬੰਦ ਕਰਕੇ ਪੰਜ ਸੱਤ ਕੁ ਮਿੰਟ ਪਿਆ ਰਿਹਾ। ਮੱਛਰ ਨੇ ਬਹੁਤੀ ਦੇਰ ਮੈਨੂੰ ਇਸ ਤਰ੍ਹਾਂ ਵੀ ਪੈਣ ਨਾ ਦਿੱਤਾ। ਜਦੋਂ ਮੈਂ ਦੁਬਾਰਾ ਅੱਖਾ ਖੋਲ੍ਹੀਆਂ ਤਾਂ ਮੇਰੀ ਨਜ਼ਰ ਠੀਕ ਸੀ। ਮੈਂ ਤਾਰਿਆਂ ਵੱਲ ਤੱਕਿਆ। ਸਾਰੇ ਤਾਰਾ ਸਮੂਹ ਅਤੇ ਆਕਾਸ਼ਗੰਗਾ ਦੇ ਛੋਟੇ ਵੱਡੇ ਤਾਰੇ ਮੈਨੂੰ ਸਾਫ ਨਜ਼ਰ ਆਏ। ਮੇਰੇ ਮਨ ਨੂੰ ਤਸੱਲੀ ਹੋਈ। 'ਕੁਝ ਨ੍ਹੀਂ ਹੁੰਦਾ, ਇਹ ਸਭ ਵਹਿਮ ਨੇ,' ਮੇਰੇ ਮਨ ਦੇ ਕਿਸੇ ਹਿੱਸੇ ਵਿੱਚੋਂ ਸੋਚ ਜਾਗੀ।

ਅੱਧੇ ਕੁ ਘੰਟੇ ਬਾਅਦ ਪਤਨੀ ਨੇ ਫਿਰ ਕਰਵਟ ਲੈ ਕੇ ਮੇਰੇ ਵੱਲ ਪਿੱਠ ਕਰ ਲਈ। ਮੈਂ ਉਠ ਕੇ ਉਸ ਦੇ ਸੁੱਤੀ ਹੋਣ ਦੀ ਤਸੱਲੀ ਕੀਤੀ ਅਤੇ ਛੇਤੀ-ਛੇਤੀ ਪੂਰੀ ਦੌਣ ਕੱਸ ਲਈ ਅਤੇ ਮੱਛਰਦਾਨੀ ਲਾ ਕੇ ਲੰਮਾ ਪੈ ਗਿਆ। ਕੱਸੇ ਮੰਜੇ 'ਤੇ ਛੇਤੀ ਹੀ ਨੀਂਦ ਆ ਗਈ।

'ਟਲੇ ਨ੍ਹੀਂ ਫੇਰ, ਕਰ 'ਤੀ ਉਹੀ ਕਰਤੂਤ!' ਪਤਨੀ ਨੇ ਸਵੇਰੇ ਮੈਨੂੰ ਹਲੂਣਦਿਆਂ ਕਿਹਾ।


'ਕਿਹੜੀ ਕਰਤੂਤ?' ਮੈਂ ਪੁੱਛਿਆ।

'ਇਹੀ ਦੌਣ ਰਾਤ ਨੂੰ ਪਾ 'ਤੀ।' ਉਹ ਦੌਣ ਦੀ ਰੱਸੀ ਫੜਦੀ ਹੋਈ ਗੁੱਸੇ ਨਾਲ ਬੋਲੀ।

'ਰਾਤ ਨੂੰ ਕਾਹਨੂੰ ਤੜਕੇ ਪਾਈ ਆ, ਚਾਰ ਵਜੇ।' ਮੈਂ ਕਿਹਾ।

'ਚਲੋ ਸ਼ੁਕਰ ਐ ਨਹੀਂ ਤਾਂ..।' ਕਹਿੰਦੀ ਹੋਈ ਉਹ ਰਸੋਈ ਵਿੱਚ ਵੜ ਗਈ।

# Dr. Randhawa Dentistry



*Your own dentist who really cares for you*

**We Provide the following Services:**

- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

**Dr. Samreet Kaur Randhawa**
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

**NEW LOCATION**
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!



**FIRST LOCATION**
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
DENTISTRY
Squire Ellis Dr
Gore Rd
Countryside Dr

# ਘਰ ਵੇਚਣਾ ਜਾਂ ਖਰੀਦਣਾ ਚਾਹੁੰਦੇ ਹੋ?



Anabela Serra
Sales Representative


ਸੰਪਰਕ ਕਰੋ:
416-400-5825

ROYAL LEPAGE
SUPREME REALTY, BROKERAGE
INDEPENDENTLY OWNED AND OPERATED

You're Invited To..
**OPEN HOUSE**
Saturday/Sunday 2pm to 4pm

"ਟੋਰਾਂਟੋ ਵਿੱਚ ਬਹੁਤ ਹੀ ਵਧੀਆ ਲੋਕੇਸ਼ਨ ਤੇ"

1 Lagos Road | Etobicoke, Ontario



This Astounding Fully Renovated 3 Bedroom Home Features Top Quality Materials With Tasteful Finishes, Great Workmanship And Attention To Detail. Gleaming Hardwood Flooring Throughout, And 3 Sparkling New Bathrooms. Brand New Stainless Steel Appliances In Chefs Delight Kitchen. Separate Entrance To Basement, Possibility Of A Bachelor Apartment. Steps Away From Elementary School, Parks, Kipling Plaza And Public Library.

For More listings Visit anabelaserra.com

# NEED A LAWYER ??

Red Seal NOTARY

# KAUR LAW OFFICE



**MANJEET KAUR**
LL.B., (London UK)
Barrister, Solicitor & Notary Public

**REAL ESTATE LAWYER**
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage

**IMMIGRATION**
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application

**FAMILY LAWYER**
- Child & Spousal support
- Custody & Access
- Divorce
- Equalization

**BUSINESS LAW**
- Incorporation & Shareholder agreements
- Sales & Purchase of Assets & Shares
- Notarization & Affidavits

**WILLS & ESTATE**
- Wills
- Certificate of Estate Trustee with/without Will
- Power of attorney for Property & Personal Care

Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

FRANCHISES REQUIRED for Greece, Italy, Austria, Germany, Spain

# PERMANENT IMMIGRATION
Canada within 6-12 Months

*We have confirmed job offers from Canadian Employers for:*

- Cooks
- Truck Drivers
- Auto/Diesel Mechanics
- Dairy Farm Workers
- Welders
- IT Technician
- Nurses
- Machinist
- Carpenters
- Brick Layer
- Food & Beverage Supervisors
- Meat Cutters
- Air Condition Technicians
- Fish Plant Workers
- Construction Workers
- & lots of other Positions

Invest $200,000 (CAD) & Immigrate with family under Business Immigration



**Subhash Punia**
Immigration Counsel

Fast Track Immigration Under INVESTORS CLASS IMMIGRATION

**Atlantic Immigration**

By Appointment
MON-FRI
9:30AM - 5:30PM

2980 Drew rd. #230, Mississauga, ON L4T 0A7 | 905.362.0202 | 905.362.2158

# ASIAN FOOD CENTRE



## FRESH & LARGE VARIETY

| | | |
|---|---|---|
| Bread , Derry & Eggs | Fruits & Vegetables | Sweet & Samosas |
| Branded Foods | Beverages & Confectionery | Grocery & Staples |

*VEGETARIAN FOOD*
*HEALTHY EATING*



## SERVING FROM 10 LOCATIONS IN ALL THE GTA AREA:

10 Westmore Drive
Etobicoke ON M9V-3Z7
416-740-3262

2120 North park Drive
Brampton ON L6S 0C9
905-793-1338

10510 Torbram Road,
Brampton
905-790-0030

308 Eddystone Ave
North York ON M3N-1H7
416-740-3360

621 Wanless drive, # 122
Brampton ON L7A 0A9
905-495-3336

284 Orenda Road #13
Brampton ON L6T 5S3
905-450-9167

10 Pannahill Dr,
Brampton
905 913-8017

80 Pertosa Drive
Brampton ON L5X-5E9
905-460-0009

1075 Ceremonial Drive
Mississauga ON L5R 2Z4
905-502-1600

21 Lacoste Blvd,
Brampton, ON L6P 2K2
905 794-8109

